
ਦੋ ਦੀਵੇ ਇਕ ਜੋਤਿ
ਜਸਵੰਤ ਸਿੰਘ ਪ੍ਰਵਾਨਾ
ਦੋ ਦੀਵੇ ਇਕ ਜੋਤਿ
ਸਿੰਘ ਸਾਹਿਬ
ਗਿਆਨੀ ਜਸਵੰਤ ਸਿੰਘ ਪ੍ਰਵਾਨਾ

# ਦੋ ਦੀਵੇ ਇਕ ਜੋਤ

ਲੇਖਕ
ਗਿਆਨੀ ਜਸਵੰਤ ਸਿੰਘ ਪ੍ਵਾਨਾ
ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ

## ਪਉੜੀ

### ਮਾਰੂ ਮਹਲਾ ੫ ਡਖਣੇ

ਜਾ ਤੂੰ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥
ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥
ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥
ਏਹ ਵੈਰੀ ਮਿਤਰ ਸਭਿ ਕੀਤਿਆ ਨਹ ਮੰਗਹਿ ਮੰਦਾ ॥
ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥
ਅਨੰਦ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥
ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥

ਪੰਨਾ ੧੦੯੩

# ਭੂਮਿਕਾ

## ਕਰਨੀ, ਕਥਨੀ ਅਤੇ ਕਲਮ ਦੇ ਧਨੀ
## ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪ੍ਰਵਾਨਾ

ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪ੍ਰਵਾਨਾ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਆਪ ਜੀ ਸਿੱਖ ਪੰਥ ਦੇ ਉਂਗਲੀਆਂ ਤੇ ਗਿਣੇ ਜਾਣ ਵਾਲੇ ਉਚ ਕੋਟੀ ਦੇ ਪ੍ਰਚਾਰਕਾਂ ਵਿਚੋਂ ਇਕ ਹਨ। ਮਾਨਯੋਗ ਪ੍ਰਵਾਨਾ ਜੀ ਨੂੰ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਾਨਯੋਗ ਬਾਬਾ ਬੁੱਢਾ ਜੀ ਦੇ ਸਥਾਨ ਤੇ ਗ੍ਰੰਥੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਆਪ ਜੀ ਦਾ ਸੁਭਾਅ ਮਿਲਵਰਤਨ ਵਾਲਾ, ਸਹਿਣਸ਼ੀਲ ਅਤੇ ਪਰਉਪਕਾਰੀ ਹੈ। ਬੋਲ ਵਿਚ ਹਲੀਮੀ, ਮਿਠਾਸ, ਹਾਸ ਰਸ ਤੇ ਗੰਭੀਰਤਾ ਹੈ। ਓਪਰਿਆਂ ਨੂੰ ਆਪਣਾ ਬਣਾ ਲੈਣ ਦੀ ਪੂਰਨ ਯੋਗਤਾ ਹੈ। ਜਿਸ ਕਾਰਨ ਦੇਸ- ਪ੍ਰਦੇਸ ਦੀਆਂ ਸੰਗਤਾਂ ਨਾਲ ਆਪ ਜੀ ਦੀ ਅਪਣੱਤ ਭਰੀ ਸਾਂਝ ਹੈ। ਆਪ ਜੀ ਨਿਤਨੇਮੀ ਅਤੇ ਉੱਚੇ ਜੀਵਨ ਦੇ ਮਾਲਕ ਹਨ।

ਸਿੱਖ ਕੌਮ ਪਾਸ ਬਹੁਤ ਘਟ ਨਾਮਵਰ ਕਥਾ-ਵਾਚਕ ਹਨ ਜੋ ਗੁਰਮਤਿ ਸਿਧਾਂਤ ਦੀ ਫ਼ਲਸਫ਼ਾਨਾ ਵਿਆਖਿਆ ਕਰ ਸਕਦੇ ਹਨ। ਉਨ੍ਹਾਂ ਵਿਚੋਂ ਕੁਝ ਇਕ ਹਨ ਜੋ ਬੋਲਣ ਦੇ ਨਾਲ ਨਾਲ ਲਿਖਣ ਦੀ ਯੋਗਤਾ ਵੀ ਰਖਦੇ ਹਨ। ਸਤਿਗੁਰੂ ਪਾਤਸ਼ਾਹ ਜੀ ਨੇ ਪ੍ਰਵਾਨਾ ਜੀ ਨੂੰ ਇਹ ਸਭੇ ਸਿਫਤਾਂ ਬਖਸ਼ੀਆਂ ਹਨ। ਆਪ ਜੀ ਨੇ ਪਿਛਲੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਚਾਰ ਪੁਸਤਕਾਂ ਗੁਰਮਤਿ ਪ੍ਰੇਮੀਆਂ ਨੂੰ ਦਿੱਤੀਆਂ ਹਨ। ਸਿੱਖ ਸਿਧਾਂਤਾਂ ਦੀ ਵਿਆਖਿਆ ਹੋਰ ਸਬੰਧਤ ਸਮੱਗਰੀ ਨਾਲ ਭਰਪੂਰ ਹੋਣ ਕਰਕੇ ਸਿੱਖ ਸੰਗਤਾਂ ਵਲੋਂ ਆਪ ਜੀ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ।

ਗੁਰੂ ਪਾਤਸ਼ਾਹ ਪਾਸ ਅਰਦਾਸ ਹੈ ਕਿ ਆਪ ਜੀ ਦੀ ਕਲਮ ਅਤੇ ਜ਼ਬਾਨ ਨੂੰ ਹੋਰ ਬਲ ਅਤੇ ਰਸ ਬਖਸ਼ਣ ਤਾਂ ਜੋ ਆਪ ਦੇਸ-ਪ੍ਰਦੇਸ ਵਿਚ ਗੁਰੂ ਪੰਥ ਦੀ ਵਧ ਚੜ੍ਹ ਕੇ ਸੇਵਾ ਕਰਦੇ ਹੋਏ ਪ੍ਰਚਾਰਕ ਸ਼੍ਰੇਣੀ ਦੇ ਮਾਣ ਵਿਚ ਹੋਰ ਵਾਧਾ ਕਰ ਸਕਣ।

ਗੁਰਮਤਿ ਪ੍ਰੇਮੀਆਂ ਦਾ ਦਾਸ
ਗੁਰਬਖਸ਼ ਸਿੰਘ ਗੁਲਸ਼ਨ
ਮੁਖ ਸੇਵਾਦਾਰ
ਇੰਟਰਨੈਸ਼ਨਲ ਸਿੱਖ ਪ੍ਰੀਚਰਜ਼ ਸੁਸਾਇਟੀ, ਯੂ.ਕੇ.

20 ਮਈ 1993

# ਦੋ ਸ਼ਬਦ

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ*
*ਗੋਬਿੰਦ ਬਿਨੁ ਨਹੀ ਕੋਈ॥*

ਆਸਾ ਸ੍ਰੀ ਨਾਮ ਦੇਵ ਜੀ ਪੰਨਾ ੪੮੫

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੇਖੀਏ, ਪੜ੍ਹੀਏ ਵਿਚਾਰੀਏ ਤਾਂ ਇਹ ਤੱਥ ਸਾਹਿਬਾਂ ਨੇ ਸਾਡੇ ਸਾਹਮਣੇ ਰੱਖੇ ਹਨ ਕਿ ਪ੍ਰਮਾਤਮਾ ਤੋਂ ਬਿਨਾਂ ਕੋਈ ਥਾਂ ਨਹੀਂ। ਹਰ ਥਾਂ ਤੇ ਪ੍ਰਮਾਤਮਾ ਵਿਆਪਕ ਹੈ!

ਇਹੀ ਕਾਰਨ ਹੈ ਕਿ ਜਿਨ੍ਹਾਂ ਮਹਾਂਪੁਰਖਾਂ ਦੀ ਇਹ ਦ੍ਰਿਸ਼ਟੀ ਬਣ ਗਈ ਸੀ ਕਿ ਉਨ੍ਹਾਂ ਨੂੰ ਹਰ ਥਾਂ ਤੇ ਪ੍ਰਮਾਤਮਾ ਹੀ ਪ੍ਰਮਾਤਮਾ ਦਿੱਸਦਾ ਸੀ, ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤਾ ਗਿਆ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਬੰਦਾ ਜਦੋਂ ਇਹ ਗੱਲ ਸੁਣਦਾ ਹੈ ਕਿ ਸਾਰਿਆਂ ਵਿੱਚੋਂ ਰੱਬ ਹੈ ਤਾਂ ਹਾਂ ਵਿਚ ਹਾਂ ਵੀ ਮਿਲਾ ਦੇਂਦਾ ਹੈ ਪਰ ਅੰਦਰੋਂ ਮੰਨਦਾ ਨਹੀਂ। ਜਦੋਂ ਤਕ ਅੰਦਰੋਂ ਦੂਈ ਨਹੀਂ ਮੁੱਕਦੀ, ਸਾਰੇ ਥਾਵਾਂ ਤੇ ਪ੍ਰਮਾਤਮਾ ਮੰਨਣ ਲਈ ਮਨ ਤਿਆਰ ਨਹੀਂ ਹੁੰਦਾ। ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਕੋਈ ਵੀ ਬੰਦਾ ਜਿੰਨਾ ਆਪਣੇ ਧਾਰਮਕ ਅਸਥਾਨ ਦਾ, ਆਪਣੇ ਧਾਰਮਕ ਗ੍ਰੰਥ ਦਾ ਸਨਮਾਨ ਕਰਦਾ ਹੈ, ਉੱਨਾ ਦੂਸਰਿਆਂ ਦੇ ਧਾਰਮਕ ਅਸਥਾਨ ਤੇ ਧਾਰਮਕ ਗ੍ਰੰਥ ਦਾ ਕੌਣ ਸਨਮਾਨ ਕਰਦਾ ਹੈ। ਕਿਸੇ ਰਾਜਨੀਤਕ ਦਾ ਇਹ ਕਹਿਣਾ ਕਿ ਮੈਂ ਤਾਂ ਸਾਰੇ ਗ੍ਰੰਥਾਂ, ਸਾਰੇ ਧਾਰਮਕ ਅਸਥਾਨਾਂ ਦਾ ਬਰਾਬਰ ਸਨਮਾਨ ਕਰਦਾ ਹਾਂ, ਇਹ ਸਿਰਫ ਰਾਜਨੀਤੀ ਹੀ ਹੁੰਦੀ ਹੈ। ਉਹ ਕਿਸੇ ਵੀ ਧਰਮ ਦਾ ਸਨਮਾਨ ਨਹੀਂ ਕਰਦਾ। ਦਿਲੋਂ ਜੇ ਕਿਸੇ ਮਹਾਂਪੁਰਖ ਨੇ ਐਸਾ ਕੀਤਾ ਹੈ ਤਾਂ ਉਸਦੀ ਉਮਰ ਬੜੀ ਥੋੜ੍ਹੀ

ਹੁੰਦੀ ਹੈ। ਸਾਰਾ ਆਲਾ-ਦੁਆਲਾ ਉਸ ਦੇ ਖਿਲਾਫ਼ ਹੁੰਦਾ ਹੈ। ਉਸ ਨੂੰ ਕਾਫ਼ਰ ਆਖ ਕੇ ਭੰਡਿਆ ਜਾਂਦਾ ਹੈ ਤੇ ਕਈ ਵਾਰ ਮਾਰ ਵੀ ਦਿੱਤਾ ਜਾਂਦਾ ਹੈ। ਪਰ ਆਖਰ ਰੱਬ ਨੇ ਉਨ੍ਹਾਂ ਨੂੰ ਐਸੀ ਅੱਖ ਦਿੱਤੀ ਹੈ ਜਿਸ ਨਾਲ ਉਨ੍ਹਾਂ ਨੇ ਵੇਖਿਆ ਹੈ ਤੇ ਸਾਰੇ ਥਾਵਾਂ ਤੇ ਉਨ੍ਹਾਂ ਨੂੰ ਪ੍ਰਮਾਤਮਾ ਨਜ਼ਰ ਆਇਆ ਹੈ।

ਹੋ ਸਕਦਾ ਹੈ, ਜਿਨ੍ਹਾਂ ਬੰਦਿਆਂ ਨੂੰ ਈਰਖਾ ਦਵੈਸ਼ ਵਿਚ ਹੀ ਰਸ ਆਉਂਦਾ ਹੋਵੇ, ਜਿਨ੍ਹਾਂ ਨੂੰ ਜੀਵਨ ਦੀਆਂ ਵੰਡੀਆਂ ਪਾਉਣ ਵਿਚ ਹੀ ਸੁਆਦ ਮਿਲਦਾ ਹੋਵੇ, ਜੀਵਨ ਦਾ ਇੱਕੋ ਤੋਂ ਪੈਦਾ ਹੋਣਾ ਤੇ ਇਕੋ ਵਿਚ ਸਮਾ ਜਾਣਾ ਉਨ੍ਹਾਂ ਨੂੰ ਨਾ ਜਚੇ। ਇਹ ਮੇਰੇ ਵੱਸ ਦੀ ਗੱਲ ਨਹੀਂ ਕਿ ਉਹ ਜ਼ਰੂਰ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣ ਪਰ ਮੈਨੂੰ ਇਕ ਆਸ ਹੈ ਤੇ ਇਹ ਆਸ ਉਨ੍ਹਾਂ ਅਨੁਭਵੀ ਨਾਮ-ਅਭਿਆਸੀ ਗੁਰਸਿਖਾਂ ਤੋਂ ਹੈ ਜਿਨ੍ਹਾਂ ਅਨੇਕਤਾ ਵਿਚ ਰਹਿੰਦਿਆਂ ਵੀ ਇਕ ਦੀ ਇਕਾਗ੍ਰਤਾ ਦਾ ਅਨੰਦ ਮਾਣਿਆ ਹੈ। ਉਹ ਇਨ੍ਹਾ ਵਿਚਾਰਾ ਨਾਲ ਸਹਿਮਤ ਹੋਣਗੇ ਕਿ ਹਰ ਦਿਨ 'ਚੋਂ ਰਾਤ ਨਿਕਲਦੀ ਹੈ ਤੇ ਰਾਤ ਵਿਚੋਂ ਦਿਨ, ਹਰ ਨਾਰੀ ਤੋਂ ਪੁਰਸ਼ ਪੈਦਾ ਹੁੰਦਾ ਹੈ, ਪੁਰਸ਼ ਤੋਂ ਨਾਰੀ, ਹਰ ਸੁਖ ਤੋਂ ਬਾਅਦ ਦੁਖ ਹੈ ਅਤੇ ਦੁਖ ਤੋਂ ਬਾਅਦ ਸੁੱਖ ਹੈ। ਹਰ ਪ੍ਰੇਸ਼ਾਨੀ ਤੋਂ ਬਾਅਦ ਸ਼ਾਂਤੀ ਹੈ। ਸ਼ਾਂਤੀ ਤੋਂ ਬਾਅਦ ਪ੍ਰੇਸ਼ਾਨੀ, ਹਰ ਪਾਪੀ ਬਾਲਮੀਕ ਵਰਗਾ ਰਿਸ਼ੀ ਬਣ ਸਕਦਾ ਹੈ, ਅਚਾਨਕ ਹੀ ਭਲਿਆਈ ਵਿਚੋਂ ਬੁਰਿਆਈ ਜਨਮ ਲੈਂਦੀ ਹੈ। ਹਰ ਅਰੋਗਤਾ ਤੋਂ ਬਾਅਦ ਰੋਗ ਹੈ, ਰੋਗ ਤੋਂ ਬਾਅਦ ਅਰੋਗਤਾ ਹੈ। ਹੁਣ ਤਾਂ ਅਸੀਂ ਵੰਡ ਕਰ ਲਈ ਹੈ ਕਿ ਬੁਰੇ ਕਰਮਾਂ ਨਾਲ ਬੰਦਾ ਬੁਰਾ ਹੁੰਦਾ ਹੈ, ਦੁਖੀ ਹੁੰਦਾ ਹੈ, ਬਦਨਾਮ ਹੁੰਦਾ ਹੈ। ਆਖਰ ਨਰਕਾਂ ਦਾ ਅਧਿਕਾਰੀ ਹੁੰਦਾ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਭ ਤੋਂ ਪਹਿਲਾ ਬੰਦਾ ਜਿਹੜਾ ਇਸ ਸੰਸਾਰ ਤੇ ਬੁਰਾ ਬਣ ਕੇ ਆਇਆ ਸੀ, ਉਸ ਨੂੰ ਕਿਹੜੇ ਕਰਮ ਦੀ ਸਜ਼ਾ ਮਿਲੀ ਸੀ।

*ਕਰਮ ਬਧੁ ਤੁਮ ਜੀਉ ਕਹਤ ਹੌ*
*ਕਰਮਹਿ ਕਿਨਿ ਜੀਉ ਦੀਨੁ ਰੇ।*

ਗੋਂਡ ਕਬੀਰ ਜੀ ਪੰਨਾ ੮੭੦

ਸਭ ਤੋਂ ਪਹਿਲਾ ਦੁਖੀ ਬੰਦਾ ਕਿਸ ਕਾਰਨ ਦੁਖੀ ਸੀ, ਅੱਜ ਤਾਂ ਬਹੁਤ ਕਾਰਨ ਮਿਲ ਜਾਣਗੇ। ਪਰ ਪਹਿਲਾ ਕਾਰਨ ਲਭ ਜਾਵਾਂਗੇ ਤਾਂ ਹੈਰਾਨ ਹੋ ਜਾਵਾਂਗੇ। ਅੱਜ ਬੁਰਾਈ ਦਾ ਕਾਰਨ ਬੁਰੀ ਸਿਖਿਆ, ਬੁਰੀਆਂ ਕਿਤਾਬਾਂ, ਬੁਰਿਆਂ ਦੀ ਸੰਗਤ ਹੋ ਸਕਦੀ ਹੈ, ਚੰਗਿਆਈ ਦਾ ਕਾਰਨ ਧਾਰਮਕ ਗ੍ਰੰਥ, ਧਾਰਮਕ ਅਸਥਾਨ, ਚੰਗੇ ਸਤ ਪੁਰਸ਼ ਹੋ ਸਕਦੇ ਹਨ, ਪਰ ਜਦੋਂ ਪਹਿਲਾ ਮਨੁੱਖ ਭਲਾ ਜਾਂ ਬੁਰਾ ਹੋਇਆ ਹੈ ਤਾਂ ਉਸ ਦਾ ਕਾਰਨ ਸਿਰਫ ਇਕ ਪ੍ਰਮਾਤਮਾ ਹੀ ਹੋ ਸਕਦਾ ਹੈ ਹੋਰ ਕੋਈ ਨਹੀਂ। ਇਸ ਸੰਸਾਰ ਦੀ ਖੇਡ ਚਲਾਉਣ ਲਈ ਪ੍ਰਮਾਤਮਾ ਨੇ ਦੋ ਪੱਖਾਂ ਵੱਲ ਦੋ ਵਿਅਕਤੀ ਖੜ੍ਹੇ ਕੀਤੇ ਹਨ, ਦੋ ਸ਼ਕਤੀਆਂ ਖੜ੍ਹੀਆਂ ਕੀਤੀਆਂ ਹਨ। ਦੋਹਾਂ ਸ਼ਕਤੀਆਂ ਦਾ ਮੂਲ ਇਕ ਸ਼ਕਤੀ ਹੈ। ਇਹੀ ਮੂਲ ਕਾਰਨ ਮੈਨੂੰ ਜਾਪਿਆ ਹੈ। ਇਸੇ ਮੂਲ ਕਾਰਨ ਦੀ ਵਿਆਖਿਆ ਕਰਨ ਦਾ ਇਸ ਕਿਤਾਬ ਵਿਚ ਨਿਮਾਣਾ ਜਿਹਾ ਯਤਨ ਕੀਤਾ ਹੈ। ਨੀਯਤਨ ਸਿਰਫ ਇਕੋ ਮਕਸਦ ਲਈ ਇਹ ਉਪਰਾਲਾ ਹੈ, ਕਿ ਹਰ ਬੰਦਾ ਆਪਣੇ ਮੂਲ ਦੇ ਨੇੜੇ ਆਵੇ, ਬੰਦਾ ਸੰਸਾਰ ਨੂੰ ਘ੍ਰਿਣਾ ਨਾਲ ਵੇਖਣ ਦੀ ਬਜਾਏ ਇੰਜ ਵੇਖੇ ਕਿ :

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ,*
*ਗੋਬਿੰਦ ਬਿਨੁ ਨਹੀ ਕੋਈ।*

ਮੈਂ ਸਤਿਕਾਰ ਯੋਗ ਵੀਰ ਭਾਗ ਸਿੰਘ ਜੀ, ਐਮ. ਏ, ਬੀ. ਐੱਡ. ਫਗਵਾੜਾ ਗੇਟ, ਜਲੰਧਰ ਵਾਲਿਆਂ ਦਾ ਸ਼ੁਕਰ-ਗੁਜ਼ਾਰ ਹਾਂ ਜਿਨ੍ਹਾਂ ਨੇ ਖਰੜੇ ਨੂੰ ਤੇ ਪਰੂਫ ਨੂੰ ਵੇਖਿਆ ਹੈ ਤੇ ਪੁਸਤਕ ਦੀ ਛਪਾਈ ਨੂੰ ਨੇਪਰੇ ਚਾੜ੍ਹਣ ਵਿਚ ਮੇਰੀ ਹਰ ਪੱਖੋਂ ਸਹਾਇਤਾ ਕੀਤੀ ਹੈ।

ਇਹ ਚੌਥੀ ਪੁਸਤਕ ਗੁਰੂ ਸਵਾਰਿਆਂ ਤੱਕ ਪਹੁੰਚਾਉਂਦਿਆਂ ਹੋਇਆਂ ਮੈਂ ਖੁਸ਼ੀ ਮਹਿਸੂਸ ਕਰਦਾ ਹਾਂ।

ਸਾਧ ਸੰਗਤ ਦਾ ਦਾਸਰਾ,

*ਜਸਵੰਤ ਸਿੰਘ ਪ੍ਰਵਾਨਾ*

## ਦੂਸਰਾ ਐਡੀਸ਼ਨ ਛਪਣ ਤੇ

ਸਤਿਗੁਰੂ ਪਾਤਸ਼ਾਹ ਦਾ ਸ਼ੁਕਰਾਨਾ ਹੈ ਤੇ ਸਾਧ ਸੰਗਤ ਦੀ ਅਪਾਰ ਕ੍ਰਿਪਾ ਹੈ, ਜਿਸਦਾ ਸਦਕਾ 'ਦੋ ਦੀਵੇ ਇਕ ਜੋਤਿ' ਪੁਸਤਕ ਦੀ ਦੂਸਰੀ ਐਡੀਸ਼ਨ ਨਿਊ ਬੁੱਕ ਕੰਪਨੀ ਛਾਪ ਰਹੀ ਹੈ। ਉਮੀਦ ਹੈ ਕਿ ਇਨ੍ਹਾਂ ਦੀ ਮਿਹਨਤ ਤੇ ਲਗਨ, ਸਿੱਖ ਪੰਥ ਵਿਚ ਇਨ੍ਹਾਂ ਦਾ ਸਦਾ ਲਈ ਸਤਿਕਾਰ ਬਣਾਈ ਰਖੇਗੀ।

ਮੈਨੂੰ ਉਮੀਦ ਹੈ ਕਿ ਪੰਥ ਖਾਲਸਾ ਦਾਸ ਦੇ ਸਿਰ ਤੇ ਇਸੇ ਤਰ੍ਹਾਂ ਹੀ ਹੱਥ ਰੱਖੇਗਾ ਤਾਕਿ ਦਾਸ ਦੀ ਕਲਮ ਇਸੇ ਤਰ੍ਹਾਂ ਚਲਦੀ ਰਹੇ ਤੇ ਗੁਰਮਤਿ ਦੀ ਵਿਆਖਿਆ ਲਈ ਜੀਵਨ ਭਰ ਕੁਝ ਨਾ ਕੁਝ ਲਿਖਦਾ ਰਹਾਂ।

ਪੰਥ ਸੇਵਕ
ਗਿਆਨੀ ਜਸਵੰਤ ਸਿੰਘ ਪ੍ਰਵਾਨਾ
*ਸਾਬਕ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ*

# 1

ਦੀਵਾਲੀ ਦੀ ਰਾਤ ਨੂੰ ਰੌਸ਼ਨੀ ਹੀ ਰੌਸ਼ਨੀ ਨਜ਼ਰ ਆਉਂਦੀ ਹੈ। ਗਰੀਬ ਤੋਂ ਗਰੀਬ ਮਨੁੱਖ ਵੀ ਚਾਹੁੰਦਾ ਹੈ ਕਿ ਮੇਰੇ ਘਰ ਵਿਚ ਰੌਸ਼ਨੀ ਹੋਵੇ। ਕੁਝ ਸੱਜਣਾਂ ਦਾ ਵਿਚਾਰ ਹੈ ਕਿ ਦੀਵਾਲੀ ਦੀ ਉਸ ਵੇਲੇ ਮਹਾਨਤਾ ਬਣ ਗਈ ਜਦੋਂ ਰਾਮ ਰਾਵਣ ਨੂੰ ਜਿੱਤ ਕੇ ਵਾਪਸ ਅਯੁਧਿਆ ਆਏ, ਪਰ ਇਕ ਗੱਲ ਤਾਂ ਸਪਸ਼ਟ ਹੈ ਕਿ ਉਹ ਰਾਤ ਦੀਵਾਲੀ ਦੀ ਰਾਤ ਸੀ। ਇਸ ਦਾ ਭਾਵ ਕਿ ਦੀਵਾਲੀ ਇਸ ਤੋਂ ਵੀ ਪਹਿਲੇ ਦਾ ਪ੍ਰਸਿਧ ਤਿਉਹਾਰ ਸੀ। ਸੋਚਣ ਵਾਲੀ ਗੱਲ ਇਹ ਹੈ ਕਿ ਉਸ ਤੋਂ ਪਹਿਲੇ ਵੀ ਲੋਕ ਇਸ ਰਾਤ ਦੀਵੇ ਜਗਾਉਂਦੇ ਸਨ ਕਿ ਨਹੀਂ? ਸਾਖੀਕਾਰਾਂ ਦਾ ਇਹ ਕਹਿਣਾ ਹੈ ਕਿ ਰਾਮ ਜਦੋਂ ਵਾਪਸ ਆਏ ਸਨ ਉਸ ਰਾਤ ਦੀਵਾਲੀ ਸੀ, ਭਾਵ ਦੀਵਾਲੀ ਪਹਿਲਾਂ ਹੀ ਪ੍ਰਸਿਧ ਸੀ। ਅਸਲ ਵਿਚ ਅਮਾਵਸ ਦੀ ਰਾਤ ਇੰਨੀ ਹਨੇਰੀ ਹੈ ਕਿ ਇਸ ਰਾਤ ਨੂੰ ਦੀਵੇ ਜਗਾਉਣੇ ਹੀ ਪੈਣਗੇ। ਦੀਵਿਆਂ ਤੋਂ ਬਿਨਾਂ ਇਸ ਰਾਤ ਨੂੰ ਦਿਸਦਾ ਹੀ ਕੁਛ ਨਹੀਂ। ਇਹ ਰਾਤ ਹੈ ਹੀ ਦੀਵਿਆਂ ਦੀ ਰਾਤ। ਮਨੁੱਖਾ ਜਨਮ ਵੀ ਮੱਸਿਆ ਦੀ ਰਾਤ ਹੈ। ਕੂੜ ਅਮਾਵਸ ਦੀ ਰਾਤ ਹੈ। ਸਤਿਗੁਰੂ ਕ੍ਰਿਪਾ ਕਰ ਕੇ ਮਨੁੱਖੀ ਹਿਰਦੇ ਵਿਚ ਸ਼ਬਦ ਦਾ ਦੀਵਾ ਬਾਲਦਾ ਹੈ ਤਾਂ ਇਹ ਮਨੁੱਖਾ ਜੀਵਨ ਦੀ ਰਾਤ ਦੀਵਾਲੀ ਦੀ ਰਾਤ ਬਣ ਜਾਂਦੀ ਹੈ। ਮੇਰੇ ਇਹ ਕਹਿਣ ਦਾ ਭਾਵ ਹੈ ਕਿ ਹਨੇਰੀ ਰਾਤ ਤੇ ਦੀਵਿਆਂ ਦਾ ਸਬੰਧ ਬਹੁਤ ਪੁਰਾਣਾ ਹੈ। ਜਦੋਂ ਤੋਂ ਮਨੁੱਖ ਨੂੰ ਰੌਸ਼ਨੀ ਕਰਨ ਦੀ ਸੋਝੀ ਹੋਈ ਹੈ, ਘੱਟੋ ਘੱਟ ਉੱਨਾ ਪੁਰਾਣਾ ਜ਼ਰੂਰ ਹੈ। ਸਿੱਖਾਂ ਦੇ ਪ੍ਰਸਿਧ ਧਾਰਮਕ-ਅਸਥਾਨ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਉਸ ਵੇਲੇ ਬਾਕਾਇਦਾ

ਦੀਵਾਲੀ ਦਾ ਪੁਰਬ ਮਨਾਉਣਾ ਸ਼ੁਰੂ ਹੋ ਗਿਆ, ਜਦੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਹੋ ਕੇ ਵਾਪਸ ਅੰਮ੍ਰਿਤਸਰ ਸਾਹਿਬ ਪੁੱਜੇ ਸਨ। ਉਸ ਰਾਤ ਵੀ ਦੀਵਾਲੀ ਦੀ ਰਾਤ ਸੀ। ਉਸ ਤੋਂ ਬਾਅਦ ਹਰ ਸਾਲ ਦੀਵਾਲੀ ਦੀ ਰਾਤ ਇਥੇ ਦੀਪ-ਮਾਲਾ ਹੁੰਦੀ ਰਹੀ ਅਤੇ ਆਤਸ਼ਬਾਜ਼ੀ ਦੀ ਪ੍ਰਦਰਸ਼ਨੀ ਹੁੰਦੀ ਰਹੀ।

ਐਸੀ ਹੀ ਇਕ ਦੀਵਾਲੀ ਦੀ ਰਾਤ ਸੀ, ਲੋਕ ਆਪ ਆਪਣੇ ਘਰਾਂ ਵਿਚ ਰੋਸ਼ਨੀ ਕਰ ਰਹੇ ਸਨ, ਦੀਵੇ ਜਗਾ ਰਹੇ ਸਨ। ਚੌਰਸਤੇ ਵਿਚ ਇਕ ਬੋਹੜ ਦੇ ਰੁਖ ਥੱਲੇ ਇਕ ਥੜ੍ਹਾ ਸੀ ਜਿਥੇ ਕਦੀ ਕੋਈ ਆਉਂਦਾ ਜਾਂਦਾ ਬੈਠ ਜਾਂਦਾ ਸੀ। ਇਕ ਬ੍ਰਾਹਮਣ ਦਾ ਲੜਕਾ ਆਇਆ। ਉਹ ਇੱਥੇ ਵੀ ਇਕ ਦੀਵਾ ਜਗਾ ਗਿਆ। ਇੰਨੇ ਚਿਰ ਨੂੰ ਇਕ ਸ਼ੂਦਰ ਦਾ ਲੜਕਾ ਆਇਆ ਉਸ ਨੇ ਵੀ ਇਕ ਦੀਵਾ ਇੱਥੇ ਹੀ ਲਿਆ ਰੱਖਿਆ। ਇਹ ਵੇਖ ਕੇ ਬ੍ਰਾਹਮਣ ਦਾ ਲੜਕਾ ਬੋਲਿਆ, ਉਇ ਚੰਡਾਲ ਦੇ ਬੱਚੇ, ਚੁੱਕ ਏਥੋਂ ਆਪਣਾ ਦੀਵਾ ਤੇ ਜਿਧਰੋਂ ਆਇਆ ਹੈਂ ਉਧਰ ਹੀ ਵਾਪਸ ਚਲਾ ਜਾ, ਤੈਨੂੰ ਪਤਾ ਨਹੀਂ ਕਿ ਮੇਰੇ ਬਰਾਬਰ ਆਪਣਾ ਦੀਵਾ ਰੱਖਣ ਦਾ ਤੈਨੂੰ ਕੀ ਨਤੀਜਾ ਭੁਗਤਣਾ ਪਵੇਗਾ। ਸ਼ੂਦਰ ਲੜਕੇ ਨੇ ਕਿਹਾ, ਮੈਂ ਇਹ ਦੀਵਾ ਕਿਸੇ ਮੰਦਰ ਵਿਚ ਨਹੀਂ ਰੱਖਿਆ। ਮੈਂ ਸਮਝਦਾ ਹਾਂ ਕਿ ਮੰਦਰ ਵਿਚ ਮੈਂ ਗਿਆ ਤਾਂ ਸ਼ਾਇਦ ਸਾਰਾ ਮੰਦਰ ਸਮੇਤ ਪੁਜਾਰੀਆਂ ਦੇ ਕਿਤੇ ਭਰਿਸ਼ਟ ਨਾ ਹੋ ਜਾਵੇ। ਇਸੇ ਲਈ ਮੈਂ ਮੰਦਰ ਵਿਚ ਦੀਵਾ ਜਗਾਉਣ ਨਹੀਂ ਗਿਆ। ਇਸ ਥੜ੍ਹੇ ਤੇ ਸਭ ਬੈਣਦੇ ਹਨ, ਸ਼ੂਦਰ ਵੀ ਬੈਠਦੇ ਹਨ। ਏਥੇ ਮੇਰਾ ਦੀਵਾ ਰੱਖਿਆ ਜਾ ਸਕਦਾ ਹੈ। ਪਣ ਜਦੋਂ ਤਾਕਤ ਕੋਲ ਹੋਵੇ ਤਾਂ ਕੌਣ ਕਿਸੇ ਦੀਆਂ ਦਲੀਲਾਂ ਨੂੰ ਸੁਣਦਾ ਹੈ ਜਾਂ ਸੁਣ ਕੇ ਮੰਨਦਾ ਹੈ।

ਬ੍ਰਾਹਮਣ ਦੇ ਲੜਕੇ ਨੇ ਫੂਕ ਮਾਰੀ ਤੇ ਸ਼ੂਦਰ ਦੇ ਲੜਕੇ ਦਾ ਦੀਵਾ ਬੁਝਾ ਦਿੱਤਾ। ਸ਼ੂਦਰ ਦਾ ਲੜਕਾ ਬੜਾ ਹੀ ਉਦਾਸ ਤੇ ਨਿਰਾਸ ਹੋ ਕੇ ਖੜ੍ਹਾ ਸੀ। ਉਸ ਨੇ ਆਪਣਾ ਦੀਵਾ ਹੱਥ ਵਿਚ ਫੜਿਆ ਤੇ ਵਾਪਸ ਘਰ ਨੂੰ ਤੁਰ ਪਿਆ। ਬ੍ਰਾਹਮਣ ਦੇ ਲੜਕੇ ਦਾ ਦੀਵਾ ਜਗ ਰਿਹਾ ਸੀ, ਉਹ ਪ੍ਰਸੰਨ ਸੀ ਤੇ ਵਾਪਸ ਤੁਰਨ ਲਗਿਆਂ ਉਸ ਨੇ ਕਿਹਾ ਕਿ ਵੇਖ ਚੰਡਾਲ

ਦੇ ਬੱਚੇ, ਅੱਗੇ ਵਾਸਤੇ ਐਸੀ ਗਲਤੀ ਨਾ ਕਰਨਾ। ਦੀਵਾ ਕਿਸੇ ਥੜ੍ਹੇ ਤੇ ਵੀ ਹੋਵੇ ਬ੍ਰਾਹਮਣ ਦੇ ਮੁਕਾਬਲੇ ਤੇ ਤੇਰਾ ਦੀਵਾ ਨਹੀਂ ਜਗ ਸਕਦਾ। ਇੰਨੀ ਗੱਲ ਕਹਿ ਕੇ ਬ੍ਰਾਹਮਣ ਦਾ ਲੜਕਾ ਆਪਣੇ ਘਰ ਨੂੰ ਚਲਾ ਗਿਆ। ਉਸ ਦੇ ਜਾਣ ਬਾਅਦ ਸ਼ੂਦਰ ਲੜਕੇ ਦੇ ਮਨ ਵਿਚ ਇਕ ਖ਼ਿਆਲ ਆਇਆ। ਉਸ ਨੇ ਵਾਪਸ ਆ ਕੇ ਬ੍ਰਾਹਮੰਣ ਦੇ ਲੜਕੇ ਦਾ ਦੀਵਾ ਵੀ ਬੁਝਾ ਦਿੱਤਾ ਪਰ ਇਕ ਖ਼ਿਆਲ ਆਇਆ ਕਿ ਮੈਂ ਇਕ ਭੁੱਲ ਕਰ ਬੈਠਾ ਹਾਂ। ਮੈਂ ਉਹ ਜਗਦਾ ਦੀਵਾ ਵੀ ਬੁਝਾ ਦਿੱਤਾ ਹੈ ਅਤੇ ਮੇਰਾ ਆਪਣਾ ਦੀਵਾ ਪਹਿਲਾਂ ਹੀ ਬੁਝਿਆ ਹੈ। ਹੁਣ ਮੈਂ ਕੀ ਕਰਾਂ? ਆਖ਼ਰ ਹੋਰ ਕੋਈ ਚਾਰਾ ਨਾ ਵੇਖ ਕੇ ਉਸ ਨੇ ਕਿਹਾ ਕਿ ਹੁਣ ਕੀ ਮੈਂ ਬ੍ਰਾਹਮਣ ਦੇ ਬੱਚੇ ਦਾ ਦੀਵਾ ਤੋੜ ਦਿਆਂ ਤੇ ਆਪਣਾ ਦੀਵਾ ਇੱਥੇ ਰੱਖ ਦੇਵਾਂ? ਪਰ ਫਿਰ ਖ਼ਿਆਲ ਆਇਆ ਕਿ ਦੀਵਾ ਤੋੜਨ ਨਾਲ ਮਜ਼ਾ ਨਹੀਂ ਆਉਣਾ, ਅਨੰਦ ਤਾਂ ਬਰਾਬਰਤਾ ਦਾ ਹੈ। ਮੈਂ ਆਪਣੇ ਦੀਵੇ ਨੂੰ ਬ੍ਰਾਹਮਣ ਦੇ ਲੜਕੇ ਦੇ ਬਰਾਬਰ ਰੱਖ ਦਿਆਂ। ਉਸ ਨੇ ਐਸਾ ਹੀ ਕੀਤਾ। ਆਪਣਾ ਦੀਵਾ ਉਸ ਦੀਵੇ ਦੇ ਬਰਾਬਰ ਰੱਖ ਕੇ ਉਹ ਲੜਕਾ ਵੀ ਮਨ ਵਿਚ ਬੜਾ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਵਾਪਸ ਪਰਤ ਆਇਆ। ਉਹ ਖ਼ੁਸ਼ ਸੀ ਕਿ ਦੋਵੇਂ ਦੀਵੇ ਬਰਾਬਰ ਹੀ ਪਏ ਹਨ ਤੇ ਦੋਵੇਂ ਹੀ ਬੁਝੇ ਹੋਏ ਹਨ। ਇਹ ਲੜਕਾ ਵੀ ਵਾਪਸ ਚਲਾ ਗਿਆ।

ਵਿਚਾਰਵਾਨਾਂ ਦਾ ਖ਼ਿਆਲ ਹੈ ਕਿ ਬਿਮਾਰੀ ਦੇ ਕੀਟਾਣੂੰ ਬੜੇ ਹੀ ਸੂਖਸ਼ਮ ਹੁੰਦੇ ਹਨ ਤੇ ਕਈ ਵਾਰ ਮਨੁੱਖ ਨੂੰ ਖ਼ਿਆਲ ਹੀ ਨਹੀਂ ਰਹਿੰਦਾ ਕਿ ਕਿਸੇ ਚੀਜ਼ ਨੂੰ ਹੱਥ ਲਾਇਆਂ ਹੀ ਕਿੰਨੇ ਕੀਟਾਣੂੰ ਮੇਰੇ ਨਾਲ ਆ ਗਏ ਹਨ। ਇਹੀ ਹਾਲਤ ਹੈ ਉਨ੍ਹਾਂ ਦੀਵਿਆਂ ਦੀ। ਆਖ਼ਰ ਹੱਥ ਲਗੇ ਸਨ ਉਨ੍ਹਾਂ ਦੀਵਿਆਂ ਨੂੰ, ਦੋ ਬੱਚਿਆਂ ਦੇ ਦੋਵਾਂ ਦੀਵਿਆਂ ਤੇ ਅਸਰ ਹੋਣਾ ਬੜਾ ਹੀ ਜ਼ਰੂਰੀ ਸੀ। ਬ੍ਰਾਹਮਣ ਦਾ ਦੀਵਾ ਬੋਲਿਆ, ਉਇ ਸ਼ੂਦਰ ਦੀਵੇ ਤੂੰ ਸਾਡੇ ਨਾਲ ਮੱਥਾ ਲਾ ਕੇ ਚੰਗਾ ਨਹੀਂ ਕੀਤਾ, ਸ਼ੂਦਰ ਤੇ ਬ੍ਰਾਹਮਣ ਇਕੱਠੇ ਨਹੀਂ ਬੈਠ ਸਕਦੇ, ਤੇ ਨਾ ਹੀ ਇਕੱਠੇ ਬੈਠਣਾ ਚਾਹੀਦਾ ਹੈ। ਤੂੰ ਆਪਣੀ ਸ਼ਕਲ ਨਹੀਂ ਵੇਖੀ। ਤੇਰਾ ਰੰਗ ਕਾਲਾ, ਮੇਰਾ ਰੰਗ ਗੋਰਾ, ਨਾ

ਕੋਈ ਤੈਨੂੰ ਅਕਲ ਹੈ, ਨਾ ਹੀ ਤੇਰੀ ਕੋਈ ਚੰਗੀ ਸ਼ਕਲ ਹੈ। ਤੈਨੂੰ ਆਪਣੇ ਵਲ ਵੇਖ ਕੇ ਲੱਜਾ ਆਉਣੀ ਚਾਹੀਦੀ ਹੈ। ਪਰ ਅਗੋਂ ਸ਼ੂਦਰ ਦੀਵਾ ਬੋਲਿਆ ਮੇਰੇ ਵੀਰ, ਮੈਂ ਤੈਨੂੰ ਪਛਾਣ ਲਿਆ ਹੈ ਪਰ ਤੂੰ ਮੈਨੂੰ ਨਹੀਂ ਪਛਾਣਿਆ, ਜਦੋਂ ਘੁਮਿਆਰ ਨੇ ਮਿੱਟੀ ਲਈ ਸੀ ਤਾਂ ਅਸੀਂ ਇਕੱਠੇ ਹੀ ਸਾਂ, ਜਦੋਂ ਮਿੱਟੀ ਗੋਈ ਸੀ ਤਾਂ ਅਸੀਂ ਇਕੱਠੇ ਹੀ ਸਾਂ। ਅਸੀਂ ਇਕੋ ਪੇੜੇ ਵਿਚ ਸਾਂ, ਫਰਕ ਇੰਨਾ ਪਿਆ ਕਿ ਤੂੰ ਮੇਰੇ ਤੋਂ ਪਹਿਲਾਂ ਚੱਕ ਤੋਂ ਉਤਰ ਗਿਆ। ਮੈਂ ਤੇਰੇ ਤੋਂ ਬਾਅਦ ਵਿਚ ਉਤਰਿਆ ਸਾਂ। ਫਿਰ ਅਸੀਂ ਆਵੇ ਵਿਚ ਇਕੱਠੇ ਹੀ ਪੱਕੇ ਸਾਂ। ਫਿਰ ਘੁਮਿਆਰ ਰੰਗ ਕਰਨ ਲੱਗਾ ਤਾਂ ਤੈਨੂੰ ਲਾਲ ਰੰਗ ਕਰ ਦਿੱਤਾ ਮੈਨੂੰ ਉਸਨੇ ਕਾਲਾ ਰੰਗ ਫੇਰ ਦਿਤਾ। ਬ੍ਰਾਹਮਣ ਆਇਆ ਤੈਨੂੰ ਖਰੀਦ ਕੇ ਲੈ ਗਿਆ, ਫਿਰ ਸ਼ੂਦਰ ਆਇਆ ਤੇ ਮੈਨੂੰ ਖਰੀਦ ਕੇ ਲੈ ਆਇਆ। ਤੂੰ ਬ੍ਰਾਹਮਣ ਦੇ ਹੱਥ ਵਿਚ ਜਾਣ ਕਰਕੇ ਬ੍ਰਾਹਮਣ ਹੋ ਗਿਆ। ਮੈਂ ਸ਼ੂਦਰ ਦੇ ਹੱਥ ਲਗਣ ਕਰ ਕੇ ਸ਼ੂਦਰ ਹੋ ਗਿਆ ਹਾਂ। ਬਾਕੀ ਅਸੀਂ ਸਕੇ ਭਰਾ ਹਾਂ ਇਕੋ ਮਿੱਟੀ ਤੋਂ ਹਾਂ। ਕੀ ਤੂੰ ਕਬੀਰ ਸਾਹਿਬ ਦਾ ਬਚਨ ਨਹੀਂ ਸੁਣਿਆ

*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ।*

ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

"ਪਰ ਕੌਣ ਮੰਨਦਾ ਹੈ ਇਹਨਾਂ ਦਲੀਲਾਂ ਨੂੰ।" ਬ੍ਰਾਹਮਣ ਦੀਵਾ ਬੋਲਿਆ। ਹਾਂ ਕਬੀਰ ਵੀ ਸ਼ੂਦਰ ਸੀ ਤੂੰ ਵੀ ਸ਼ੂਦਰ ਹੈਂ। ਕਬੀਰ ਦੀ ਬਾਣੀ ਵਿਚੋਂ ਐਸੇ ਵਿਚਾਰ ਤੈਨੂੰ ਮਿਲ ਹੀ ਜਾਣਗੇ। ਤੂੰ ਜੇ ਪੜ੍ਹਣਾ ਹੀ ਹੈ, ਪੜ੍ਹ ਬ੍ਰਾਹਮਣ ਦੀ ਬਾਣੀ ਨੂੰ। ਪਰ ਉਹ ਤੈਨੂੰ ਪੜ੍ਹਨ ਦਾ ਅਧਿਕਾਰ ਨਹੀਂ। ਪਰ ਮੈਂ ਤੈਨੂੰ ਦਸ ਦਿਆਂ ਮਨੂੰ ਸਿਮ੍ਰਤੀ ਵਿਚ ਲਿਖਿਆ ਹੈ ਕਿ ਸ਼ੂਦਰ ਤੇ ਬ੍ਰਾਹਮਣ ਦੀ ਕਦੀ ਵੀ ਬਰਾਬਰਤਾ ਨਹੀਂ ਹੋ ਸਕਦੀ। ਬ੍ਰਾਹਮਣ ਨੂੰ ਸ਼ੂਦਰ ਦੇ ਪ੍ਰਛਾਵੇਂ ਤੋਂ ਵੀ ਬਚ ਕੇ ਰਹਿਣਾ ਚਾਹੀਦਾ ਹੈ। ਇਤਨੀ ਵਧੀਕੀ ਸੁਣ ਕੇ ਦੀਵੇ ਵਿਚੋਂ ਤੇਲ ਬੋਲਿਆ, "ਆਪਣੇ ਵਿਚ ਪਏ ਤੇਲ ਨੂੰ ਹੀ ਪੁੱਛ, ਅਸੀਂ ਦੋਵੇਂ ਇਕ ਹਾਂ" ਇਕੋ ਦੁਕਾਨ ਤੋਂ ਆਏ ਹਾਂ । ਪਰ ਬ੍ਰਾਹਮਣ ਤੇਲ ਬੋਲਿਆ ਭਾਈ ਪੁਰਾਣੀਆਂ ਸਾਂਝਾਂ ਛੱਡ। ਹੁਣ ਕਿੱਥੇ ਬ੍ਰਾਹਮਣ

ਦੇ ਹੱਥ, ਕਿੱਥੇ ਸ਼ੂਦਰ ਦੇ ਹੱਥ, ਮੈਂ ਬ੍ਰਾਹਮਣ ਦੇ ਹੱਥ ਵਿਚ ਆ ਕੇ ਗੰਗਾ ਵਾਂਗ ਪਵਿੱਤਰ ਹਾਂ, ਪਰ ਤੂੰ ਸ਼ੂਦਰ ਦੇ ਹੱਥਾਂ ਵਿਚ ਆ ਕੇ ਬਿਲਕੁਲ ਹੀ ਭਰਿਸ਼ਟ ਹੈਂ। ਇਸ ਤੋਂ ਬਾਅਦ ਰੂੰ ਬੋਲਿਆ ਕਿ ਅਸੀਂ ਦੋਵੇਂ ਇਕ ਵੜੇਵੇਂ ਤੋਂ ਜਨਮੇ ਹਾਂ। ਬੱਤੀਆਂ ਦਾ ਮੂਲ ਰੂੰ ਇਕ ਹੈ, ਪਰ ਬ੍ਰਾਹਮਣ ਰੂਈ ਸ਼ੂਦਰ ਰੂਈ ਨਾਲ ਕਿਥੇ ਸਾਂਝ ਬਣਾਉਂਦੀ ਹੈ। ਬ੍ਰਾਹਮਣ ਰੂਈ ਨੇ ਕਿਹਾ, ਮੈਂ ਇੰਨੀ ਉੱਚੀ ਹੋ ਕੇ ਪਤਿਤ ਹੋਣ ਲਈ ਤਿਆਰ ਨਹੀਂ। ਬ੍ਰਾਹਮਣ ਬ੍ਰਾਹਮਣ ਹੈ, ਸ਼ੂਦਰ ਸ਼ੂਦਰ ਹੈ।

ਇਹ ਝਗੜਾ ਹੋ ਹੀ ਰਿਹਾ ਸੀ ਕਿ ਚੰਗੇ ਭਾਗਾਂ ਨੂੰ ਇਕ ਫਕੀਰ ਇੱਥੇ ਆ ਪਹੁੰਚਿਆ। ਉਸ ਨੇ ਇਹਨਾਂ ਦੀਵਿਆਂ ਦਾ ਝਗੜਾ ਸੁਣਿਆ ਤੇ ਸਮਝਿਆ ਕਿ ਜੋ ਲੋਕਾਂ ਨੂੰ ਰਾਹ ਵਿਖਾਉਣ ਵਾਲੇ ਹਨ, ਉਹ ਆਪਸ ਵਿਚ ਹੀ ਝਗੜਾ ਕਰਦੇ ਪਏ ਹਨ। ਪਰ ਇਹਨਾਂ ਦਾ ਝਗੜਾ ਕਿਉਂ ਹੈ? ਇਸ ਦਾ ਕੀ ਕਾਰਨ ਹੈ? ਫਕੀਰ ਸਮਝ ਗਿਆ ਕਿ ਝਗੜੇ ਦਾ ਕਾਰਨ ਬੁਝੇ ਹੋਏ ਦੀਵੇ ਹਨ, ਹਨੇਰੇ ਵਿਚ ਟਕਰਾਉ ਤੋਂ ਬਿਨਾਂ ਹੋਰ ਕੀ ਹੋਵੇਗਾ? ਉਸ ਨੇ ਸਮਝ ਲਿਆ ਕਿ ਇਹ ਬੁਝੇ ਹੋਏ ਦੀਵੇ ਗਿਆਨ ਦੀ ਗੱਲ ਨਹੀਂ ਸਮਝਣਗੇ। ਉਹ ਨੇ ਆਪਣੇ ਥੈਲੇ ਵਿਚੋਂ ਮਾਚਸ ਕੱਢੀ ਅਤੇ ਪਹਿਲਾਂ ਸ਼ੂਦਰ ਦੀਵੇ ਨੂੰ ਜਗਾਇਆ। ਫਿਰ ਉਸ ਨੇ ਬ੍ਰਾਹਮਣ ਦੀਵੇ ਨੂੰ ਪੁੱਛਿਆ, ਕਿਉਂ ਭਈ ਹੁਣ ਦਸ, ਦੋਵਾਂ ਵਿਚੋਂ ਕੌਣ ਮਹਾਨ ਹੈ। ਫਿਰ ਬ੍ਰਾਹਮਣ ਦੀਵੇ ਨੇ ਕਿਹਾ, ਫਕੀਰਾ ਮਹਾਨ ਉਹੀ ਹੈ ਜਿਹੜਾ ਜਗਦਾ ਹੈ। ਫਕੀਰ ਨੇ ਸ਼ੂਦਰ ਦੀਵੇ ਤੋਂ ਬ੍ਰਾਹਮਣ ਦੀਵੇ ਨੂੰ ਜਗਾ ਦਿਤਾ ਤੇ ਇਕ ਹੋਰ ਕੰਮ ਕੀਤਾ ਕਿ ਦੋਹਾਂ ਦੇ ਮੂੰਹਾਂ ਨੂੰ ਇੰਨਾ ਜੋੜ ਦਿਤਾ ਕਿ ਦੋਵੇਂ ਬੱਤੀਆਂ ਜੁੜ ਗਈਆਂ ਅਤੇ ਦੋਹਾਂ ਦੀ ਲਾਟ ਇਕ ਹੋ ਗਈ। ਫਕੀਰ ਨੇ ਕਿਹਾ ਵੇਖੋ ਦੋਹਾਂ ਦੀ ਰੌਸ਼ਨੀ ਇਕ ਹੋ ਗਈ ਹੈ। ਦੋਹਾਂ ਦੀ ਰੌਸ਼ਨੀ ਨੇ ਇਕ ਦੂਸਰੇ ਦੇ ਪ੍ਰਛਾਵੇਂ ਦਾ ਹਨੇਰਾ ਵੀ ਮੁਕਾ ਦਿਤਾ ਹੈ, ਹੁਣ ਪਹਿਚਾਣ ਕਰੋ ਕਿ ਕਿਹੜੀ ਰੌਸ਼ਨੀ ਬ੍ਰਾਹਮਣ ਹੈ ਅਤੇ ਕਿਹੜੀ ਰੌਸ਼ਨੀ ਸ਼ੂਦਰ ਹੈ। ਸ਼ੂਦਰ ਤਾਂ ਪਹਿਲੇ ਹੀ ਸਹਿਮਤ ਸੀ। ਬ੍ਰਾਹਮਣ ਦੀਵੇ ਨੇ ਵੀ ਕਿਹਾ, ਰੌਸ਼ਨੀ ਤਾਂ ਇਕ ਹੈ, ਉਸ ਵਿਚ ਕੋਈ ਫਰਕ ਨਹੀਂ। ਦੋਹਾਂ ਦੀਵਿਆਂ ਨੇ ਕਿਹਾ, ''ਫਕੀਰਾ ਤੇਰਾ ਧੰਨਵਾਦ ਹੈ ਤੂੰ ਸਾਨੂੰ ਦੋ ਵਿਛੜੇ ਭਰਾਵਾਂ ਨੂੰ ਮੇਲ ਦਿਤਾ ਹੈ। ਵਿਛੋੜੇ ਦਾ ਕਾਰਨ ਸਾਡਾ ਅੰਧਕਾਰ ਸੀ, ਸਾਡਾ ਭਰਮ ਸੀ, ਅਸੀਂ ਹੈ ਹੀ ਇਕ ਜੋਤ ਹਾਂ।''

ਫਕੀਰ ਖੁਸ਼ ਸੀ ਕਿ ਦੋ ਦੀਵਿਆਂ ਨੂੰ ਪਤਾ ਲਗ ਗਿਆ ਹੈ ਕਿ ਅਸੀਂ ਇਕ ਜੋਤ ਹਾਂ। ਫਕੀਰ ਤੁਰਨ ਹੀ ਲਗਾ ਸੀ, ਕਿ ਦੋਹਾਂ ਦੀਵਿਆਂ ਨੇ ਆਵਾਜ਼ ਦਿਤੀ, ਹੇ ਫਕੀਰ ਸਾਡੀ ਇਕ ਗੱਲ ਸੁਣ ਕੇ ਜਾਈਂ, ਜਿਥੇ ਤੂੰ ਸਾਡੇ ਤੇ ਇਹ ਕ੍ਰਿਪਾ ਕੀਤੀ ਹੈ ਉਥੇ ਇਕ ਹੋਰ ਮਿਹਰ ਵੀ ਕਰਦਾ ਜਾ, ਜ਼ਰਾ ਉਹਨਾਂ ਭੁੱਲੇ ਹੋਏ ਦੋ ਵੀਰਾਂ ਵਲ ਵੀ ਜਾਈਂ ਜਿਹੜੇ ਸਾਨੂੰ ਇਥੇ ਇਸ ਥੜ੍ਹੇ ਤੇ ਰੱਖ ਕੇ ਗਏ ਹਨ, ਤੇ ਸਾਡੇ ਕਾਰਨ ਉਹ ਵੀ ਲੜਦੇ ਗਏ ਸਨ ਤੇ ਉਹਨਾਂ ਦੇ ਕਾਰਨ ਅਸੀਂ ਆਪਸ ਵਿਚ ਲੜਦੇ ਪਏ ਸਾਂ। ਜਿਵੇਂ ਸਾਨੂੰ ਬੁਝਿਆਂ ਨੂੰ ਤੂੰ ਜਗਾ ਦਿਤਾ ਹੈ, ਜ਼ਰਾ ਉਹਨਾਂ ਨੂੰ ਵੀ ਜਗਾ ਜਾਵੀਂ। ਉਹਨਾਂ ਨੂੰ ਵੀ ਜੋੜ ਕੇ ਬਿਠਾ ਦੇ। ਜੇ ਇਹ ਜੁੜ ਕੇ ਬੈਠ ਜਾਣ ਤਾਂ ਕਾਫ਼ੀ ਹਦ ਤਕ ਮਨੁੱਖਤਾ ਦਾ ਕਲੇਸ਼ ਮੁਕ ਜਾਏ। ਉਹਨਾਂ ਨੂੰ ਪਤਾ ਲਗ ਜਾਏ ਕਿ ਅਸੀਂ ਜਾਤਾਂ ਤੋਂ ਐਵੇਂ ਹੀ ਲੜ ਰਹੇ ਹਾਂ, ਸਾਡਾ ਅਸਲਾ ਇਕ ਹੈ। ਸਾਡੀ ਜੋਤ ਇਕ ਹੈ। ਹੇ ਫਕੀਰ ਸਾਡਾ ਸੰਦੇਸ਼ਾ ਉਹਨਾਂ ਨੂੰ ਦੇ ਦੇਣਾ ਤੇ ਕਹਿਣਾ ਜਾਓ ਜਾ ਕੇ ਜਗਿਆਂ ਦੀਵਿਆਂ ਨੂੰ ਵੇਖੋ, ਉਹ ਕਿੰਨੇ ਪ੍ਰਸੰਨ ਹਨ। ਉਹਨਾਂ ਨੂੰ ਕਹਿਣਾ ਕਿ ਇਕ ਵਾਰ ਆ ਕੇ ਸਾਨੂੰ ਵੇਖ ਜਾਣ ਤਾ ਕਿ ਉਹਨਾਂ ਨੂੰ ਵੀ ਕੁਝ ਅਕਲ ਮਤ ਆ ਜਾਏ ਕਿ ਦੀਵੇ ਬੇਸ਼ਕ ਦੋ ਹਨ ਜੋਤ ਤਾਂ ਇਕ ਹੈ। ਹੇ ਫਕੀਰ, ਤੂੰ ਜਗਦਾ ਦੀਵਾ ਹੈਂ, ਤੇਰੇ ਵਿਚ ਇਹ ਸਮਰੱਥਾ ਹੈ ਕਿ ਤੂੰ ਬੁਝੇ ਹੋਏ ਦੀਵਿਆਂ ਨੂੰ ਜਗਾ ਸਕਦਾ ਹੈਂ। ਤੂੰ ਸਮਝਾ ਸਕਦਾ ਹੈਂ, ਤੂੰ ਵਿਖਾ ਸਕਦਾ ਹੈਂ ਕਿ ਦੋ ਦੀਵੇ ਹਨ ਪਰ ਜੋਤ ਇਕ ਹੈ। ਤੇਰੇ ਵਿਚ ਇਹ ਸਮਰੱਥਾ ਹੈ। ਤੈਨੂੰ ਪ੍ਰਮਾਤਮਾ ਨੇ ਇਸੇ ਲਈ ਭੇਜਿਆ ਹੈ ਕਿ ਤੂੰ ਬੁਝੇ ਹੋਏ ਦੀਵੇ ਜਗਾਵੇਂ ਉਹਨਾਂ ਨੂੰ ਉਹਨਾਂ ਦੀ ਅਸਲੀਅਤ ਵਿਖਾਵੇਂ।

ਬੁਝੇ ਹੋਏ ਦੀਵੇ ਵੀ ਸਮਝਣ ਕਿ ਤੂੰ ਐਸਾ ਚਰਾਗ ਹੈਂ :

*ਬਲਿਓ ਚਰਾਗੁ ਅੰਧ੍ਯ੍ਯਾਰ ਮਹਿ,*
*ਸਭ ਕਲਿ ਉਧਰੀ ਇਕ ਨਾਮ ਧਰਮ॥*
*ਪ੍ਰਗਟੁ ਸਗਲ ਹਰਿ ਭਵਨ ਮਹਿ,*
*ਜਨੁ ਨਾਨਕੁ ਗੁਰੁ ਪਾਰਬ੍ਰਹਮ॥*

ਸਵੱਯੈ ਸ੍ਰੀ ਮੁਖ ਵਾਕ, ਮਹਲਾ॥੫॥ ਪੰਨਾ ੧੩੮੭

# 2

ਓਮ ਸ਼ਾਂਤੀ ਸ਼ਾਂਤੀ ਜਪਣ ਵਾਲੇ ਮਹਾਤਮਾ ਜਿਨ੍ਹਾਂ ਦੇ ਮੱਥੇ ਤੇ ਤਿਲਕ, ਤੇੜ ਸਫੈਦ ਧੋਤੀ ਤੇ ਸਤੋ ਗੁਣੀ ਲਿਬਾਸ ਅਤੇ ਹਰਿਦੁਆਰ ਦੀ ਧਰਤੀ ਜਿਸ ਨੂੰ ਦੇਵ ਧਰਤੀ ਕਿਹਾ ਗਿਆ ਹੈ, ਤੇ ਕਹਿੰਦੇ ਹਨ ਕਿ ਇਹ ਸ਼ਾਂਤੀ ਦੀ ਘਰ ਹੈ, ਇੱਥੇ ਇਹ ਮਹਾਤਮਾ ਅਗਨੀ ਸਰੂਪ ਨਜ਼ਰ ਆ ਰਿਹਾ ਹੈ। ਰਸਨਾ ਤੇ ਅੱਗ, ਅੱਖਾਂ ਵਿਚ ਅੱਗ, ਹੱਥ ਵਿਚ ਅਗਨੀ ਨਾਲ ਬਲ ਰਹੀ ਲੱਕੜੀ ਫੜ ਕੇ ਦੌੜ ਰਿਹਾ ਹੈ, ਸ਼ਾਂਤ ਸਰੂਪ ਮਹਾਤਮਾ ਦੇ ਅੱਜ ਭਿਆਨਕ ਦਰਸ਼ਨ ਹੋ ਰਹੇ ਹਨ। ਵੇਖ ਕੇ ਦਰਸ਼ਕ ਕੰਬ ਰਹੇ ਹਨ ਕਿ ਪਤਾ ਨਹੀਂ ਅੱਜ ਕੀ ਹੋਣ ਵਾਲਾ ਹੈ। ਅੱਜ ਤਾਂ ਇੰਜ ਜਾਪਦਾ ਹੈ ਜਿਵੇਂ ਸਮੁੰਦਰ ਨੂੰ ਅੱਗ ਲਗ ਗਈ ਹੋਵੇ। ਇਹ ਤਾਂ ਹਮੇਸ਼ਾ ਹੀ ਕਹਿੰਦੇ ਰਹੇ ਹਨ ਕਿ ਜੋ ਵਿਅਕਤੀ ਆਪਣੇ ਪਾਸ ਹਥਿਆਰ ਰਖਦਾ ਹੈ ਉਹ ਬ੍ਰਹਮ ਰਿਸ਼ੀ ਅਖਵਾਉਣ ਦਾ ਹੱਕਦਾਰ ਨਹੀਂ, ਤੇ ਇਕ ਕਥਾ ਇਹ ਨਿਰੰਤਰ ਆਪਣੇ ਸਰੋਤਿਆਂ ਨੂੰ ਸੁਣਾਉਂਦੇ ਰਹਿੰਦੇ ਸਨ, ਕਿ ਵਿਸ਼ਵਾਮਿੱਤਰ ਤਲਵਾਰ ਪਹਿਨ ਕੇ ਵਸ਼ਿਸ਼ਟ ਰਿਸ਼ੀ ਦੇ ਪਾਸ ਜਾਂਦਾ ਸੀ। ਉਹ ਅਗੋਂ ਹਰ ਰੋਜ਼ ਕਹਿੰਦਾ ਸੀ ਆਓ ਰਾਜ ਰਿਸ਼ੀ ਜੀ, ਇਸ ਨੂੰ ਬਹੁਤ ਕ੍ਰੋਧ ਆਉਂਦਾ ਸੀ ਕਿ ਇਹ ਮੈਨੂੰ ਬ੍ਰਹਮ ਰਿਸ਼ੀ ਕਿਉਂ ਨਹੀਂ ਕਹਿੰਦਾ। ਇਸੇ ਗੁੱਸੇ ਵਿਚ, ਆਉਣ ਲਗਾ ਇਹ ਵਸ਼ਿਸ਼ਟ ਰਿਸ਼ੀ ਦੇ ਇਕ ਪੁੱਤਰ ਨੂੰ ਉਸੇ ਤਲਵਾਰ ਨਾਲ ਕਤਲ ਕਰ ਆਉਂਦਾ ਸੀ, ਅਤੇ ਗਾਯਤ੍ਰੀ ਮੰਤਰ ਦਾ ਪਾਠ ਕਰਕੇ ਉਸ ਪਾਪ ਨੂੰ ਉਤਾਰ ਦਿੰਦਾ ਸੀ। ਵਸ਼ਿਸ਼ਟ ਰਿਸ਼ੀ ਦਾ ਸੌ ਪੁਤਰ ਸੀ ਜੋ ਇਸ ਨੇ ਇਕ ਇਕ ਕਰ ਕੇ ਮਾਰ ਦਿਤਾ। ਇਕ ਦਿਨ ਵਿਸ਼ਵਾਮਿੱਤਰ

ਬਿਨਾਂ ਤਲਵਾਰ ਪਹਿਨੇ ਵਸ਼ਿਸ਼ਟ ਜੀ ਨੂੰ ਮਿਲਣ ਵਾਸਤੇ ਆ ਗਿਆ। ਉਸਨੂੰ ਆਉਂਦਿਆਂ ਵੇਖ ਕੇ ਵਸ਼ਿਸ਼ਟ ਜੀ ਨੇ ਕਿਹਾ, ਆਓ ਬ੍ਰਹਮ ਰਿਸ਼ੀ ਜੀ, ਤਾਂ ਵਿਸ਼ਵਾਮਿੱਤਰ ਨੇ ਕਿਹਾ, ਤੁਸੀਂ ਮੈਨੂੰ ਪਹਿਲਾਂ ਬ੍ਰਹਮ ਰਿਸ਼ੀ ਕਿਉਂ ਨਹੀਂ ਕਿਹਾ। ਮੈਂ ਇਸੇ ਗੱਲ ਪਿਛੇ ਤੁਹਾਡੇ ਸਾਰੇ ਪੁਤਰ ਮਾਰ ਦਿਤੇ ਹਨ, ਤਾਂ ਵਸ਼ਿਸ਼ਟ ਮੁਨੀ ਨੇ ਕਿਹਾ ਪਹਿਲਾਂ ਤੂੰ ਤਲਵਾਰ ਪਹਿਨ ਕੇ ਆਉਂਦਾ ਸੀ ਅਜ ਤਲਵਾਰ ਪਹਿਨ ਕੇ ਨਹੀਂ ਆਇਆ। ਹਥਿਆਰ ਪਹਿਨ ਕੇ ਚੱਲਣ ਵਾਲਾ ਰਾਜ ਰਿਸ਼ੀ ਹੁੰਦਾ ਹੈ, ਬ੍ਰਹਮ ਰਿਸ਼ੀ ਨਹੀਂ। ਇਹ ਕਥਾ ਸਰੋਤਿਆਂ ਵਾਰ ਵਾਰ ਇਸ ਦੇ ਮੂੰਹੋਂ ਸੁਣੀ ਸੀ। ਅੱਜ ਉਹੋ ਸ਼ਾਂਤੀ ਸ਼ਾਂਤੀ ਜਪਣ ਵਾਲਾ ਜੋ ਸਭ ਨੂੰ ਸ਼ਾਂਤੀ ਦਾ ਉਪਦੇਸ਼ ਦਿੰਦਾ ਸੀ, ਉਸ ਨੇ ਆਪ ਬਲਦੀ ਲੱਕੜ ਨੂੰ ਹੀ ਹਥਿਆਰ ਬਣਾ ਲਿਆ ਹੈ, ਅਤੇ ਮਾਰਨ ਲਈ ਕਿਸ ਦੇ ਮਗਰ ਦੌੜ ਰਿਹਾ ਹੈ। ਜੋ ਸੁਬ੍ਹਾ-ਸ਼ਾਮ ਸਰਬਤ ਦਾ ਭਲਾ ਮੰਗਦੇ ਹਨ, ਜੋ ਪ੍ਰਮਾਤਮਾ ਦੀ ਸਿਫਤ ਸਲਾਹ ਕਰਨ ਵਾਲੇ ਸਤਿਗੁਰੂ ਨਾਨਕ ਦੇਵ ਜੀ ਦੇ ਸਾਥੀ ਸਨ ਭਾਈ ਮਰਦਾਨਾ ਜੀ। ਸ਼ਾਂਤੀ ਸ਼ਾਂਤੀ ਜਪਣ ਵਾਲੇ ਅਕਸਰ ਕ੍ਰੋਧੀ ਹੁੰਦੇ ਹਨ। ਸ਼ਾਂਤੀ ਦਾ ਜਾਪ ਦਸ ਰਿਹਾ ਹੈ ਕਿ ਜੋ ਬਿਮਾਰੀ ਅੰਦਰੋਂ ਦੁਖੀ ਕਰ ਰਹੀ ਹੈ ਉਸ ਨੂੰ ਛਿਪਾਉਣ ਵਾਸਤੇ ਹੀ ਇਹ ਜਾਪ ਚਲ ਰਿਹਾ ਹੈ। ਅੱਗੇ ਅੱਗੇ ਆ ਰਹੇ ਸਤਿਗੁਰੂ ਨਾਨਕ ਦੇਵ ਜੀ ਦੇ ਕੀਰਤਨੀਏ, ਆਪਣੇ ਸਤਿਗੁਰੂ ਦੇ ਸ਼ਿਕਾਰ ਨੂੰ ਲੈ ਆਏ ਐਨ ਨਿਸ਼ਾਨੇ ਦੇ ਸਾਹਮਣੇ ਤੇ ਆਪ ਆ ਡਿਗੇ ਸਤਿਗੁਰਾਂ ਦੇ ਚਰਨਾਂ ਤੇ, ਮਾਨੋ ਕਹਿ ਰਹੇ ਹਨ, ਪਾਤਸ਼ਾਹ ਸਾਂਭੋ ਆਪਣਾ ਸ਼ਿਕਾਰ ਤੇ ਕਰੋ ਬਾਣ ਪ੍ਰਹਾਰ ਤੇ ਕਰੋ ਇਸ ਭਟਕੀ ਰੂਹ ਦਾ ਉਧਾਰ, ਇਹ ਆ ਪਹੁੰਚਾ ਜੇ ਬਿਮਾਰ, ਤੇ ਤੁਹਾਡੇ ਤੋਂ ਵਡਾ ਹੋਰ ਕੋਈ ਨਹੀਂ ਤੀਮਾਰਦਾਰ, ਤੁਸੀਂ ਹੋ ਸਚੇ ਵੈਦ। ਇਹ ਹੈ ਜਨਮਾਂ ਜਨਮਾਂ ਦਾ ਬਿਮਾਰ। ਸਤਿਗੁਰਾਂ ਨੇ ਵੇਖਿਆ ਤੇ ਕਿਹਾ, ਮਰਦਾਨਿਆ, ਸੰਤਾਂ ਨੂੰ ਕਿਉਂ ਖੇਚਲ ਦਿਤੀ ਹੈ, ਤੂੰ ਅੱਗ ਆਪ ਲੈ ਆਉਣੀ ਸੀ।

ਮਰਦਾਨੇ ਕਿਹਾ ਪਾਤਸ਼ਾਹ ਆਪ ਜਾਣੀ ਜਾਣ ਹੋ, ਤ੍ਰੈਕਾਲ–ਦਰਸ਼ੀ ਹੋ, ਜਗਤ–ਤਾਰਕ ਹੋ ਮੁਕਤੀ–ਦਾਤੇ ਹੋ। ਤੁਹਾਡੇ ਆਸਰੇ ਤੁਹਾਡੇ ਨਾਲ

ਚਲਣ ਵਾਲਾ ਇਹ ਤੁਹਾਡਾ ਸੇਵਕ ਤੁਹਾਨੂੰ ਕੀ ਦਸੇ ਪਾਤਸ਼ਾਹ ਇਹ ਅੱਗ ਦੇਣ ਨਹੀਂ ਆਏ ਇਹ ਤਾਂ ਅੱਗ ਲਾਉਣ ਆਏ ਹਨ। ਇਹ ਮੈਨੂੰ ਜਲਾਉਣ ਆਏ ਹਨ। ਸਤਿਗੁਰਾਂ ਬੜੇ ਠਰੰਮ੍ਹੇ ਨਾਲ ਕਿਹਾ ਸੰਤ ਜੀ ਇਹ ਕੀ ਕਰ ਰਹੇ ਹੋ? ਕੀ ਤੁਸੀਂ ਰੱਬ ਦੀ ਸਿਫਤ ਸਲਾਹ ਕਰਨ ਵਾਲੇ ਕੀਰਤਨੀਏ ਮੇਰੇ ਸਾਥੀ ਮੇਰੇ ਭਾਈ ਮੇਰੇ ਮਰਦਾਨੇ ਨੂੰ ਸਾੜਨਾ ਚਾਹੁੰਦੇ ਹੋ? ਇਹ ਬੜਾ ਹੀ ਪਿਆਰਾ ਮਨੁੱਖ ਹੈ, ਇਹ ਬੜਾ ਗੁਣੀ ਹੈ, ਇਹ ਰਬਾਬੀ ਮਰਦਾਨਾ ਹੈ, ਇਹ ਤਾਂ ਰਾਗੀ ਮਰਦਾਨਾ ਹੈ। ਇਹ ਤਾਂ ਸੰਗੀਤ ਨੇ, ਕੀਰਤਨ ਨੇ ਸਰੂਪ ਧਾਰਿਆ ਹੈ, ਇਸ ਨੇ ਕਦੀ ਕੋਈ ਮੰਦਾ ਜਾਂ ਬੁਰਾ ਕੰਮ ਨਹੀਂ ਕੀਤਾ। ਇਸ ਨੇ ਕਦੀ ਕਿਸੇ ਨੂੰ ਬੁਰਾ ਨਹੀਂ ਬੋਲਿਆ। ਇਸਨੇ ਕਦੀ ਕਿਸੇ ਦਾ ਬੁਰਾ ਨਹੀਂ ਚਿਤਵਿਆ। ਜਦੋਂ ਦਾ ਮੈਂ ਇਸ ਨੂੰ ਜਾਣਦਾ ਹਾਂ, ਇਸਨੇ ਕੋਈ ਗੁਨਾਹ ਨਹੀਂ ਕੀਤਾ, ਤੁਸੀਂ ਇਸਨੂੰ ਕਿਉਂ ਮਾਰਨ ਲਗੇ ਹੋ, ਇਸ ਨੂੰ ਕਿਉਂ ਸਾੜਨ ਲਗੇ ਹੋ? ਉਸ ਸਾਧੂ ਨੇ ਗੁੱਸੇ ਵਿਚ ਆ ਕੇ ਕਿਹਾ, ਇਸ ਨੇ ਬਹੁਤ ਵੱਡਾ ਗੁਨਾਹ ਕੀਤਾ ਹੈ। ਇਹ ਦੋਸ਼ੀ ਹੈ, ਇਹ ਮੁਆਫ਼ ਕਰਨ ਦੇ ਯੋਗ ਨਹੀਂ। ਮੈਂ ਇਸ ਨੂੰ ਖਿਮਾ ਨਹੀਂ ਕਰ ਸਕਦਾ। ਤੁਸੀਂ ਮੇਰੇ ਤੇ ਇਸਦੇ ਦਰਮਿਆਨ ਨਾ ਆਓ, ਮੈਂ ਅਜ ਇਸ ਨੂੰ ਇਸ ਦੀ ਕੀਤੀ ਦੀ ਸਜ਼ਾ ਜ਼ਰੂਰ ਹੀ ਦੇਵਾਂਗਾ। ਇਸ ਨੇ ਮੇਰੀ ਸਾਰੀ ਮਿਹਨਤ ਬਰਬਾਦ ਕਰ ਦਿੱਤੀ ਹੈ। ਮੈਂ ਸਵੇਰ ਤੋਂ ਮਿਹਨਤ ਕਰਕੇ ਆਪਣੇ ਚੌਕੇ ਨੂੰ ਸਵਾਰਿਆ ਹੈ। ਵੇਖੋ ਸਵੇਰੇ ਧਰਤੀ ਸਾਫ਼ ਕੀਤੀ, ਗੋਬਰ ਲਿਆ ਕੇ ਲੇਪਨ ਕੀਤਾ, ਚੌਕਾ ਬਣਾਇਆ, ਆਲੇ ਦੁਆਲੇ ਕਾਰਾਂ ਕੱਢੀਆਂ, ਭੋਜਨ ਲਈ ਰਸਤ ਭਿਛਿਆ ਮੰਗ ਕੇ ਇਕਤਰਤ ਕੀਤੀ। ਭੋਜਨ ਤਿਆਰ ਕੀਤਾ, ਮੈਨੂੰ ਛਕਣਾ ਨਸੀਬ ਨਹੀਂ ਹੋਇਆ। ਇਸ ਨੇ ਸਭ ਕੁਝ ਹੀ ਭਰਿਸ਼ਟ ਕਰ ਦਿਤਾ ਹੈ। ਦੱਸੋ ਹੁਣ ਮੈਂ ਕੀ ਕਰਾਂ? ਇਸ ਨੂੰ ਮਾਰਾਂ ਕਿ ਨਾ? ਇਸ ਨੂੰ ਮਾਰਨ ਤੋਂ ਬਿਨਾਂ ਹੋਰ ਹੁਣ ਚਾਰਾ ਵੀ ਕੀ ਹੈ? ਮੈਨੂੰ ਪਤਾ ਹੈ ਇਹ ਮਿਰਾਸੀ ਹੈ। ਇਹ ਸ਼ੂਦਰ ਹੈ, ਮੇਰਾ ਮਨ ਕਰਦਾ ਹੈ ਇਸ ਨੂੰ ਅੱਗ ਲਾ ਕੇ ਸਾੜ ਦਿਆਂ, ਤਾ ਕਿ ਅੱਗੇ ਵਾਸਤੇ ਕੋਈ ਵੀ ਸ਼ੂਦਰ ਇਹੋ ਜਿਹੀ ਭੁਲ ਕਰਨ ਦਾ ਹੀਆ ਨਾ ਕਰੇ, ਕੋਈ ਵੀ ਕਿਸੇ ਸਾਧੂ ਨਾਲ ਇੰਨੀ ਵਧੀਕੀ ਨਾ ਕਰੇ। ਸਤਿਗੁਰੂ ਮਿਹਰ ਦੇ ਘਰ ਵਿਚ ਆ ਗਏ ਕਿ ਸ਼ਿਕਾਰ ਆ ਗਿਆ ਹੈ। ਮਰਦਾਨਾ ਸੱਚ ਹੀ ਕਹਿ ਰਿਹਾ ਹੈ ਕਿ ਸਤਿਗੁਰੂ ਹੁਣ

ਬਾਣ ਦਾ ਪ੍ਰਹਾਰ ਕਰੇ। ਇਕ ਅਦੀਬ ਕਹਿੰਦੇ ਹਨ :

*ਤੂੰ ਅਜਬ ਖੰਦੇਗ ਨਿਵਾਜ਼ ਥਾ ਤੇਰੀ ਜ਼ੱਦ ਪੇ ਆਤੇ ਥੇ ਖ਼ੁਦ ਹੁਮਾ,*
*ਵੋਹ ਸ਼ੌਕ ਸੇ ਕਹਿਤਾ ਥਾ ਮਰਹਬਾ ਤੇਰੇ ਤੀਰ ਕਾ ਜੋ ਸ਼ਿਕਾਰ ਥਾ।*

ਬਿਬੇਕ ਦਾ ਘਰ, ਆਤਮ ਪ੍ਰਕਾਸ਼ ਦੇ ਸੂਰਜ, ਰੂਹਾਨੀਅਤ ਦੇ ਭੰਡਾਰ, ਮਿੱਠ ਬੋਲੇ ਸਤਿਗੁਰੂ ਜੀ ਬੋਲੇ, "ਸੰਤ ਜੀ ਤੁਸੀਂ ਕਹਿ ਰਹੇ ਹੋ ਕਿ ਭਾਈ ਮਰਦਾਨੇ ਦਾ ਪ੍ਰਛਾਵਾਂ ਮੇਰੇ ਚੌਕੇ ਵਿਚ ਪੈ ਗਿਆ ਹੈ ਅਤੇ ਚੌਕਾ ਭਰਿਸ਼ਟ ਹੋ ਗਿਆ ਹੈ। ਔਹ ਵੇਖੋ ਆਸਮਾਨ ਵਿਚ ਕਿੰਨੀਆਂ ਇੱਲਾਂ ਉਡ ਰਹੀਆਂ ਹਨ। ਇਹ ਸਭ ਮੁਰਦਾਰ ਖਾਂਦੀਆਂ ਹਨ। ਭਾਈ ਮਰਦਾਨਾ ਤਾਂ ਨਿਤ ਇਸ਼ਨਾਨ ਕਰਦਾ ਹੈ, ਬੜਾ ਸਵੱਛ ਭੋਜਨ ਛਕਦਾ ਹੈ। ਇਨ੍ਹਾਂ ਇੱਲਾਂ ਦੀ ਖ਼ੁਰਾਕ ਮੁਰਦਾਰ ਮਰਿਆ ਪਸ਼ੂ ਹੈ ਅਤੇ ਮੂੰਹ ਇਨ੍ਹਾਂ ਕਦੀ ਧੋਤਾ ਨਹੀਂ ਇਨ੍ਹਾਂ ਸਾਰੀਆਂ ਦਾ ਪ੍ਰਛਾਵਾਂ ਤੁਹਾਡੇ ਚੌਕੇ ਵਿਚ ਪੈ ਰਿਹਾ ਹੈ, ਖੁਲ੍ਹੇ ਥਾਂ ਤੁਹਾਡਾ ਚੌਕਾ ਹੈ। ਕੀ ਇਹ ਸੱਚ ਨਹੀਂ ਕਿ ਕੋਲੋਂ ਜੋ ਕੁੱਤਾ ਗੁਜ਼ਰ ਕੇ ਗਿਆ ਹੈ ਉਸਦਾ ਪ੍ਰਛਾਵਾਂ ਵੀ ਤੁਹਾਡੇ ਚੌਕੇ ਵਿਚ ਪਿਆ ਹੈ? ਤੁਹਾਡਾ ਵਿਚਾਰ, ਤੁਹਾਡਾ ਕਰਮ ਕਾਂਡ ਕੈਸਾ ਹਾਸੋ ਹੀਣਾ ਹੈ ਕਿ ਇਕ ਕੁੱਤਾ ਖੂਹੀ ਤੋਂ ਪਾਣੀ ਪੀ ਜਾਵੇ ਤਾਂ ਪਾਣੀ ਦਾ ਕੁਛ ਨਹੀਂ ਵਿਗੜਦਾ, ਇਕ ਸ਼ੂਦਰ ਦਾ ਪ੍ਰਛਾਵਾਂ ਪੈ ਜਾਵੇ ਤਾਂ ਖੂਹੀ ਭਰਿਸ਼ਟ ਹੋ ਜਾਂਦੀ ਹੈ। ਇਕ ਕੁੱਤੇ ਤੇ ਇੱਲ ਦੇ ਪ੍ਰਛਾਵੇਂ ਨਾਲ ਤੁਹਾਡੇ ਚੌਕੇ ਦਾ ਕੁਛ ਨਹੀਂ ਵਿਗੜਿਆ, ਪਰ ਇਕ ਕੀਰਤਨੀਏ ਦਾ ਪ੍ਰਛਾਵਾਂ ਤੁਹਾਡਾ ਚੌਕਾ ਭਰਿਸ਼ਟ ਕਰ ਦਿੰਦਾ ਹੈ, ਇਸ ਬਾਰੇ ਜ਼ਰਾ ਸੁਚੇਤ ਹੋ ਕੇ ਤੁਹਾਨੂੰ ਸੋਚਣਾ ਪਵੇਗਾ।

ਤੁਸੀਂ ਸ਼ੂਦਰ ਜਾਂ ਬ੍ਰਾਹਮਣ ਕਿਸੇ ਸਰੀਰ ਨੂੰ ਕਹਿੰਦੇ ਹੋ ਪਰ ਮੇਰੇ ਖਿਆਲ ਅਨੁਸਾਰ ਸ਼ੂਦਰ ਜਾਂ ਬ੍ਰਾਹਮਣ ਬ੍ਰਿਤੀ ਦਾ ਨਾਂ ਹੈ। ਸ਼ੂਦਰ ਜਾਂ ਬ੍ਰਾਹਮਣ ਮਨ ਦੀਆਂ ਦੋ ਅਵਸਥਾ ਹਨ। ਕੀ ਇਹ ਸੱਚ ਨਹੀਂ ਕਿ ਤੁਹਾਡੇ ਮਨ ਦੀ ਜੋ ਏਸ ਵੇਲੇ ਅਵਸਥਾ ਹੈ ਇਹ ਸ਼ੂਦਰ ਦੀ ਅਵਸਥਾ ਹੈ। ਇਕ ਸਾਧੂ ਦਾ ਕਿਸੇ ਨਿਰਦੋਸ਼ ਤੇ ਹਮਲਾ ਕਰਨਾ, ਵਧੀਕੀ ਕਰਨੀ ਸ਼ੂਦਰਪੁਣਾ ਨਹੀਂ ਤਾਂ ਹੋਰ ਕੀ ਹੈ। ਕੋਈ ਸਜਣ ਇੰਨੇ ਗੁਣਾਂ ਦਾ ਭੰਡਾਰ ਹੋਵੇ ਤਾਂ ਖਿੜੇ ਮੱਥੇ ਇੰਨੀ ਵਧੀਕੀ ਸਹਾਰੀ ਜਾਏ ਤੇ ਫਿਰ ਵੀ ਪ੍ਰਮਾਤਮਾ

ਦਾ ਸ਼ੁਕਰਾਨਾ ਕਰੀ ਜਾਏ, ਇਹ ਬ੍ਰਾਹਮਣਪੁਣਾ ਨਹੀਂ ਤਾਂ ਹੋਰ ਕੀ ਹੈ। ਹੁਣ ਜ਼ਰਾ ਆਪਣੀ ਬੁੱਧ ਵਲ ਵੇਖੋ। ਇਸ ਨੇ ਤਾਂ ਕੋਈ ਚੌਕਾ ਭਰਿਸ਼ਟ ਨਹੀਂ ਕੀਤਾ ਪਰ ਤੁਸੀਂ ਜ਼ਰੂਰ ਉਹ ਚੌਕਾ ਭਰਿਸ਼ਟ ਕਰ ਦਿਤਾ ਹੈ, ਜਿਸ ਚੌਕੇ ਵਿਚ ਆ ਕੇ ਪ੍ਰਮਾਤਮਾ ਨੇ ਬੈਠਣਾ ਸੀ ਅਤੇ ਪ੍ਰੇਮ ਦਾ ਭੋਜਨ ਕਰਨਾ ਸੀ। ਤੂੰ ਇਕ ਸ਼ੂਦਰ ਤੋਂ ਡਰਦਾ ਹੈਂ, ਉਹ ਵੀ ਉਸਦੇ ਪ੍ਰਛਾਵੇ ਤੋਂ, ਪਰ ਚਾਰ ਸ਼ੂਦਰਰਾਣੀਆਂ ਤਾਂ ਤੇਰੇ ਅੰਦਰ ਹਨ।

ਖੋਟੀ ਮਤ ਮਿਰਾਸਨ ਤੇਰੇ ਅੰਦਰ ਹੈ, ਨਿਰਦਇਅਤਾ ਰੂਪੀ ਕਸਾਇਣ ਵੀ ਤੇਰੇ ਅੰਦਰ ਹੈ, ਪਰਾਈ ਨਿੰਦਾ ਦੂਸਰੇ ਨੂੰ ਨਿੰਦਣਾ ਤੇਰੇ ਹਿਰਦੇ ਵਿਚ ਚੂਹੜੀ ਬੈਠੀ ਹੈ, ਕ੍ਰੋਧ ਰੂਪੀ ਚੰਡਾਲਣੀ ਨੇ ਤੇਰੀ ਬ੍ਰਿਤੀ ਨੂੰ ਠੱਗ ਲਿਆ ਹੈ। ਇਨ੍ਹਾਂ ਕੱਢੀਆਂ ਹੋਈਆ ਲੀਕਾਂ ਨੇ ਤੇਰਾ ਕੀ ਸਵਾਰਨਾ ਹੈ। ਇਨ੍ਹਾਂ ਨਾਲ ਕੀ ਹੋਵੇਗਾ, ਜਦੋਂ ਇਹ ਚਾਰੇ ਹੀ ਬਿਮਾਰੀਆਂ ਤੇਰੇ ਅੰਦਰ ਹਨ।

*ਕੁਬੁਧਿ ਡੂਮਣੀ ਕੁਦਇਆ ਕਸਾਇਣਿ*
*ਪਰ ਨਿੰਦਾ ਘਟਿ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥*
*ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲਿ।*

ਸਲੋਕ ਮ: ੧ ਪੰਨਾ ੯੧

ਸਾਧੂ ਤੂੰ ਜ਼ਰਾ ਸੋਚ ਕੀ ਜਿਸ ਹਿਰਦੇ ਵਿਚ ਇੰਨਾ ਗੰਦ ਪਿਆ ਹੋਵੇ ਉਸ ਹਿਰਦੇ ਵਿਚ ਪ੍ਰਮਾਤਮਾ ਬੈਠ ਸਕਦਾ ਹੈ। ਕੀ ਇੰਨੇ ਗੰਦੇ ਚੌਕੇ ਵਿਚ ਬੰਦਾ ਭੋਜਨ ਖਾ ਸਕਦਾ ਹੈ? ਤੈਨੂੰ ਆਪਣੇ ਚੌਕੇ ਦਾ ਖਿਆਲ ਤਾਂ ਆ ਗਿਆ ਹੈ। ਪਰ ਤੈਨੂੰ ਪ੍ਰਮਾਤਮਾ ਦੇ ਚੌਕੇ ਦਾ ਖਿਆਲ ਨਹੀਂ ਆਇਆ। ਅਸਲ ਵਿਚ ਬਾਹਰੋਂ ਕੁਛ ਸਵਾਰ ਲੈਣਾ ਸੌਖਾ ਹੈ ਪਰ ਅੰਦਰੋਂ ਸਵਾਰਨਾ ਬੜਾ ਹੀ ਔਖਾ। ਬਾਹਰੋਂ ਕਿਸੇ ਨੂੰ ਸਵਾਰਨਾ ਸੌਖਾ ਹੈ ਉਹ ਇਸ ਲਈ ਕਿ ਬੰਦਾ ਦੂਸਰੇ ਨੂੰ ਕੁਝ ਵਿਖਾ ਸਕਦਾ ਹੈ ਕਿ ਮੈਂ ਕੁਝ ਸਵਾਰਿਆ ਹੈ, ਵੇਖੋ ਮੈਂ ਕਿੰਨਾ ਸਵਾਰਿਆ ਹੈ। ਮੈਂ ਭੋਜਨ ਸਵਾਰਿਆ ਹੈ ਚੌਕਾ ਸਵਾਰਿਆ ਹੈ, ਲੋਕ ਸਿਫਤ ਕਰਦੇ ਹਨ ਤੇ ਬੰਦੇ ਦੇ ਹੰਕਾਰ ਨੂੰ ਰਸ ਆਉਂਦਾ ਰਹਿੰਦਾ ਹੈ। ਇਸੇ ਬਹਾਨੇ ਆਪ ਬਚਿਆ ਰਹਿੰਦਾ ਹੈ।

ਦੂਸਰੇ ਨੂੰ ਸਵਾਰਨਾ ਪਦਾਰਥ ਨੂੰ ਸਵਾਰਨਾ ਸੌਖਾ ਹੈ ਪਰ ਆਪਾ ਸਵਾਰਨਾ ਬਹੁਤ ਔਖਾ ਹੈ। ਆਪਾ ਸਵਾਰਨ ਦਾ ਭਾਵ ਹੈ ਆਪ ਸਵਰਨਾ, ਤੇ ਮਨੁੱਖ ਸਭ ਕੁਛ ਸਵਾਰਨਾ ਚਾਹੁੰਦਾ ਹੈ ਸਿਰਫ ਆਪਣੇ ਆਪ ਨੂੰ ਛੱਡ ਕੇ।

ਬਾਬਾ ਫ਼ਰੀਦ ਜੀ ਨੇ, ਜੋ ਉਹਨਾਂ ਨਾਲ ਪ੍ਰਮਾਤਮਾ ਦੀ ਗੱਲ ਹੋਈ ਸੀ, ਇਸ ਤਰ੍ਹਾਂ ਲਿਖਦੇ ਹਨ ਕਿ ਪ੍ਰਮਾਤਮਾ ਨੇ ਕਿਹਾ ਕਿ ਫ਼ਰੀਦ ਤੂੰ ਮੈਨੂੰ ਮਿਲਣਾ ਚਾਹੁੰਦਾ ਹੈਂ। ਬਾਬਾ ਜੀ ਕਹਿੰਦੇ ਹਨ, ਮੈਂ ਕਿਹਾ, ਹਾਂ ਖ਼ੁਦਾ ਮੇਰੇ ਸਾਰੇ ਯਤਨ ਤੈਨੂੰ ਮਿਲਣ ਵਾਸਤੇ ਹੀ ਹਨ। ਮੈਂ ਤੈਨੂੰ ਮਿਲਣਾ ਚਾਹੁੰਦਾ ਹਾਂ। ਤੂੰ ਮੈਨੂੰ ਦਸ ਮੈਂ ਉਹ ਸਭ ਕੁਛ ਕਰਨ ਲਈ ਤਿਆਰ ਹਾਂ, ਜੋ ਲੋਕ ਤੈਨੂੰ ਪ੍ਰਾਪਤ ਕਰਨ ਲਈ ਕਰ ਰਹੇ ਹਨ। ਜੇ ਤੂੰ ਮੈਨੂੰ ਇਸ ਸ਼ਰਤ ਨਾਲ ਮਿਲੇਂ ਕਿ ਮੈਂ ਚੰਗੇ ਰੇਸ਼ਮੀ ਬਸਤਰ ਨਾ ਪਾਵਾਂ ਤਾਂ ਮੈਨੂੰ ਪ੍ਰਵਾਨ ਹੈ। ਮੈਂ ਲੀਰਾਂ ਦੀ ਗੋਦੜੀ ਪਹਿਣਨ ਲਈ ਤਿਆਰ ਹਾਂ, ਜੇ ਤੂੰ ਸਰੀਰ ਤਪਾਇਆਂ ਮਿਲੇਂ, ਤਾਂ ਮੈਂ ਆਪਣਾ ਤਨ ਤੰਦੂਰ ਵਾਂਗ ਤਪਾਉਣ ਲਈ ਤਿਆਰ ਹਾਂ।

*ਫ਼ਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥੧੦੩॥*
*ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ।*
*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ॥੧੧੯॥*

ਬਾਬਾ ਫ਼ਰੀਦ ਜੀ ਕਹਿੰਦੇ ਹਨ, ਮੈਨੂੰ ਪ੍ਰਮਾਤਮਾ ਨੇ ਕਿਹਾ ਕਿ ਹੇ ਫ਼ਰੀਦ, ਤੈਨੂੰ ਹੋਰ ਕੁਛ ਵੀ ਕਰਨ ਦੀ ਲੋੜ ਨਹੀਂ, ਜੇ ਤੂੰ ਮੈਨੂੰ ਮਿਲਣਾ ਚਾਹੁੰਦਾ ਹੈਂ ਤਾਂ ਇਕ ਹੀ ਸ਼ਰਤ ਹੈ, ਤੂੰ ਨਾ ਤਪਦੇ ਚਕਰ ਵਿਚ ਪੈ ਅਤੇ ਨਾ ਹੀ ਗੋਦੜੀ ਵਾਸਤੇ ਲੀਰਾਂ ਇਕੱਠੀਆਂ ਕਰਦਾ ਫਿਰ। ਤੂੰ ਆਪਣਾ ਆਪਾ ਸਵਾਰ ਲੈ, ਭਾਵ ਆਪ ਸੰਵਰ ਜਾ ਤੇ ਆਪਾ ਸਵਾਰਨਾ ਕੀ ਹੈ, ਉਸਦੇ ਹੋ ਜਾਣਾ, ਬਸ ਤੂੰ ਮੇਰਾ ਬਣ ਜਾ। ਫਿਰ ਮੈਂ ਤਾਂ ਤੇਰਾ ਬਣ ਹੀ ਜਾਵਾਂਗਾ, ਮੇਰਾ ਜਿੰਨਾ ਜਗਤ ਹੈ ਜੋ ਜੋ ਵੀ ਮੇਰਾ ਬਣਾਇਆ ਹੈ ਉਹ ਸਾਰਾ ਜਗਤ ਤੇਰਾ ਬਣ ਜਾਵੇਗਾ।

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ।*
*ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥*

ਬਾਹਰੋਂ ਚੋਕਾ ਸਵਾਰਨਾ ਸੋਖਾ ਹੈ ਪਰ ਅੰਦਰੋਂ ਆਪਾ ਸਵਾਰਨਾ ਔਖਾ ਹੈ। ਸਾਧੂ ਆਪਣਾ ਆਪਾ ਸਵਾਰ। ਤੇਰਾ ਆਪਣਾ ਆਪ ਹੀ ਪ੍ਰਮਾਤਮਾ ਦਾ ਚੌਕਾ ਹੈ। ਸਾਧੂ ਰੋ ਰਿਹਾ ਸੀ। ਸਤਿਗੁਰੂ ਨਾਨਕ ਦੇਵ ਦੇ ਚਰਨਾਂ ਤੇ ਡਿਗਾ ਸੀ। ਕਹਿ ਰਿਹਾ ਸੀ, ਬਖਸ਼ਣਹਾਰ ਬਖਸ਼ ਲਵੋ ਮੈਂ ਭੁੱਲਾ ਹੀ ਰਿਹਾ ਹਾਂ। ਪਤਾ ਨਹੀਂ ਕਿੰਨੇ ਕੁ ਦਿਲ ਦੁਖਾਏ ਹਨ। ਮੈਂ ਹਜ਼ਾਰਾਂ ਵਾਰ ਪ੍ਰਮਾਤਮਾ ਦਾ ਚੌਕਾ ਭਰਿਸ਼ਟ ਕੀਤਾ ਹੈ।

ਸਤਿਗੁਰਾਂ ਕਿਹਾ, ਮਰਦਾਨੇ ਦਾ ਸਰੀਰ ਕਿਸ ਨੇ ਦਿਤਾ ਹੈ। ਸਾਧੂ ਨੇ ਕਿਹਾ, ਪ੍ਰਮਾਤਮਾ ਨੇ। ਸਤਿਗੁਰਾਂ ਨੇ ਕਿਹਾ ਫਿਰ ਇਹ ਪ੍ਰਛਾਵਾਂ ਕਿਸ ਦਾ ਹੈ? ਸਾਧੂ ਨੇ ਕਿਹਾ, ਪ੍ਰਮਾਤਮਾ ਦਾ। ਸਾਧੂ ਗੱਲ ਸਮਝ ਗਿਆ। ਦੌੜ ਕੇ ਮਰਦਾਨੇ ਦੇ ਚਰਨੀਂ ਪੈ ਗਿਆ। ਭਾਈ ਮਰਦਾਨੇ ਨੇ ਉਠਾਇਆ ਤੇ ਗਲ ਨਾਲ ਲਾ ਲਿਆ। ਦੋਵੇਂ ਇਕ ਜ਼ਬਾਨ ਹੋ ਕੇ ਕਹਿ ਰਹੇ ਸਨ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ। ਸਤਿਗੁਰਾਂ ਨੇ ਦੋਵਾਂ ਦੇ ਸਿਰ ਤੇ ਹੱਥ ਰੱਖਿਆ ਤੇ ਕਿਹਾ : ਦੋ ਦੀਵੇ ਇਕ ਜੋਤ।

# 3

ਉਜੈਨ ਨਗਰੀ ਉਹ ਨਗਰੀ ਹੈ ਜਿਥੇ ਕਦੀ ਰਾਜੇ ਭਰਥਰੀ ਨੇ ਰਾਜ ਕੀਤਾ ਸੀ ਤੇ ਇਸ ਨਗਰ ਤੋਂ ਆਪਣੀ ਰਾਣੀ ਪਿੰਗਲਾ ਦੀ ਬੇਵਫਾਈ ਕਰਕੇ ਰਾਜ ਛੱਡ ਕੇ ਜੋਗੀ ਬਣ ਕੇ ਚਲਾ ਗਿਆ ਸੀ। ਇਹੀ ਉਜੈਨ ਨਗਰੀ ਹੈ, ਜਿਥੇ ਰਾਜੇ ਬਿਕ੍ਰਮਾਜੀਤ ਨੇ ਰਾਜ ਕੀਤਾ, ਜਿਸ ਦੇ ਨਾਂ ਤੇ ਅੱਜ ਸੰਮਤ ਚਲ ਰਿਹਾ ਹੈ, ਅਤੇ ਇਹ ਰਾਜੇ ਭਰਥਰੀ ਦਾ ਛੋਟਾ ਭਰਾ ਸੀ । ਇਹੀ ਉਜੈਨ ਨਗਰੀ ਹੈ, ਜਿਥੇ ਰਾਜੇ ਭੋਜ ਨੇ ਰਾਜ ਕੀਤਾ ਸੀ ਜੋ ਸੰਸਕ੍ਰਿਤ ਦਾ ਮਹਾਨ ਵਿਦਵਾਨ ਸੀ। ਇਹ ਨਗਰੀ ਵਿਦਿਆ ਤੇ ਅਕਲ ਦੀ ਖਾਣ ਸਮਝੀ ਜਾਂਦੀ ਸੀ। ਇਸ ਨਗਰੀ ਵਿਚ ਵਿਦਵਾਨਾਂ ਦੀ ਆਵਾਜਾਈ ਬਣੀ ਰਹਿੰਦੀ ਸੀ, ਅਤੇ ਕਦੀ ਕਦੀ ਵਿਦਵਾਨਾਂ ਦੀ ਬਹਿਸ ਵੀ ਹੁੰਦੀ ਰਹਿੰਦੀ ਸੀ ਜਿਸ ਨੂੰ ਸੁਣਨ ਵਾਸਤੇ ਆਮ ਲੋਕਾਂ ਦਾ ਇਕੱਠ ਹੋ ਜਾਂਦਾ ਸੀ। ਅੱਜ ਇੱਥੇ ਲੋਕਾਂ ਦੀ ਭੀੜ ਹੈ ਕਿਉਂਕਿ ਅੱਜ ਇੱਥੇ ਇਕ ਮਹਾਨ ਪੰਡਤ ਆਇਆ ਹੈ ਜੋ ਵਿਦਿਆ ਦੇ ਬਲ ਨਾਲ ਜਗਤ ਦੇ ਵਿਦਵਾਨਾਂ ਨੂੰ ਜਿਤਦਾ ਫਿਰਦਾ ਸੀ ਤੇ ਜਿਸਦਾ ਦਾਅਵਾ ਸੀ ਕਿ ਮੈਂ ਸਾਰੇ ਜਗਤ ਦੇ ਵਿਦਵਾਨਾ ਨੂੰ ਬਹਿਸ ਵਿਚ ਹਰਾ ਕੇ ਹੀ ਰਹਾਂਗਾ, ਤੇ ਇਸ ਬਾਰੇ ਪ੍ਰਸਿੱਧ ਸੀ ਕਿ ਇਹ ਚਰਚਾ ਅਰੰਭ ਕਰਨ ਤੋਂ ਪਹਿਲੇ ਇਕ ਸ਼ਰਤ ਲਗਾ ਦੇਂਦਾ ਸੀ ਕਿ ਜੇ ਮੈਂ ਚਰਚਾ ਵਿਚ ਹਾਰ ਗਿਆ ਤਾਂ ਵਿਰੋਧੀ ਵਿਦਵਾਨ ਨੂੰ ਹੱਕ ਹੋਵੇਗਾ ਕਿ ਉਹ ਮੇਰੇ ਸਾਰੇ ਗ੍ਰੰਥ ਲੈ ਲਵੇ, ਤੇ ਜੇ ਵਿਰੋਧੀ ਵਿਦਵਾਨ ਚਰਚਾ ਵਿਚ ਹਾਰ ਗਿਆ ਤਾਂ ਬਿਨਾਂ ਕਿਸੇ ਹੀਲ ਹੁਜਤ ਦੇ ਉਹ ਆਪਣੇ ਸਾਰੇ ਗ੍ਰੰਥ ਮੇਰੇ ਸਾਹਮਣੇ ਅਰਪਣ ਕਰ ਦੇਵੇਗਾ। ਇਹ ਪੰਡਤ ਉਜੈਨ ਨਗਰੀ ਵਿਚ ਆਇਆ। ਵਿਦਵਾਨਾਂ ਨੂੰ ਪਤਾ ਸੀ ਕਿ ਇਹ

ਬੰਦਾ ਬੜਾ ਚਤੁਰ ਹੈ। ਬਹਿਸ ਵਿਚ ਇਸ ਨੂੰ ਜਿੱਤਣਾ ਬੜਾ ਹੀ ਮੁਸ਼ਕਲ ਹੈ। ਇਕ ਜੋਤਿਸ਼ ਵਿਦਿਆ ਦੇ ਜਾਣਕਾਰ ਨੇ ਇਹ ਕਹਿ ਦਿੱਤਾ ਕਿ ਇਹ ਬਹੁਤ ਹੰਕਾਰਿਆ ਹੋਇਆ ਹੈ ਤੇ ਮੇਰੀ ਵਿਦਿਆ ਅਨੁਸਾਰ ਅੰਦਾਜ਼ਾ ਹੈ ਕਿ ਇਸ ਨਗਰੀ ਦੇ ਇਕ ਤੇਲੀ ਕੋਲੋਂ ਇਸ ਨੂੰ ਹਾਰ ਹੋ ਸਕਦੀ ਹੈ। ਵੈਸੇ ਕੋਈ ਹੈਰਾਨਗੀ ਵਾਲੀ ਗੱਲ ਨਹੀਂ, ਵਿਦਵਾਨ ਸਿਰਫ਼ ਵਿਦਵਾਨ ਦੀ ਗੱਲ ਦਾ ਜਵਾਬ ਦੇ ਸਕਦਾ ਹੈ। ਕਿਸੇ ਵੀ ਮੂਰਖ ਨਾਲ ਵਾਹ ਪੈ ਜਾਏ ਤਾਂ ਵਿਦਵਾਨ ਪਾਸ ਉਸਦਾ ਕੋਈ ਉੱਤਰ ਨਹੀਂ ਹੁੰਦਾ। ਵਿਦਵਾਨ ਨੂੰ ਚੁਪ ਕਰਨਾ ਪੈਂਦਾ ਹੈ ਤੇ ਲੋਕਾਂ ਦੀ ਨਜ਼ਰ ਵਿਚ ਜਿਹੜਾ ਚੁਪ ਕਰ ਗਿਆ ਉਹ ਹਾਰ ਗਿਆ ਸਮਝ ਲਿਆ ਜਾਂਦਾ ਹੈ। ਕੁਛ ਵਿਦਵਾਨਾਂ ਨੂੰ ਇਹ ਰਾਏ ਪਸੰਦ ਆਈ ਕਿ ਜੇਕਰ ਹਾਰ ਵੀ ਜਾਏ ਤਾਂ ਇਕ ਤੇਲੀ ਹਾਰ ਜਾਏਗਾ। ਜੇ ਜਿੱਤ ਜਾਏ, ਫਿਰ ਤਾਂ ਉਸ ਵਿਦਰਾਨ ਦਾ ਕੁਝ ਰਹਿਣਾ ਹੀ ਨਹੀਂ। ਸਾਰੀ ਉਮਰ ਕਿਤੇ ਮੂੰਹ ਦੇਣ ਜੋਗਾ ਨਹੀਂ ਰਹੇਗਾ। ਖੈਰ ਕੁਝ ਵੀ ਹੋਵੇ ਇਸ ਕੰਮ ਵਿਚ ਘਾਟੇ ਵਾਲੀ ਗੱਲ ਕੋਈ ਨਹੀਂ, ਦੋਵੇਂ ਪਾਸੇ ਫਾਇਦਾ ਹੀ ਫਾਇਦਾ ਹੈ। ਕੁਛ ਪੰਡਤ ਗਾਂਗੇ ਤੇਲੀ ਪਾਸ ਪਹੁੰਚ ਗਏ, ਵੇਖਿਆ ਕਿ ਇਸ ਦੀ ਇਕ ਅੱਖ ਨਹੀਂ, ਪਰ ਆਮ ਜਨਤਾ ਨਾਲ ਵਾਹ ਹੋਣ ਕਰਕੇ ਬੋਲਚਾਲ ਦਾ ਢੰਗ ਠੀਕ ਜਾਪਿਆ। ਵਿਦਵਾਨਾਂ ਗਾਂਗੇ ਤੇਲੀ ਨੂੰ ਮਨਾ ਲਿਆ ਕਿ ਉਹ ਸਟੇਜ ਤੇ ਬੈਠ ਜਾਏਗਾ, ਅੱਗੇ ਜੋ ਹੋਵੇ ਉਸ ਦੀ ਕੋਈ ਜ਼ੁੰਮੇਵਾਰੀ ਨਹੀਂ ਕਿਉਂਕਿ ਉਸਨੂੰ ਤਾਂ ਕੁਛ ਆਉਂਦਾ ਹੀ ਨਹੀਂ, ਉਹ ਅਣਪੜ੍ਹ ਹੈ। ਪੰਡਤਾਂ ਨੇ ਉਸਨੂੰ ਪੰਡਤਾਂ ਵਾਲਾ ਪਹਿਰਾਵਾ ਪਹਿਨਾ ਦਿੱਤਾ। ਗਾਂਗੇ ਨੇ ਕਦੀ ਜੁੱਤੀ ਪਾਈ ਨਹੀਂ ਸੀ ਪਰ ਅੱਜ ਵਿਦਵਾਨਾਂ ਦੇ ਮੁਕਾਬਲੇ ਤੇ ਜਾਣ ਵਾਲਾ ਬੰਦਾ ਨੰਗੇ ਪੈਰੀਂ ਜਾਏ ਉਸਨੂੰ ਸ਼ੋਭਾ ਨਹੀਂ ਦਿੰਦਾ। ਵਿਦਵਾਨਾਂ ਜੁੱਤੀ ਵੀ ਲੈ ਕੇ ਪੈਰੀਂ ਪਾ ਦਿਤੀ। ਨਵੀਂ ਜੁਤੀ ਪੈਰਾਂ ਨੂੰ ਲੱਗੇ, ਦੁਖ ਦੇਵੇ। ਗਾਂਗੇ ਨੇ ਜੁੱਤੀ ਇਕ ਕਪੜੇ ਵਿਚ ਲਪੇਟੀ ਤੇ ਆਪਣੀ ਬਗਲ ਵਿਚ ਰੱਖ ਲਈ। ਬੜੇ ਹੀ ਆਦਰ-ਮਾਣ ਨਾਲ ਗਾਂਗੇ ਨੂੰ ਵਿਦਵਾਨ ਮੰਚ ਤੇ ਲੈ ਕੇ ਗਏ। ਦੋਹਾਂ ਵਿਦਵਾਨਾਂ ਦੇ ਸਬੰਧ ਵਿਚ ਕੁਛ ਕਿਹਾ ਤੇ ਚਰਚਾ ਸ਼ੁਰੂ ਹੋ ਗਈ। ਬਾਹਰੋਂ ਆਏ ਵਿਦਵਾਨ ਨੇ ਕਿਹਾ ਕਿ ਜੇ ਪੰਡਤ ਜੀ ਰਸਨਾ ਨਾਲ ਬੋਲ ਕੇ ਚਰਚਾ ਕਰਨ ਤੋਂ ਪਹਿਲੇ ਹੱਥ

ਦੇ ਇਸ਼ਾਰੇ ਸਮਝਣ, ਤਾਂ ਫਿਰ ਜ਼ਬਾਨ ਨਾਲ ਗੱਲ ਹੋਵੇਗੀ। ਅਕਸਰ ਇਸ਼ਾਰਿਆਂ ਨਾਲ ਵਿਦਵਾਨ ਗੱਲਾਂ ਕਰਦੇ ਸਨ ਤੇ ਬਾਕਾਇਦਾ ਇਸ਼ਾਰਿਆਂ ਦੀ ਭਾਸ਼ਾ ਹੁੰਦੀ ਸੀ, ਜਿਵੇਂ ਕਿ ਅੱਜ ਵੀ ਗੂੰਗਿਆਂ ਦੀ ਭਾਸ਼ਾ, ਇਸ਼ਾਰਿਆਂ ਦੀ ਭਾਸ਼ਾ ਹੀ ਹੈ। ਉਸ ਵਿਦਵਾਨ ਪੰਡਤ ਨੇ ਇਸ਼ਾਰੇ ਵਿਚ ਇਕ ਉਂਗਲੀ ਖੜ੍ਹੀ ਕੀਤੀ ਜਿਸਦਾ ਭਾਵ ਸੀ ਕਿ ਪ੍ਰਮਾਤਮਾ ਇਕ ਹੈ। ਪਰ ਗਾਂਗੇ ਨੇ ਆਪਣੀ ਸਮਝ ਅਨੁਸਾਰ ਕੁਛ ਸਮਝਣਾ ਸੀ, ਉਸ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ, ਤੇਰੀ ਸਿਰਫ਼ ਇਕ ਅੱਖ ਹੈ, ਇਸ ਉਂਗਲੀ ਨਾਲ ਮੈਂ ਇਹ ਵੀ ਕੱਢ ਦਿਆਂਗਾ। ਉਸਨੇ ਸਮਝਿਆ ਇਹ ਮੈਨੂੰ ਧਮਕੀ ਦੇ ਰਿਹਾ ਹੈ। ਇਸਦੇ ਉੱਤਰ ਵਿਚ ਗਾਂਗੇ ਨੇ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ ਕਿ ਜੇ ਤੂੰ ਮੇਰੀ ਇਕ ਅੱਖ ਕੱਢੇਂਗਾ ਤਾਂ ਮੈਂ ਤੇਰੀਆਂ ਦੋਵੇਂ ਹੀ ਅੱਖਾਂ ਕੱਢ ਦਿਆਂਗਾ। ਪੰਡਤ ਆਪਣੇ ਗਿਆਨ ਮੁਤਾਬਿਕ ਸਮਝਿਆ ਕਿ ਇਹ ਕਹਿ ਰਿਹਾ ਹੈ ਕਿ ਪ੍ਰਮਾਤਮਾ ਤਾਂ ਇਕ ਹੈ ਪਰ ਉਸ ਦੇ ਦੋ ਰੂਪ ਹਨ ਇਕ ਨਿਰਗੁਣ ਤੇ ਦੂਸਰਾ ਸਰਗੁਣ। ਪੰਡਤ ਜੀ ਸਮਝ ਗਏ ਕਿ ਬੰਦਾ ਸਮਝਦਾਰ ਹੈ। ਇਸ ਨੇ ਮੇਰੇ ਪ੍ਰਸ਼ਨ ਦਾ ਸਹੀ ਉੱਤਰ ਦਿਤਾ ਹੈ। ਉਨ੍ਹਾਂ ਨੇ ਹੱਥ ਦੇ ਇਸ਼ਾਰੇ ਨਾਲ ਦੂਸਰਾ ਪ੍ਰਸ਼ਨ ਕੀਤਾ ਕਿ ਪੰਜ ਤੱਤਾਂ ਦੇ ਪਸਾਰੇ ਕਰਕੇ ਦੋ ਰੂਪ ਭਾਸਦੇ ਹਨ। ਗਾਂਗੇ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਮੈਂ ਤੇਰੇ ਮੂੰਹ ਤੇ ਥੱਪੜ ਮਾਰਾਂਗਾ। ਗਾਂਗੇ ਨੇ ਇਸਦੇ ਉੱਤਰ ਵਿਚ ਮੁੱਠ ਬੰਦ ਕਰ ਲਈ ਕਿ ਥਪੜ ਦੇ ਉੱਤਰ ਵਿਚ ਮੈਂ ਮੁੱਕੀ ਮਾਰਾਂਗਾ। ਪੰਡਤ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ, ਕਿ ਪੰਜਾਂ ਕਾਮ ਆਦਿਕਾਂ ਨੂੰ ਸਰ ਕੀਤਿਆਂ, ਜਿੱਤਿਆਂ, ਪਵਿੱਤਰ ਕੀਤਿਆਂ ਪ੍ਰਮਾਤਮਾ ਮਿਲਦਾ ਹੈ। ਪੰਡਤ ਨੇ ਗਾਂਗੇ ਨੂੰ ਚਰਚਾ ਕਰਨ ਦੇ ਯੋਗ ਸਮਝਿਆ ਤੇ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਉਸਨੇ ਪੁੱਛਣਾ ਚਾਹਿਆ ਕਿ ਕਿਸ ਸ਼ਾਸਤਰ ਦੇ ਆਧਾਰ ਤੇ ਬਹਿਸ ਕੀਤੀ ਜਾਏ। ਉਸਨੇ ਪੁੱਛ ਲਿਆ ਕਿ ਤੁਹਾਡੇ ਕੋਲ ਕਿਹੜਾ ਗ੍ਰੰਥ ਹੈ। ਗਾਂਗਾ ਵਿਚਾਰਾ ਸ਼ੂਦਰ, ਉਸਨੂੰ ਕੀ ਪਤਾ ਕਿ ਗ੍ਰੰਥ ਕੀ ਹੁੰਦੇ ਹਨ। ਸਾਰੀ ਉਮਰ ਕੋਹਲੂ ਹੀ ਚਲਾਉਂਦਾ ਰਿਹਾ। ਉਸਨੂੰ ਤਾਂ ਇਹ ਗਿਆਨ ਹੈ ਕਿ ਖ਼ਲ ਵਿਚੋਂ ਤੇਲ ਪੂਰਾ ਬਾਹਰ ਆ ਗਿਆ ਹੈ ਕਿ ਨਹੀਂ, ਸਰ੍ਹੋਂ ਠੀਕ ਹੈ ਕਿ ਨਹੀਂ, ਗਿਆਨ ਬਾਰੇ ਉਹ ਕੀ ਜਾਣੇ। ਪਰ ਨਾਲ ਲਿਆਉਣ

ਵਾਲਿਆਂ ਉਸਨੂੰ ਸਮਝਾਇਆ ਸੀ ਕਿ ਤੂੰ ਚੁਪ ਨਹੀਂ ਕਰਨਾ, ਬਸ ਜੋ ਮੂੰਹ ਵਿਚ ਆਵੇ ਆਖੀ ਜਾਣਾ। ਗਲ਼ਤ ਠੀਕ ਦੀ ਪ੍ਰਵਾਹ ਨਹੀਂ ਕਰਨੀ। ਜੋ ਵੀ ਪੰਡਤ ਪੁੱਛੇ ਉਸ ਦੇ ਜਵਾਬ ਵਿਚ ਕੁਛ ਨਾ ਕੁਛ ਕਹਿਣਾ ਹੀ ਹੈ। ਉਸੇ ਸਿਖਿਆ ਤੇ ਅਮਲ ਕਰਦਿਆਂ ਹੋਇਆਂ ਗਾਂਗੇ ਨੇ ਫੌਰਨ ਉਤਰ ਦਿਤਾ ਕਿ ਮੇਰੇ ਕੋਲ ਕਪੜੇ ਵਿਚ ਲਪੇਟਿਆ ਹੋਇਆ ਜੋ ਪੁਰਾਨ ਹੈ ਇਸ ਦਾ ਨਾਂ ਕੰਟਕ ਚੂਰਨ ਪੁਰਾਨ ਹੈ। ਭਾਵ ਇਹ ਸੀ ਕਿ ਕੰਡਿਆਂ ਨੂੰ ਚੂਰ ਕਰਨ ਵਾਲਾ ਪੁਰਾਨ ਜੁੱਤੀ ਹੈ। ਤੇ ਪੁੱਛਣ ਲੱਗਾ ਤੁਸੀਂ ਪੜ੍ਹਿਆ ਹੈ ਕਿ ਨਹੀਂ, ਜੇ ਨਹੀਂ ਪੜ੍ਹਿਆ ਤਾਂ ਪੜ੍ਹ ਕੇ ਆਓ। ਪੰਡਤ ਕਹਿਣ ਲੱਗਾ ਮੈਂ ਤਾਂ ਇਸ ਦਾ ਨਾਂ ਹੀ ਪਹਿਲੀ ਵਾਰ ਸੁਣ ਰਿਹਾ ਹਾਂ। ਗਾਂਗੇ ਨੇ ਕਿਹਾ ਫਿਰ ਕੀ ਮਰਜ਼ੀ ਹੈ। ਪੰਡਤ ਨੇ ਸਿਰ ਝੁਕਾ ਕੇ ਕਿਹਾ ਮੈਂ ਥੋੜ੍ਹਾ ਸਮਾਂ ਚਾਹੁੰਦਾ ਹਾਂ ਤਾਂ ਕਿ ਇਸ ਨੂੰ ਪੜ੍ਹ ਕੇ ਵੇਖ ਸਕਾਂ। ਵਿਰੋਧੀ ਵਿਦਵਾਨਾਂ ਬੜਾ ਮਜ਼ਾਕ ਉਡਾਇਆ। ਜਦੋਂ ਪੰਡਤ ਨੂੰ ਪਤਾ ਲੱਗਾ ਕਿ ਉਸ ਨਾਲ ਮਜ਼ਾਕ ਹੋਇਆ ਹੈ, ਵਿਰੋਧੀ ਕੋਈ ਵਿਦਵਾਨ ਨਹੀਂ ਸੀ, ਸਗੋਂ ਉਜੈਨ ਨਗਰੀ ਦਾ ਗਾਂਗਾ ਤੇਲੀ ਸੀ, ਤਾਂ ਉਹ ਬੜਾ ਹੀ ਝੂਰਿਆ :

*ਗੋਸਟ ਗਾਂਗੇ ਤੇਲੀਏ ਪੰਡਤ ਨਾਲ ਹੋਵੈ ਜਗ ਵੇਖੈ।*
*ਖੜੀ ਕਰੇ ਇਕ ਉਂਗਲੀ ਗਾਂਗਾ ਦੋਇ ਵੇਖਾਲੈ ਰੇਖੈ।*
*ਫੇਰ ਉਚਾਇ ਪੰਜਗੁਲਾਂ ਗਾਂਗਾ ਮੁਠ ਹਿਲਾਇ ਅਲੇਖੈ।*
*ਪੈਰੀ ਪੈ ਉਠ ਚਲਿਆ ਪੰਡਤ ਹਾਰ ਭੁਲਾਵੈ ਭੇਖੈ।*
*ਨਿਰਗੁਨ ਸਰਗੁਨ ਅੰਗ ਦੁਇ ਪਰਮੇਸੁਰ ਪੰਜ ਮਿਲਣ ਸਰੇਖੈ।*
*ਅਖੀਂ ਦੋਵੇ ਭੰਨਸਾਂ ਮੁੱਕੀ ਲਾਇ ਹਿਲਾਇ ਨਿਮੇਖੈ।*
*ਮੂਰਖ ਪੰਡਤ ਸੁਰਤ ਵਿਸੇਖੈ।*

ਵਾਰ ੩੨-ਪਉੜੀ ੧੯ ਭਾ: ਗੁ:

ਇਸ ਕਥਾ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਸਮਝ ਕੀ ਹੈ ਤੇ ਬੇਸਮਝੀ ਕੀ ਹੈ? ਸਮਝ ਤੇ ਬੇਸਮਝੀ ਦੋ ਵੱਖ-ਵੱਖ ਚੀਜ਼ਾਂ ਨਹੀਂ ਬਲਕਿ ਇਕ ਹੀ ਚੀਜ਼ ਦੇ ਦੋ ਸਿਰੇ ਹਨ। ਇਕ ਸਿਰਾ ਬੇਸਮਝੀ ਹੈ, ਦੂਸਰਾ ਸਿਰਾ ਸਮਝ ਹੈ। ਇਕ ਸਿਰਾ ਅਗਿਆਨਤਾ ਹੈ ਤੇ ਦੂਸਰਾ ਗਿਆਨ ਹੈ।

ਹੈਰਾਨਕੁੰਨ ਗੱਲ ਇਹ ਹੈ ਕਿ ਵਿਦਵਾਨ ਪੰਡਤਾਂ ਨੂੰ ਵੀ ਇਕ ਅਗਿਆਨੀ ਅਣਪੜ੍ਹ ਗਾਂਗੇ ਤੇਲੀ ਦਾ ਸਹਾਰਾ ਲੈਣਾ ਪੈਂਦਾ ਹੈ। ਸਮਝ ਨੂੰ ਵੀ ਬੇਸਮਝੀ ਦਾ ਸਹਾਰਾ ਲੈਣਾ ਪੈਂਦਾ ਹੈ ਸ਼ਾਇਦ ਇਸੇ ਲਈ ਹੀ ਇਕਬਾਲ ਨੇ ਕਿਹਾ ਸੀ :

*ਅੱਛਾ ਹੈ ਦਿਲ ਕੇ ਪਾਸ ਰਹੇ ਪਾਸਬਾਂ ਅਕਲ*
*ਲੇਕਿਨ ਕਭੀ-ਕਭੀ ਇਸੇ ਤਨਹਾ ਭੀ ਛੋੜ ਦੇ।*

ਪੰਡਤ ਦੀਆਂ ਗੱਲਾਂ ਦਾ ਜਵਾਬ ਤਾਂ ਤੇਲੀ ਦੇਈ ਆ ਰਿਹਾ ਹੈ। ਪੰਡਤ ਨੂੰ ਤੇਲੀ ਦੀ ਗੱਲ ਦਾ ਕੋਈ ਜਵਾਬ ਨਹੀਂ ਆ ਰਿਹਾ। ਪੰਡਤ ਦੇ ਪ੍ਰਸ਼ਨ ਗਿਆਨ ਦੇ ਦਾਇਰੇ ਵਿਚ ਹਨ, ਜੋ ਉਸਨੇ ਪੜ੍ਹਿਆ ਹੈ ਜੋ ਉਸਨੇ ਸਮਝਿਆ ਹੈ ਪਰ ਅਗਿਆਨਤਾ ਦਾ ਕੋਈ ਦਾਇਰਾ ਨਹੀਂ। ਸਮਝ ਦੀ ਹੱਦ ਹੈ, ਪਰ ਬੇਸਮਝੀ ਦੀ ਕੋਈ ਹੱਦ ਨਹੀਂ। ਇਸ ਲਈ ਗਿਆਨ ਅਗਿਆਨ ਦਾ ਮੁਕਾਬਲਾ ਨਹੀਂ ਕਰ ਸਕਦਾ। ਸਮਝ ਬੇਸਮਝੀ ਦਾ ਮੁਕਾਬਲਾ ਨਹੀਂ ਕਰ ਸਕਦੀ। ਪੰਡਤ ਉਸ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ, ਜੋ ਉਸ ਨੇ ਪੜ੍ਹਿਆ ਹੈ। ਜੋ ਉਸ ਨੇ ਸਮਝਿਆ ਹੈ, ਪਰ ਸਮੁੱਚਾ ਜੀਵਨ ਨਾ ਹੀ ਪੜ੍ਹਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਮਝਦਾਰ ਜਿਸ ਦੀਆਂ ਗੱਲਾਂ ਕਰਦੇ ਹਨ ਉਸ ਨੂੰ ਜਾਣ ਨਹੀਂ ਸਕਦੇ, ਪਰ ਪੰਡਤ ਜਿਨ੍ਹਾਂ ਨੂੰ ਬੇਸਮਝ ਤੇ ਅਣਪੜ੍ਹ ਕਹਿੰਦੇ ਹਨ, ਉਹ ਰੱਬ ਦੀਆਂ ਗੱਲਾਂ ਭਾਵੇਂ ਘੱਟ ਕਰਨ ਪਰ ਉਹ ਰੱਬ ਨੂੰ ਜਾਣਦੇ ਹਨ। ਉਹ ਦੂਸਰਿਆਂ ਨੂੰ ਬੇਸ਼ੱਕ ਕੁਝ ਸਮਝਾ ਨਹੀਂ ਸਕਦੇ ਪਰ ਵਿਖਾ ਜ਼ਰੂਰ ਸਕਦੇ ਹਨ।

*ਪੰਡਿਤੁ ਹੋਇ ਕੈ ਬੇਦੁ ਬਖਾਨੈ॥ ਮੂਰਖੁ ਨਾਮਦੇਉ ਰਾਮਹਿ ਜਾਨੈ।*

ਟੋਡੀ ਨਾਮਦੇਵ ਪੰਨਾ ੭੧੮

ਪੰਡਤ ਮਨ ਬਾਰੇ ਵਿਚਾਰ ਦੇ ਸਕਦਾ ਹੈ, ਪਰ ਮਨ ਤੇ ਕਾਬੂ ਨਹੀਂ। ਕਬੀਰ ਸਾਹਿਬ ਕਹਿੰਦੇ ਹਨ ਤੇਰਾ ਵੇਦ ਕੀ ਹੈ। ਮਨ ਬਾਰੇ ਵਿਚਾਰ ਕਿ ਮਨ ਕੀ ਹੈ, ਪਰ ਮੈਂ ਤਾਂ ਉਸ ਦੀ ਅਸਵਾਰੀ ਕਰ ਰਿਹਾ ਹਾਂ। ਤੇਰੇ ਵੇਦ ਵਿਚ ਜਿਸ ਮਨ ਬਾਰੇ ਵਿਚਾਰਾਂ ਹਨ, ਫਿਰ ਉਨ੍ਹਾਂ ਵਿਚਾਰਾਂ ਦੇ ਜਾਲ

ਨਾਲੋਂ ਉਹ ਬੰਦਾ ਸੌਖਾ ਹੈ, ਭਲਾ ਹੈ, ਚੰਗਾ ਹੈ, ਜੋ ਮਨ ਤੇ ਅਸਵਾਰੀ ਕਰਨੀ ਜਾਣਦਾ ਹੈ।

*ਕਹਤ ਕਬੀਰ ਭਲੇ ਅਸਵਾਰਾ॥ ਬੇਦ ਕਤੇਬ ਤੇ ਰਹਹਿ ਨਿਰਾਰਾ॥*

ਕਈ ਵਾਰ ਐਸਾ ਹੁੰਦਾ ਹੈ ਕਿ ਵਿਦਵਾਨ ਵਿਦਿਆ ਦੇ ਬੋਝ ਥੱਲੇ ਇੰਨਾ ਦਬਿਆ ਜਾਂਦਾ ਹੈ ਕਿ ਵਿਵਹਾਰਕ ਜੀਵਨ ਵਿਚ ਸਮਾਜਕ ਜੀਵਨ ਵਿਚ ਉਹ ਥਾਂ-ਥਾਂ ਤੇ ਹਾਰ ਜਾਂਦਾ ਹੈ। ਪੰਡਤ ਨਾਲ ਤਾਂ ਐਸੀ ਹੁੰਦੀ ਹੈ ਕਿ ਕਬੀਰ ਸਾਹਿਬ ਕਹਿੰਦੇ ਹਨ :

''ਮੈਂ ਮਨ ਉਤੇ ਅਸਵਾਰ ਹਾਂ ਪਰ ਪੰਡਤ ਉਤੇ ਤਾਂ ਹਮੇਸ਼ਾ ਮਨ ਹੀ ਅਸਵਾਰ ਰਹਿੰਦਾ ਹੈ।'

ਫਿਰ ਕੀ ਸੰਸਾਰ ਵਿਚ ਵਿਦਵਾਨ ਨਹੀਂ ਚਾਹੀਦੇ? ਗਾਂਗੇ ਤੇਲੀ ਹੀ ਚਾਹੀਦੇ ਹਨ? ਜਾਂ ਫਿਰ ਦਿਗ ਬਿਜੈ ਕਰਨ ਵਾਲੇ ਪੰਡਤ ਹੀ ਚਾਹੀਦੇ ਹਨ? ਇਸ ਸੰਸਾਰ ਵਿਚ ਦੋਵੇਂ ਹੀ ਚਾਹੀਦੇ ਹਨ, ਪਰ ਜ਼ਰਾ ਹੋਰ ਰੂਪ ਵਿਚ। ਇਹ ਬੇਸਮਝ ਤੇ ਸਮਝਦਾਰ, ਗਿਆਨੀ ਤੇ ਅਗਿਆਨੀ ਦੋਵੇਂ ਹੀ ਦੀਵੇ ਹਨ। ਦੋਵੇਂ ਰਲ ਕੇ ਚੱਲਣ, ਦੋਵਾਂ ਦਾ ਸੰਗਮ ਹੋ ਜਾਵੇ ਤਾਂ ਬੜਾ ਪਿਆਰਾ ਤੇ ਨਿਰਾਲਾ ਮਨੁੱਖ ਪੈਦਾ ਹੋ ਸਕਦਾ ਹੈ। ਕਦੀ ਇਹ ਦੋਵੇਂ ਦੀਵੇ ਸਾਹਮਣੇ-ਸਾਹਮਣੇ ਰੱਖੇ ਜਾਣ ਤਾਂ ਇਕ ਦੂਸਰੇ ਦਾ ਅੰਧੇਰਾ ਦੂਰ ਕਰ ਸਕਦੇ ਹਨ।

ਗਾਂਗੇ ਦਾ ਜੋੜਾ ਵੀ ਬੜਾ ਹੀ ਕੀਮਤੀ ਹੈ। ਪੰਡਤ ਦਾ ਪੁਰਾਣ ਵੀ ਬਹੁਤ ਕੀਮਤੀ ਹੈ। ਜੋੜੇ ਨਾਲ ਪੈਰਾਂ ਨੇ ਚਲਣਾ ਹੈ, ਸ਼ਾਸਤਰ ਨਾਲ ਸਿਰ ਨੇ ਚੱਲਣਾ ਹੈ, ਪਰ ਵਰਤੋਂ ਦੋਵੇਂ ਹੀ ਗਲਤ ਕਰ ਰਹੇ ਹਨ। ਇਕ ਜੋੜੇ ਨੂੰ ਸ਼ਾਸਤਰ ਦੇ ਥਾਂ ਵਰਤ ਰਿਹਾ ਹੈ, ਦੂਸਰਾ ਸ਼ਾਸਤਰ ਨੂੰ ਜੋੜੇ ਦੇ ਥਾਂ ਤੇ ਵਰਤ ਰਿਹਾ ਹੈ। ਜਗਤ ਨੂੰ ਜਿੱਤਣਾ ਸ਼ਾਸਤਰ ਦਾ ਕੰਮ ਨਹੀਂ। ਪੰਡਤ ਨੇ ਪੋਥੀ ਨੂੰ ਜੁੱਤੀ ਬਣਾਇਆ ਹੈ। ਜੇ ਪੰਡਤ ਪੋਥੀ ਨਾਲ ਸਿਰਫ ਰੋਟੀ ਹੀ ਪੂਰੀ ਕਰ ਰਿਹਾ ਹੈ ਤਾਂ ਸਤ ਪੁਰਸ਼ਾਂ ਨੇ ਸਚ ਹੀ ਕਿਹਾ ਹੈ ਕਿ ਤੂੰ ਉਸ ਘੁਮਿਆਰ ਵਰਗਾ ਹੈਂ ਜਿਹੜਾ ਖੋਤੀ ਤੇ ਭਾਰ ਢੋ ਕੇ ਰੋਟੀ ਪੂਰੀ ਕਰ ਰਿਹਾ ਹੈ :

''ਕਿਸੇ ਵਾਹੀਆਂ ਪੋਥੀਆਂ ਕਿਸੇ ਵਾਹੀਆਂ ਖੇਤੀਆਂ''

ਜੇ ਦੂਸਰੇ ਨੂੰ ਦਬਾਉਣ ਦਾ ਖਿਆਲ ਹੈ ਤਾਂ ਪੋਥੀ ਜੁੱਤੀ ਦਾ ਕੰਮ ਕਰ ਰਹੀ ਹੈ। ਗਾਂਗਾ ਵੀ ਗਲਤ ਕੰਮ ਕਰ ਰਿਹਾ ਹੈ। ਜੁੱਤੀ ਨੂੰ ਉਸ ਥਾਂ ਤੇ ਰੱਖਿਆ ਹੈ ਜਿਥੇ ਪੋਥੀ ਰੱਖੀਦੀ ਹੈ। ਬ੍ਰਹਮ ਚਰਚਾ ਵਿਚ ਜੁੱਤੀ ਲੈ ਜਾਣੀ ਠੀਕ ਨਹੀਂ। ਖੈਰ ਗਾਂਗੇ ਨੂੰ ਤਾਂ ਮੁਆਫ਼ ਕੀਤਾ ਜਾ ਸਕਦਾ ਹੈ ਉਹ ਅਣਪੜ੍ਹ ਹੈ ਪਰ ਪੰਡਤ ਨੂੰ ਮੁਆਫ਼ ਕਰਨਾ ਬੜਾ ਮੁਸ਼ਕਲ ਹੈ। ਫਿਰ ਗਾਂਗੇ ਕੋਲ ਇਕ ਉੱਤਰ ਹੈ ਕਿ ਜੇ ਇਸ ਸਭਾ ਵਿਚ ਮੈਂ ਜੁੱਤੀ ਲੈ ਕੇ ਗਿਆ ਹਾਂ ਤਾਂ ਮੇਰਾ ਕੀ ਗੁਨਾਹ ਹੈ। ਪੰਡਤ ਨੇ ਵੀ ਤਾਂ ਸ਼ਾਸਤਰ ਜੁੱਤੀ ਦੀ ਤਰ੍ਹਾਂ ਵਰਤਿਆ ਹੈ। ਪਰ ਪੰਡਤ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਉਸਨੇ ਪੋਥੀ ਨੂੰ ਲੋਕਾਂ ਨੂੰ ਦਬਾਉਣ ਲਈ ਹਰਾਉਣ ਲਈ ਜੁੱਤੀ ਦੀ ਤਰ੍ਹਾਂ ਕਿਉਂ ਵਰਤਿਆ ਹੈ। ਫਿਰ ਜੇ ਗਾਂਗਾ ਜੁੱਤੀ ਦੇ ਮੁਕਾਬਲੇ ਜੁੱਤੀ ਲੈ ਗਿਆ ਹੈ ਤਾਂ ਉਸਦਾ ਕੋਈ ਗੁਨਾਹ ਨਹੀਂ, ਉਹ ਸ਼ਾਸਤਰ ਦੇ ਮੁਕਾਬਲੇ ਵਿਚ ਜੁੱਤੀ ਲੈ ਕੇ ਨਹੀਂ ਗਿਆ। ਉਹ ਤਾਂ ਜੁੱਤੀ ਦੇ ਮੁਕਾਬਲੇ ਵਿਚ ਜੁੱਤੀ ਲੈ ਕੇ ਗਿਆ ਹੈ।

ਅਸਲ ਵਿਚ ਬੇਸਮਝੀ ਬੀਜ ਹੈ ਸਮਝਦਾਰੀ ਦਾ, ਜੇ ਬੰਦਾ ਅਗਿਆਨੀ ਨਾ ਹੁੰਦਾ ਤਾਂ ਦੁਨੀਆ ਦੇ ਗਿਆਨੀ ਕਦੋਂ ਦੇ ਬੇਕਾਰ ਹੋ ਗਏ ਹੁੰਦੇ। ਕੋਈ ਵਿਦਿਆਲਾ ਕੋਈ ਸਕੂਲ, ਕਾਲਜ ਨਾ ਹੁੰਦਾ, ਅਗਿਆਨਤਾ ਦੇ ਆਸਰੇ ਹੀ ਗਿਆਨ ਦੀ ਖੇਡ ਚੱਲ ਰਹੀ ਹੈ। ਇਹ ਸੱਚ ਹੈ ਕਿ ਗਾਂਗੇ ਤੇਲੀ ਦੇ ਆਸਰੇ ਹੀ ਪੰਡਤ ਦੀਆਂ ਪੋਥੀਆਂ ਹਨ।

ਗਾਂਗੇ ਦੀ ਅਗਿਆਨਤਾ ਨਾ ਹੋਵੇ ਤਾਂ ਪੰਡਤ ਦੀਆਂ ਪੋਥੀਆਂ ਬੇਕਾਰ ਹੋ ਜਾਣ। ਕਿਸੇ ਉਸਤਾਦ ਨੂੰ ਪੁੱਛੋ ਕਿ ਤੁਸੀਂ ਕਹਿੰਦੇ ਹੋ ਅਣਪੜ੍ਹ ਅਗਿਆਨੀ ਪਸ਼ੂ ਹੈ, ਮੂਰਖ ਹੈ, ਅਗਿਆਨਤਾ ਨਾਲ ਮੇਰਾ ਵੈਰ ਹੈ, ਫਿਰ ਕਿਉਂ ਅਗਿਆਨੀਆਂ ਨੂੰ ਲੱਭਦੇ ਫਿਰਦੇ ਹੋ। ਕੀ ਤੁਹਾਡੇ ਪਾਸ ਪੜ੍ਹਨ ਵਾਸਤੇ ਮਹਾਂ ਗਿਆਨੀ ਆਉਂਦੇ ਹਨ। ਜਵਾਬ ਮਿਲਦਾ ਹੈ ਕਿ ਪੜ੍ਹ ਕੇ ਸਿਆਣੇ ਹੋ ਜਾਣਗੇ। ਇਸ ਦਾ ਭਾਵ ਹੈ ਕਿ ਸਿਖਣ ਦੀ ਸ਼ਕਤੀ, ਵਿਦਿਆ ਗ੍ਰਹਿਣ ਕਰਨ ਦੀ ਸ਼ਕਤੀ ਪ੍ਰਮਾਤਮਾ ਨੇ ਇਸ ਮਨੁੱਖ ਦੇ ਅੰਦਰ ਪਹਿਲਾਂ

ਹੀ ਟਿਕਾਈ ਹੋਈ ਹੈ। ਜਿਸ ਦੇ ਅੰਦਰ ਗ੍ਰਹਿਣ ਕਰਨ ਦੀ ਸ਼ਕਤੀ ਨਹੀਂ ਉਸ ਨੂੰ ਕੋਈ ਪੜ੍ਹਾ ਕੇ ਦੱਸੇ। ਕੁੱਤਾ ਜਿਵੇਂ ਸਤਿਜੁਗ ਵਿਚ ਭੌਂਕਦਾ ਸੀ, ਅੱਜ ਵੀ ਉਸੇ ਤਰ੍ਹਾਂ ਹੀ ਭੌਂਕਦਾ ਹੈ। ਕੁੱਤੇ ਤੇ ਨਾ ਸਮੇਂ ਦਾ ਤੇ ਨਾ ਹੀ ਦੇਸ਼ ਜਾਂ ਭਾਸ਼ਾ ਦਾ ਅਸਰ ਹੁੰਦਾ ਹੈ। ਮੈਂ ਇੰਡੀਆ, ਨਿਪਾਲ, ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਜਾਪਾਨ, ਇੰਗਲੈਂਡ, ਅਮਰੀਕਾ, ਕੈਨੇਡਾ ਦੇ ਕੁੱਤੇ ਭੌਂਕਦੇ ਸੁਣੇ ਹਨ। ਸਾਰਿਆਂ ਦੀ ਭੌਂਕਣ ਦੀ ਆਵਾਜ਼ ਇਕੋ ਜਿਹੀ ਹੈ। ਐਸਾ ਨਹੀਂ ਕਿ ਭਾਰਤ ਦੇ ਕੁੱਤੇ ਹਿੰਦੀ ਵਿਚ ਭੌਂਕਦੇ ਹਨ ਤੇ ਇੰਗਲੈਂਡ ਦੇ ਕੁੱਤੇ ਅੰਗਰੇਜ਼ੀ ਵਿਚ ਭੌਂਕਦੇ ਹਨ। ਕਾਂ ਵੀ ਹਰ ਦੇਸ਼ ਵਿਚ ਕਾਂ ਕਾਂ ਹੀ ਕਰਦਾ ਹੈ। ਜੇ ਵਿਦਵਾਨ ਪੜ੍ਹਾ ਸਕਣ ਤਾਂ ਸਾਰੇ ਰਲ ਕੇ ਕਾਂ ਦੀ ਬੋਲੀ ਬਦਲ ਦੇਣ, ਪਰ ਐਸਾ ਨਹੀਂ ਕਰ ਸਕੇ। ਬੰਦੇ ਦੀ ਹੀ ਬੇਸਮਝੀ ਦੂਰ ਕਰਨ ਤੇ ਹੀ ਕਿਉਂ ਜ਼ੋਰ ਹੈ। ਬੰਦੇ ਨੂੰ ਹੀ ਪੜ੍ਹਾਉਣ ਤੇ ਕਿਉਂ ਜ਼ੋਰ ਹੈ। ਉਸਤਾਦ ਚੰਗੀ ਤਰ੍ਹਾਂ ਸਮਝਦਾ ਹੈ ਕਿ ਬੰਦੇ ਦੀ ਬੇਸਮਝੀ ਵਿਚ ਵੀ ਪ੍ਰਮਾਤਮਾ ਨੇ ਸਮਝਦਾਰੀ ਰੱਖੀ ਹੋਈ ਹੈ। ਇਸ ਨੂੰ ਸਿਖਾਇਆ ਜਾ ਸਕਦਾ ਹੈ। ਬਾਣੀ ਵਿਚ ਇਸੇ ਲਈ ਕਿਹਾ ਹੈ :

*ਨਾ ਕੋ ਮੂਰਖੁ ਨਾ ਕੋ ਸਿਆਣਾ॥*
*ਵਰਤੈ ਸਭ ਕਿਛੁ ਤੇਰਾ ਭਾਣਾ॥*

ਮਾਝ ਮ: ੫, ਪੰਨਾ ੯੮

ਜਿਸ ਨੂੰ ਅਸੀਂ ਅਣਪੜ੍ਹ ਤੇ ਬੇਸਮਝ ਕਹਿੰਦੇ ਹਾਂ, ਉਸ ਪਾਸ ਜ਼ਿਆਦਾ ਲਫਜ਼ ਤਾਂ ਨਹੀਂ, ਪਰ ਉਹ ਸੁਣ ਕੇ ਗੁਣ ਗ੍ਰਹਿਣ ਛੇਤੀ ਕਰ ਲੈਂਦਾ ਹੈ। ਪਰ ਉਸ ਲਈ ਇਕ ਮੁਸ਼ਕਲ ਹੈ ਕਿ ਉਹ ਦੂਸਰੇ ਨੂੰ ਸਮਝਾ ਨਹੀਂ ਸਕਦਾ ਕਿਉਂਕਿ ਸਮਝਾਉਣ ਦਾ ਮਾਧਿਅਮ ਵਿਦਿਆ ਉਸਦੇ ਪਾਸ ਨਹੀਂ, ਪਰ ਹੈ ਇਹ ਵੀ ਇਕ ਦੀਵਾ, ਦੂਸਰਾ ਦੀਵਾ ਵਿਦਵਾਨ ਹੈ ਜਿਸ ਕੋਲ ਵਿਦਿਆ ਹੈ ਪਰ ਅਸਲੀ ਜੀਵਨ ਤੋਂ ਵਾਂਝਾ ਹੈ। ਜਿਨ੍ਹਾਂ ਗੁਣਾਂ ਬਾਰੇ ਦੂਸਰੇ ਨੂੰ ਕਹਿੰਦਾ ਹੈ ਆਪਣੇ ਪਾਸ ਨਹੀਂ। ਜੇ ਕਦੀ ਦੋਵੇਂ ਹੀ ਦੀਵੇ ਜੁੜ ਜਾਣ, ਦੋਵਾਂ ਦੀ ਰੌਸ਼ਨੀ ਸੰਸਾਰਕ ਭਲਾ ਕਰ ਸਕਦੀ ਹੈ। ਅਣਪੜ੍ਹ ਜਿੱਥੇ ਗੁਣ ਗ੍ਰਾਹੀ ਹੋਵੇਗਾ ਉੱਥੇ ਵਿਦਵਾਨ ਵੀ ਹੋਵੇਗਾ ਅਤੇ ਵਿਦਵਾਨ

ਵਿਦਿਆ ਦੇ ਨਾਲ ਗੁਣ ਗ੍ਰਾਹੀ ਤੇ ਨਿਮਰਤਾ ਦਾ ਭੰਡਾਰਾ ਹੋਵੇਗਾ।

ਗਿਆਨੀ ਤੇ ਅਗਿਆਨੀ ਦੋ ਦੀਵੇ ਹਨ - ਜਿਨ੍ਹਾਂ ਦੀ ਜੋਤ ਇਕ ਹੈ, ਰੋਸ਼ਨੀ ਇਕ ਹੈ, ਕੰਮ ਇਕ ਹੈ। ਜਿੱਥੋਂ ਤਾਰੇ ਨੂੰ ਚਮਕ ਮਿਲੀ ਹੈ, ਰਾਤ ਨੂੰ ਅੰਧੇਰਾ ਵੀ ਉਸੇ ਪ੍ਰਮਾਤਮਾ ਤੋਂ ਮਿਲਿਆ ਹੈ।

*ਵਹੀਂ ਸੇ ਰਾਤ ਕੋ ਜ਼ੁਲਮਤ ਮਿਲੀ ਹੈ*
*ਚਮਕ ਤਾਰੇ ਨੇ ਪਾਈ ਜਹਾਂ ਸੇ।*

ਇਕਬਾਲ

# 4

ਮਮਤਾ ਦੀ ਮਾਰੀ ਇਕ ਮਾਂ ਜਿਸ ਨੇ ਆਪਣੇ ਮੁਰਦਾ ਬੱਚੇ ਦੀ ਲਾਸ਼ ਮੋਢੇ ਨਾਲ ਲਗਾਈ ਹੈ, ਉਦਾਸ ਚਿਹਰਾ, ਭਰੀਆਂ ਹੋਈਆਂ ਅੱਖਾਂ ਨਾਲ ਤੇ ਭਰੇ ਹੋਏ ਦਿਲ ਨਾਲ ਬੜੀ ਹੀ ਬਿਹਬਲ ਅਵੱਸਥਾ ਵਿਚ ਮਹਾਤਮਾ ਬੁੱਧ ਦੇ ਪਾਸ ਆਈ ਤੇ ਆ ਕੇ ਅਰਜ਼ੋਈ ਕੀਤੀ ਤੇ ਕਿਹਾ ਮਹਾਤਮਾ ਜੀ ਤੁਸੀਂ ਜੀਵਨ ਵਿਚ ਬੜੀ ਹੀ ਘਾਲ ਘਾਲੀ ਹੈ। ਤੁਸੀਂ ਬੜੀਆਂ ਬਰਕਤਾਂ ਪ੍ਰਾਪਤ ਕੀਤੀਆਂ ਹਨ। ਮੈਂ ਸੁਣਿਆ ਹੈ, ਤੁਸੀਂ ਬੜੇ ਪਰਉਪਕਾਰੀ ਹੋ। ਤੁਸੀਂ ਕਿਸੇ ਦਾ ਦੁੱਖ ਵੇਖ ਨਹੀਂ ਸਕਦੇ। ਮੈਂ ਆਪਣਾ ਦੁੱਖ ਪ੍ਰਤੱਖ ਰੂਪ ਵਿਚ ਤੁਹਾਡੇ ਸਾਹਮਣੇ ਲੈ ਕੇ ਆਈ ਹਾਂ। ਮੇਰਾ ਇਕੋ ਇਕ ਬੱਚਾ ਸੀ, ਜੋ ਮਰ ਚੁੱਕਾ ਹੈ। ਤੁਸੀਂ ਮਿਹਰ ਦੀ ਨਜ਼ਰ ਕਰੋ, ਇਸ ਬੱਚੇ ਨੂੰ ਜ਼ਿੰਦਾ ਕਰ ਦੇਵੋ। ਬੁੱਧ ਨੇ ਬੜੇ ਤਰਸ ਭਰੇ ਮਨ ਨਾਲ ਤੇ ਦਇਆ ਭਰਪੂਰ ਦ੍ਰਿਸ਼ਟੀ ਨਾਲ ਉਸ ਮਾਤਾ ਵੱਲ ਵੇਖਿਆ ਤੇ ਕਿਹਾ ਕਾਸ਼ ਕਦੀ ਐਸਾ ਹੋ ਸਕਦਾ। ਫਿਰ ਥੋੜ੍ਹੀ ਦੇਰ ਬਾਅਦ ਕਿਹਾ, ਹਾਂ ਤੇਰਾ ਬੱਚਾ ਜ਼ਿੰਦਾ ਹੋ ਸਕਦਾ ਹੈ, ਪਰ ਤੈਨੂੰ ਇਕ ਖੇਚਲ ਕਰਨੀ ਪਵੇਗੀ। ਕੁਝ ਰਾਈ ਦੇ ਦਾਣੇ ਲੈ ਕੇ ਆ ਤੇ ਉਸ ਪਰਿਵਾਰ ਪਾਸੋਂ ਲੈ ਕੇ ਆ, ਜਿਸ ਪਰਿਵਾਰ ਵਿਚ ਕਦੀ ਕੋਈ ਮਰਿਆ ਨਾ ਹੋਵੇ। ਮਮਤਾ ਦੀ ਮਾਰੀ ਮਾਂ ਘਰ ਘਰ ਗਈ। ਰਾਈ ਦੇਣ ਲਈ ਤਾਂ ਬਹੁਤ ਸਾਰੇ ਲੋਕ ਤਿਆਰ ਸਨ ਪਰ ਐਸਾ ਕੋਈ ਘਰ ਨਹੀਂ ਮਿਲਿਆ ਜਿਸ ਘਰ ਵਿਚ, ਜਿਸ ਪਰਿਵਾਰ ਵਿਚ ਕੋਈ ਮਰਿਆ ਨਾ ਹੋਵੇ। ਵੱਧ ਤੋਂ ਵੱਧ ਕਿਸੇ ਦਾ ਪੜਦਾਦਾ ਜ਼ਿੰਦਾ ਹੋਵੇਗਾ! ਉਸ ਤੋਂ ਬਾਅਦ ਤਾਂ ਜਿਉਣਾ ਮੁਸ਼ਕਲ ਹੈ। ਅਨੇਕਾਂ ਉਹ ਘਰ ਮਿਲ ਗਏ ਜਿਨ੍ਹਾਂ

ਘਰਾਂ ਵਿਚ ਏਡੇ ਏਡੇ ਬੱਚੇ ਮਰ ਚੁੱਕੇ ਸਨ ਜਿਤਨੀ ਕੁ ਉਮਰ ਦਾ ਬੱਚਾ ਇਸ ਮਾਈ ਦਾ ਮਰਿਆ ਸੀ। ਬੁੱਧ ਪਾਸ ਵਾਪਸ ਆਈ ਤੇ ਆ ਕੇ ਸ਼ੁਕਰਾਨਾ ਕੀਤਾ ਕਿ, ਮਹਾਤਮਾ ਤੂੰ ਮੇਰੇ ਡੋਲਦੇ ਮਨ ਨੂੰ ਥੰਮ੍ਹੀ ਦਿਤੀ ਹੈ। ਹੁਣ ਮੈਂ ਸਬਰ ਨਾਲ ਪੁੱਤਰ ਦੀ ਲਾਸ਼ ਆਪਣੇ ਮੋਢੇ ਤੋਂ ਉਤਾਰ ਕੇ ਜਲ-ਪ੍ਰਵਾਹ ਕਰ ਸਕਾਂਗੀ। ਮੈਨੂੰ ਇੰਨਾ ਬੋਧ ਹੋ ਗਿਆ ਹੈ ਕਿ ਮੌਤ ਜ਼ਰੂਰੀ ਹੈ। ਜੇ ਮੈਂ ਇਸ ਦੇ ਜਨਮ ਵਿਚ ਰਾਜ਼ੀ ਹਾਂ ਤਾਂ ਮੈਨੂੰ ਇਸ ਦੀ ਮੌਤ ਵਿਚ ਵੀ ਰਾਜ਼ੀ ਹੋਣਾ ਹੀ ਚਾਹੀਦਾ ਹੈ। ਮੈਂ ਸਮਝ ਗਈ ਹਾਂ। ਬੰਦਾ ਜੇ ਜਨਮ ਬਾਰੇ ਸੋਚਦਾ ਹੈ ਤਾਂ ਮਰਨ ਨੂੰ ਜ਼ਰੂਰ ਨਜ਼ਰ-ਅੰਦਾਜ਼ ਕਰ ਦਿੰਦਾ ਹੈ। ਜੇ ਮਰਨ ਦੀ ਗੱਲ ਕਰਦਾ ਹੈ ਤਾਂ ਜਨਮ ਨੂੰ ਨਜ਼ਰ-ਅੰਦਾਜ਼ ਕਰ ਦਿੰਦਾ ਹੈ। ਇਕ ਮਾਤਾ ਆਪਣੇ ਛੋਟੇ ਜਿਹੇ ਬੱਚੇ ਨੂੰ ਬਾਹੋਂ ਫੜ ਕੇ ਦਰਵਾਜ਼ੇ ਦੇ ਅੰਦਰ ਵੱਲ ਖਿੱਚਦੀ ਹੈ ਤੇ ਕਹਿੰਦੀ ਹੈ, ਛੇਤੀ ਕਰ ਅੰਦਰ ਚੱਲ। ਛੇਤੀ ਕਰ ਉਹ ਆ ਗਈ, ਬੱਚਾ ਫਿਰ ਬਾਹਰ ਦੌੜਦਾ ਹੈ ਤੇ ਕਹਿੰਦਾ ਹੈ ਮਾਂ ਮੈਨੂੰ ਵੇਖਣ ਦੇ। ਬੱਚਾ ਫਿਰ ਕਹਿੰਦਾ ਹੈ ਜ਼ਰੂਰ ਹੀ ਵੇਖਾਂਗਾ। ਮੈਂ ਅੰਦਰ ਨਹੀਂ ਜਾਣਾ, ਪਰ ਫਿਰ ਕਹਿੰਦੀ ਹੈ, ਚੱਲ ਅੰਦਰ ਤੇਰੇ ਤੇ ਪ੍ਰਛਾਵਾਂ ਪੈ ਜਾਵੇਗਾ। ਉਹ ਮੁਰਦੇ ਦੀ ਅਰਥੀ ਆ ਰਹੀ ਹੈ। ਆਖਰ ਮਾਂ ਮੂੰਹ ਤੇ ਇਕ ਥੱਪੜ ਵੀ ਮਾਰ ਦਿੰਦੀ ਹੈ ਤੇ ਰੋਂਦੇ ਬੱਚੇ ਨੂੰ ਅੰਦਰ ਧੱਕ ਕੇ ਬਾਹਰੋਂ ਦਰਵਾਜ਼ਾ ਬੰਦ ਕਰ ਦਿੰਦੀ ਹੈ। ਪਰ ਬੱਚਿਆਂ ਦਾ ਸੁਭਾ ਹੈ ਜਿਸ ਪਾਸਿਉਂ ਇਨ੍ਹਾਂ ਨੂੰ ਰੋਕੋ ਇਹ ਉਸ ਪਾਸੇ ਹੀ ਫਿਰ ਜਾਂਦੇ ਹਨ। ਉਹ ਬੱਚਾ ਮਕਾਨ ਦੇ ਉੱਪਰ ਚੜ੍ਹ ਜਾਂਦਾ ਹੈ ਤੇ ਵੇਖ ਰਿਹਾ ਹੈ। ਮਾਂ ਨਹੀਂ ਚਾਹੁੰਦੀ, ਇਹ ਮੌਤ ਦਾ ਨਾਂ ਵੀ ਸੁਣੇ ਪਰ ਇਹ ਮੌਤ ਦੇ ਪ੍ਰਤੱਖ ਦਰਸ਼ਨ ਕਰ ਰਿਹਾ ਹੈ। ਮਾਂ ਆਵਾਜ਼ਾਂ ਦੇਂਦੀ ਹੈ ਕਿ ਤੂੰ ਥੱਲੇ ਆ ਜਾ। ਮਨੁੱਖ ਨੇ ਹਮੇਸ਼ਾ ਹੀ ਸ਼ਮਸ਼ਾਨ ਘਾਟ ਵਸੋਂ ਤੋਂ ਦੂਰੇਡੇ ਹੀ ਬਣਾਏ ਹਨ, ਪਰ ਅਫਸੋਸ ਕਿ ਸ਼ਮਸ਼ਾਨ ਘਾਟ ਫਿਰ ਵਸੋਂ ਦੇ ਵਿਚ ਆ ਹੀ ਜਾਂਦੇ ਹਨ। ਮਨੁੱਖ ਨੇ ਮੌਤ ਨੂੰ ਜੀਵਨ ਵਿਚੋਂ ਪਾਸੇ ਕਰਨ ਦਾ ਯਤਨ ਕੀਤਾ ਹੈ ਪਰ ਮੌਤ ਫਿਰ ਜੀਵਨ ਦੇ ਵਿਚਕਾਰ ਆ ਕੇ ਡੇਰਾ ਲਗਾ ਹੀ ਲੈਂਦੀ ਹੈ। ਅਸੀਂ ਮੌਤ ਤੋਂ ਕਿੱਥੇ ਭੱਜਾਂਗੇ। ਮਾਂ ਵਿਚਾਰੀ ਨੂੰ ਪਤਾ ਨਹੀਂ, ਜਿਸ ਮੌਤ ਦੇ ਪ੍ਰਛਾਵੇਂ ਤੋਂ ਮੈਂ ਇਸ ਬੱਚੇ ਨੂੰ ਬਚਾ ਰਹੀ ਹਾਂ ਉਸ ਮੌਤ

ਨੂੰ ਤਾਂ ਇਹ ਨਾਲ ਹੀ ਲੈ ਕੇ ਆਇਆ ਹੈ। ਮਾਂ ਇਕੱਲੇ ਜਨਮ ਨੂੰ ਸਮਝਦੀ ਹੈ ਮੌਤ ਨੂੰ ਵੱਖ ਕਰ ਰਹੀ ਹੈ।

*ਜਨਨੀ ਜਾਨਤ ਸੁਤੁ ਬਡਾ ਹੋਤੁ ਹੈ॥*
*ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥*
*ਸਿਰੀ ਰਾਗ ਕਬੀਰ ਜੀਉ ਕਾ॥*

ਪੰਨਾ ੯੧

ਦੂਸਰਾ ਪੱਖ ਹੈ ਸਿਰਫ਼ ਮੌਤ ਦੀ ਗੱਲ ਕਰਨ ਵਾਲਿਆਂ ਦਾ, ਉਹ ਜੀਵਨ ਦਾ ਨਾਂ ਸੁਣਨ ਵਾਸਤੇ ਤਿਆਰ ਨਹੀਂ। ਇਕ ਚੇਲੇ ਨੇ ਆ ਕੇ ਡੇਰੇ ਦੇ ਮੁਖੀ ਸਾਧੂ ਨੂੰ ਦੱਸਿਆ ਕਿ ਮਹਾਤਮਾ ਜੀ ਅੱਜ ਨਗਰ ਦੇ ਮੁਖੀ ਦੇ ਘਰ ਵਿਚ ਪੋਤਰਾ ਜਨਮਿਆ ਹੈ, ਉੱਥੇ ਬੜੀਆਂ ਹੀ ਰੌਣਕਾਂ ਸਨ। ਅੱਜ ਭਿਛਿਆ ਵਾਸਤੇ ਘਰ ਘਰ ਨਹੀਂ ਫਿਰਨਾ ਪਿਆ। ਇਕ ਘਰੋਂ ਹੀ ਅੱਜ ਬਹੁਤ ਪਦਾਰਥ ਮਿਲ ਗਏ ਹਨ। ਸੁਣ ਕੇ ਮਹਾਤਮਾ ਕ੍ਰੋਧਵਾਨ ਹੋ ਗਏ, ਕਹਿਣ ਲੱਗੇ, ਤੈਨੂੰ ਮੈਂ ਪਹਿਲਾਂ ਹੀ ਬਹੁਤ ਵਾਰ ਸਮਝਾਇਆ ਹੈ ਕਿ ਮੈਨੂੰ ਇਹੋ ਜਿਹੀ ਖੁਸ਼ੀ ਦੀ ਖਬਰ ਨਾ ਸੁਣਾਇਆ ਕਰ, ਪਰ ਤੂੰ ਬਾਜ਼ ਨਹੀਂ ਆਇਆ। ਜੇ ਤੂੰ ਮੈਨੂੰ ਖਬਰ ਦੇਣੀ ਹੀ ਹੋਵੇ ਤਾਂ ਕਿਸੇ ਦੇ ਮਰਨ ਦੀ ਖਬਰ ਦਿਆ ਕਰ। ਤੂੰ ਸੁਣਿਆ ਨਹੀਂ ਜੇ ਬੰਦਾ 10 ਵਾਰ ਕਿਸੇ ਬਰਾਤ ਨਾਲ ਚਲਾ ਜਾਏ ਤਾਂ ਸਿੱਧਾ ਹੀ ਨਰਕਾਂ ਨੂੰ ਚਲਾ ਜਾਂਦਾ ਹੈ ਅਤੇ ਜੇ 10 ਵਾਰ ਕਿਸੇ ਅਰਥੀ ਨਾਲ ਚਲਾ ਜਾਏ ਤਾਂ ਉਹ ਸਿੱਧਾ ਹੀ ਸਵਰਗਾਂ ਵਿਚ ਜਾ ਪੁੱਜਦਾ ਹੈ। ਅਸੀਂ ਦੁਨੀਆ ਤੋਂ ਉਪਰਾਮ ਹਾਂ, ਅਸੀਂ ਸਾਧੂ ਲੋਕ ਹਾਂ, ਇਹ ਦੁਨੀਆ ਦੇ ਮੋਹ ਸਾਡੇ ਨੇੜੇ ਨਹੀਂ ਢੁਕਣੇ ਚਾਹੀਦੇ। ਤੂੰ ਜਨਮ ਦੀ ਗੱਲ ਕਰ ਰਿਹਾ ਹੈਂ, ਇਹੀ ਤਾਂ ਦੁੱਖਾਂ ਦਾ ਮੂਲ ਹੈ। ਇਹੀ ਤਾਂ ਪਾਪਾਂ ਦੀ ਜੜ੍ਹ ਹੈ। ਜੇ ਇਹ ਜਨਮ ਨਾ ਹੁੰਦੇ ਤਾਂ ਸਾਨੂੰ ਇੰਨੇ ਦੁਖ ਕਿਉਂ ਸਹਾਰਨੇ ਪੈਂਦੇ। ਜੇ ਅਸੀਂ ਜਨਮ ਨਹੀਂ ਲੈਣਾ ਤਾਂ ਜਨਮ ਦਾ ਨਾਂ ਵੀ ਸਾਡੀ ਜ਼ਬਾਨ ਤੇ ਕਦੀ ਨਹੀਂ ਆਉਣਾ ਚਾਹੀਦਾ। ਮੈਂ ਅੱਜ ਭੋਜਨ ਨਹੀਂ ਕਰਾਂਗਾ। ਕਿਸੇ ਦੇ ਮਰਨ ਤੋਂ ਭੋਜਨ ਮਿਲੇ ਤਾਂ ਉਹ ਲਿਆਉਣਾ, ਫਿਰ ਉਹ ਭੋਜਨ ਮੈਂ ਛਕਾਂਗਾ। ਜੇ ਜਨਮ ਹੀ ਨਾ ਹੁੰਦਾ ਤਾਂ ਸਾਨੂੰ ਇਹ

ਦੁੱਖ ਕਿਉਂ ਸਹਾਰਨੇ ਪੈਂਦੇ। ਜੇ ਅੱਗੋਂ ਅਸੀਂ ਜਨਮ ਨਹੀਂ ਲੈਣਾ ਤਾਂ ਫਿਰ ਅਸੀਂ ਜਨਮ ਦੀ ਗੱਲ ਵੀ ਨਹੀਂ ਸੁਣਨੀ ਤੇ ਨਾਂ ਹੀ ਕਿਸੇ ਖੁਸ਼ੀ ਦਾ ਨਾਂ ਜ਼ਬਾਨ ਤੇ ਲਿਆਉਣਾ ਹੈ, ਜੋ ਜਨਮ ਨਾਲ ਸਬੰਧਤ ਹੋਵੇ।

ਪਰ ਮੌਤ ਤੋਂ ਨਫ਼ਰਤ ਕਰਨ ਵਾਲੀ ਮਾਤਾ ਤੇ ਜਨਮ ਤੋਂ ਨਫ਼ਰਤ ਕਰਨ ਵਾਲਾ ਸਾਧੂ ਦੋਵੇਂ ਹੀ ਅਧੂਰੇ ਹਨ, ਜਨਮ ਤੇ ਮੌਤ ਦੋ ਦੀਵੇ ਹਨ। ਜਦੋਂ ਦੋਵਾਂ ਨੂੰ ਸਾਹਮਣੇ ਰੱਖਾਂਗੇ ਤਾਂ ਜੀਵਨ ਰੌਸ਼ਨ ਹੋ ਜਾਏਗਾ। ਜਨਮ ਦਾ ਖਿਆਲ ਛੱਡ ਦੇਈਏ ਤਾਂ ਜੀਵਨ ਇਕ ਸਵਾਹ ਦੀ ਢੇਰੀ ਹੀ ਰਹਿ ਜਾਂਦਾ ਹੈ, ਮੈਂ ਅਜੇ ਗੁਰੂ ਦੇ ਘਰ ਜਨਮ ਲੈਣਾ ਹੈ। ਮੇਰੇ ਅੰਦਰ ਸ਼ੁਭ ਗੁਣਾਂ ਦਾ ਜਨਮ ਹੋਣਾ ਹੈ। ਮੇਰੇ ਅੰਦਰੋਂ ਨਾਮ ਪ੍ਰਗਟ ਹੋਵੇਗਾ। ਮੇਰੇ ਅੰਦਰੋਂ ਪ੍ਰਮਾਤਮਾ ਪ੍ਰਗਟ ਹੋਵੇਗਾ। ਮੇਰੇ ਅੰਦਰੋਂ ਪ੍ਰੇਮ ਤੇ ਧਰਮ ਪ੍ਰਗਟ ਹੋਣਗੇ। ਮੇਰੇ ਅੰਦਰੋਂ ਦਇਆ ਜਨਮ ਲਵੇਗੀ। ਮੇਰੇ ਅੰਦਰੋਂ ਅਨੰਦ ਪ੍ਰਗਟ ਹੋਵੇਗਾ। ਜਿਹੜਾ ਜਨਮ ਤੋਂ ਹੀ ਨਫ਼ਰਤ ਕਰ ਰਿਹਾ ਹੈ, ਉਸਦੇ ਅੰਦਰੋਂ ਹੋਰ ਕੀ ਜਨਮੇਗਾ, ਕੁਛ ਵੀ ਨਹੀਂ। ਉਹ ਸਿਰਫ ਸੁਆਹ ਦੀ ਢੇਰੀ ਹੀ ਹੈ। ਜਿਹੜਾ ਮੌਤ ਤੋਂ ਡਰਦਾ ਹੈ, ਉਸਨੂੰ ਇਹ ਨਹੀਂ ਪਤਾ ਕਿ ਜਿਹੜਾ ਮਰ ਕੇ ਜਾ ਰਿਹਾ ਹੈ ਉਹ ਆਉਣ ਵਾਲੇ ਵਾਸਤੇ ਥਾਂ ਵਿਹਲੀ ਕਰ ਰਿਹਾ ਹੈ। ਪੁਰਾਣਾ ਮਰੇਗਾ ਤਾਂ ਹੀ ਨਵੇਂ ਦਾ ਜਨਮ ਹੋਵੇਗਾ। ਬਜ਼ੁਰਗ ਨਾ ਜਾਣ ਤਾਂ ਬੱਚੇ ਕਿੱਥੇ ਰਹਿਣ। ਮੌਤ ਤਾਂ ਧੱਕਾ ਦੇ ਕੇ ਆਉਣ ਵਾਲਿਆਂ ਲਈ ਥਾਂ ਬਣਾਉਂਦੀ ਹੈ। ਸਤਿਗੁਰੂ ਫੁਰਮਾਉਂਦੇ ਹਨ :

*ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ॥*

ਸਿਰੀ ਰਾਗ ਮ: ੧ ਪੰਨਾ-੨੦

ਮਰਨਾ ਵੀ ਪ੍ਰੇਰਨਾ ਦਿੰਦਾ ਹੈ ਕਿ ਜਨਮ ਤਾਂ ਹੀ ਹੋਵੇਗਾ ਜੇਕਰ ਪਹਿਲਾਂ ਕੁਛ ਮਰੇਗਾ। ਹਉਮੈ ਨਾ ਮਰੇ ਤਾਂ ਨਾਮ ਦਾ ਜਨਮ ਕਿਵੇਂ ਹੋਵੇਗਾ। ਅਵਗੁਣ ਨਾ ਮਰਨ, ਤਾਂ ਗੁਣਾਂ ਦਾ ਜਨਮ ਕਿਵੇਂ ਹੋਵੇਗਾ। ਫਿਰ ਜਿਥੇ ਅਵਗੁਣ ਬੈਠੇ ਹਨ, ਇਥੇ ਹੀ ਤਾਂ ਗੁਣਾਂ ਨੇ ਬੈਠਣਾ ਹੈ। ਮੌਤ ਤਾਂ ਸਿਰਫ਼ ਥਾਂ ਹੀ ਵਿਹਲਾ ਕਰਦੀ ਹੈ। ਮੌਤ ਦਾ ਖਿਆਲ ਨਾ ਆਵੇ ਤਾਂ ਬੰਦੇ ਦਾ ਕਦੀ ਹਿਰਦਾ ਪਵਿੱਤਰ ਨਾ ਹੋਵੇ। ਸੰਸਾਰ ਵਿਚ ਜਿੰਨੀ ਬੰਦਗੀ ਹੋ ਰਹੀ

ਹੈ, ਦਾਨ ਪੁੰਨ ਹੋ ਰਿਹਾ ਹੈ, ਭਲੇ ਕੰਮ ਹੋ ਰਹੇ ਹਨ, ਇਹ ਜਨਮ ਮਰਨ ਦਾ ਖਿਆਲ ਹੀ ਤਾਂ ਕਰਵਾ ਰਿਹਾ ਹੈ। ਕੋਈ ਮਾਤਾ ਦਾਨ ਪੁੰਨ, ਭਜਨ ਪਾਠ ਤਾਂ ਕਰ ਰਹੀ ਹੈ ਕਿ ਘਰ ਵਿਚ ਪੁੱਤਰ ਜਨਮੇ, ਪੋਤਰਾ ਜਨਮੇ, ਘਰ ਵਿਚ ਸੁੱਖ ਆਵੇ, ਸ਼ਾਂਤੀ ਆਵੇ, ਇੱਜ਼ਤ ਆਵੇ, ਸਭ ਕੁਝ ਘਰ ਵਿਚ ਜਨਮੇ। ਜਾਂ ਕੁਛ ਬੰਦੇ ਜਪ ਤਪ ਦਾਨ ਪੁੰਨ ਇਸ ਲਈ ਕਰ ਰਹੇ ਹਨ ਕਿ ਪਤਾ ਨਹੀਂ ਕਦੋਂ ਮਰ ਜਾਈਏ। ਇਸ ਲਈ ਪ੍ਰਮਾਤਮਾ ਨੇ ਜਿਹੜਾ ਸਮਾਂ ਦਿੱਤਾ ਹੈ, ਇਸ ਵਿਚ ਆਪਣਾ ਜਨਮ ਸਵਾਰ ਲਈਏ। ਜਨਮ ਦਾ ਖਿਆਲ ਤੇ ਮਰਨ ਦਾ ਖਿਆਲ, ਭਾਵ ਜਨਮ ਤੇ ਮਰਨ ਦੋਵੇਂ ਰਲ ਕੇ ਇਕ ਹੀ ਕੰਮ ਕਰ ਰਹੇ ਹਨ।

ਜਨਮ ਤੇ ਮਰਨ ਦੋ ਦੀਵੇ ਹਨ, ਜੋ ਪ੍ਰਮਾਤਮਾ ਨੇ ਜਗਾਏ ਹਨ। ਇਨ੍ਹਾਂ ਦੀ ਰੌਸ਼ਨੀ ਵਿਚ ਵੇਖਾਂਗੇ ਤਾਂ ਅਸਲ ਜੀਵਨ ਨਜ਼ਰ ਆਏਗਾ। ਜਨਮ ਦਾ ਦੀਵਾ ਇਕ ਪ੍ਰੇਰਣਾ ਦੇ ਰਿਹਾ ਹੈ ਕਿ ਸਰੀਰ ਦਾ ਜਨਮ ਤਾਂ ਹੋ ਗਿਆ ਹੈ, ਇਸ ਸਰੀਰ ਦੇ ਰਹਿੰਦਿਆਂ ਰਹਿੰਦਿਆਂ ਮੇਰੇ ਵਿਚ ਇਨਸਾਨੀਅਤ ਦਾ ਜਨਮ ਹੋਵੇਗਾ ਕਿ ਨਹੀਂ। ਮੈਂ ਤਾਂ ਚਾਹੁੰਦਾ ਹਾਂ ਕਿ ਮੇਰੇ ਵਿਚ ਦੇਵਤਾਪਨ ਜਨਮੇ। ਮੇਰੇ ਵਿਚੋਂ ਪ੍ਰਮਾਤਮਾ ਪ੍ਰਗਟ ਹੋਵੇਗਾ ਪਰ ਮੈਂ ਅਜੇ ਇਨਸਾਨ ਵੀ ਬਣਿਆ ਹਾਂ ਕਿ ਨਹੀਂ। ਇਹ ਸੱਚ ਹੈ ਕਿ ਬੰਦਾ ਖਾਕ ਦੀ ਢੇਰੀ ਹੋ ਜਾਂਦਾ ਹੈ ਪਰ ਇਸ ਵਿਚੋਂ ਸ਼ੁਭ ਗੁਣ ਜਨਮ ਨਹੀਂ ਲੈਂਦੇ। ਕੀ ਪਰਉਪਕਾਰ ਨੇ ਬੰਦੇ ਵਿਚੋਂ ਜਨਮ ਲਿਆ ਹੈ, ਇਕ ਵਿਦਵਾਨ ਅਦੀਬ ਦਾ ਕਥਨ ਹੈ :

*ਕਭੀ ਇਮਦਾਦ ਦੀ ਤੂ ਨੇ ਕਿਸੀ ਬੇਸਹਾਰੇ ਕੋ।*
*ਸਖੀ ਬਨ ਕਰ ਦੀਆ ਕੁਛ ਤੂ ਨੇ, ਮੁਫਲਸ ਕੇ ਗੁਜ਼ਾਰੇ ਕੋ।*
*ਤਸੱਲੀ ਦੀ ਕਭੀ ਤੂ ਨੇ ਕਿਸੀ ਆਫਤ ਕੇ ਮਾਰੇ ਕੋ।*
*ਕਭੀ ਤੂ ਨੇ ਸਹਾਰਾ ਭੀ ਦੀਆ ਹੈ ਬੇ-ਸਹਾਰੇ ਕੋ।*

ਤੇਰੇ ਘਰ ਵਿਚ ਧਨ ਨੇ ਤਾਂ ਜਨਮ ਲਿਆ ਹੈ ਪਰਉਪਕਾਰ ਨੇ, ਸੇਵਾ ਨੇ ਵੀ ਜਨਮ ਲਿਆ ਹੈ ਕਿ ਨਹੀਂ :

*ਸਾਹਿਬੇ-ਜ਼ਰ ਮੁਫ਼ਲਸੋਂ ਪਰ ਧਨ ਲੁਟਾਏ ਕਿਸ ਤਰਹ,*
*ਜਿਸ ਤਰਹ ਸੂਖੀ ਜ਼ਮੀ ਪਰ ਅਬਰ ਬਰਸਾਤਾ ਹੈ ਜਲ।*

ਸਰੀਰ ਦਾ ਜਨਮ ਤਾਂ ਹੋ ਗਿਆ ਹੈ। ਤੇਰੇ ਵਿਚੋਂ ਗਿਆਨ ਨੇ ਜਨਮ ਲਿਆ ਹੈ ਕਿ ਨਹੀਂ? ਨੀਂਦਰ, ਭੋਜਨ, ਭੋਗ, ਭੈ, ਇਹ ਤਾਂ ਪਸ਼ੂ ਵਿਚ ਵੀ ਹਨ। ਬੰਦੇ ਦੀ ਵਡਿਆਈ ਤਾਂ ਰੱਬੀ ਗਿਆਨ ਕਰਕੇ ਹੈ। ਤੇਰੇ ਵਿਚ ਬ੍ਰਹਮ ਗਿਆਨ ਜਨਮਿਆ ਹੈ ਕਿ ਨਹੀਂ?

*ਨਿੰਦ੍ਰਾ ਭੋਜਨ ਭੋਗ ਭੈ ਇਹ ਪਸ਼ੁ ਪੁਰਖ ਸਮਾਨ।*
*ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾ ਪਸ਼ੁ ਜਾਨ।*

ਸਾਰਕੁਤਾਵਲੀ

ਸਰੀਰ ਦਾ ਤਾਂ ਜਨਮ ਹੋ ਗਿਆ ਹੈ ਪਰ ਤੇਰੇ ਵਿਚ ਪ੍ਰੇਮ ਦਾ ਜਨਮ ਹੋਇਆ ਹੈ ਕਿ ਨਹੀਂ? ਜੇ ਤੇਰੇ ਅੰਦਰੋਂ ਮੋਹ ਦੀ ਪਕੜ ਨਹੀਂ ਮੁੱਕੀ, ਸਾਰੇ ਸੰਸਾਰ ਵਿਚੋਂ ਤੈਨੂੰ ਕੋਈ ਵੀ ਐਸਾ ਬੰਦਾ ਨਜ਼ਰ ਨਹੀਂ ਆਉਂਦਾ, ਜਿਸ ਨੂੰ ਤੂੰ ਕਹਿ ਸਕੇਂ, ਇਹ ਬੜਾ ਚੰਗਾ ਹੈ। ਫਿਰ ਤੂੰ ਜੈਸਾ ਜਨਮਿਆ, ਜੈਸਾ ਨਾ ਜਨਮਿਆ। ਫਿਰ ਅਜੇ ਮਿੱਟੀ ਦਾ ਹੀ ਜਨਮ ਹੋਇਆ ਹੈ, ਤੇਰੇ ਇਸ ਦੀਵੇ ਤੋਂ ਕਿਸੇ ਪ੍ਰਕਾਸ਼ ਦਾ ਜਨਮ ਨਹੀਂ ਹੋਇਆ। ਤੇਰੇ ਬਚਪਨ ਦਾ ਜਨਮ ਹੋ ਗਿਆ। ਫਿਰ ਜਵਾਨੀ ਦਾ ਜਨਮ ਹੋ ਗਿਆ, ਫਿਰ ਬੁਢਾਪੇ ਦਾ ਜਨਮ ਹੋ ਗਿਆ ਹੈ, ਅੱਗੋਂ ਮੌਤ ਦਾ ਜਨਮ ਹੋਣ ਵਾਲਾ ਹੈ, ਪਰ ਜੇ ਅਜੇ ਇਨਸਾਨੀਅਤ ਦਾ ਜਨਮ ਨਹੀਂ ਹੋਇਆ ਤਾਂ ਫਿਰ ਅਜੇ ਤਕ ਤੇਰੇ ਜਨਮ ਦਾ ਦੀਵਾ ਨਹੀਂ ਜਗਿਆ। ਇਸ ਨੂੰ ਗੁਰ ਸ਼ਬਦ ਦੇ ਦੀਵੇ ਨਾਲ ਜਗਾ।

ਦੂਸਰੀ ਪ੍ਰੇਰਣਾ ਲੈਣੀ ਹੈ ਮਰਨ ਤੋਂ। ਜੇ ਤੇਰਾ ਗਰਭਕਾਲ ਮਰ ਗਿਆ, ਤੇਰਾ ਬਚਪਨਾ ਮਰ ਗਿਆ, ਤੇਰਾ ਬੁਢਾਪਾ ਵੀ ਮਰ ਗਿਆ, ਪਰ ਤੇਰੇ ਅੰਦਰੋਂ ਹਉਮੈ ਮਰੀ ਹੈ ਕਿ ਨਹੀਂ। ਤੇਰੇ ਅੰਦਰੋਂ ਤ੍ਰਿਸ਼ਨਾ ਮਰੀ ਹੈ ਕਿ ਨਹੀਂ। ਆਸ਼ਾ ਮਰੀ ਹੈ ਕਿ ਨਹੀਂ। ਅਵਗੁਣ ਮਰੇ ਹਨ ਕਿ ਨਹੀਂ। ਸਫਲ ਮਨੁੱਖ ਉਹ ਹੈ, ਜਿਸ ਦਾ ਸਰੀਰ, ਮਰਨ ਤੋਂ ਪਹਿਲਾਂ, ਮੌਤ ਆਉਣ ਤੋਂ ਪਹਿਲਾਂ ਹੀ ਮੌਤ ਦਾ ਸਵਾਗਤ ਕਰਨ ਲਈ ਤਿਆਰ ਖੜ੍ਹਾ ਹੋਵੇ। ਇਸ

ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਮੌਤ ਦਾ ਭੈ ਮੁਕਾ ਕੇ, ਮੌਤ ਦੇ ਸਵਾਗਤ ਲਈ ਖੜ੍ਹੇ ਹਨ, ਮੌਤ ਉਨ੍ਹਾਂ ਨੂੰ ਨਹੀਂ ਮਾਰਦੀ। ਪਰ ਜਿਹੜੇ ਮੌਤ ਤੋਂ ਡਰ ਕੇ ਲੁਕ ਰਹੇ ਹਨ, ਦੌੜ ਰਹੇ ਹਨ, ਮੌਤ ਉਨ੍ਹਾਂ ਨੂੰ ਵਾਰ ਵਾਰ ਮਾਰਦੀ ਹੈ। ਮੌਤ ਦਾ ਸਵਾਗਤ ਉਹੀ ਕਰਦੇ ਹਨ, ਜਿਨ੍ਹਾਂ ਮੌਤ ਰੂਪੀ ਦੀਵੇ ਤੋਂ ਕੁਝ ਰੌਸ਼ਨੀ ਲਈ ਹੈ। ਜਨਮ ਦਾ ਸਵਾਗਤ ਉਹੀ ਕਰਦੇ ਹਨ ਜਿਨ੍ਹਾਂ ਜਨਮ ਰੂਪੀ ਦੀਵੇ ਤੋਂ ਕੁਝ ਰੌਸ਼ਨੀ ਲਈ ਹੈ। ਜਿਨ੍ਹਾਂ ਨੇ ਜਨਮ ਮਰਨ ਦੋਵਾਂ ਦੀਵਿਆਂ ਦੀ ਰੌਸ਼ਨੀ ਵਿਚ ਕੁਝ ਵੇਖਿਆ ਹੈ, ਸਮਝਿਆ ਹੈ, ਸਫਲ ਜੀਵਨ ਜੀਵਿਆ ਹੈ, ਐਸੇ ਬੰਦੇ ਅਨੰਦ ਨਾਲ ਭਰਪੂਰ ਹੋ ਉੱਠਦੇ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਜਨਮ ਮਰਨ ਵੱਖ-ਵੱਖ ਨਹੀਂ, ਬਲਕਿ ਜੁੜੇ ਹੋਏ ਹਨ। ਮੌਤ ਜਨਮ ਨੂੰ ਜਨਮ ਦੇ ਰਹੀ ਹੈ, ਜਨਮ ਮੌਤ ਨੂੰ ਜਨਮ ਦਿੰਦਾ ਹੈ। ਜੀਵਨ ਵਿਚ ਹਰ ਵੇਲੇ ਕੁਝ ਜਨਮਦਾ ਹੈ, ਕੁਝ ਮਰਦਾ ਹੈ, ਅਸੀਂ ਇਹ ਤੈਅ ਨਹੀਂ ਕਰ ਸਕਦੇ ਕਿ ਪਹਿਲਾ ਦੀਵਾ ਕਿਹੜਾ ਹੈ - ਜਨਮ ਕਿ ਮੌਤ। ਦੋਵੇਂ ਦੀਵੇ ਰੱਬ ਨੇ ਇਕੱਠੇ ਹੀ ਬਣਾਏ ਹਨ, ਇਕੱਠੇ ਹੀ ਜਗਾਏ ਹਨ ਤੇ ਦੋਵਾਂ ਦੀਵਿਆਂ ਦੀ ਇਕ ਹੀ ਜੋਤ ਹੈ।

# 5

ਪੱਥਰ-ਘਾੜਿਆਂ ਨੇ ਪੱਥਰਾਂ ਨੂੰ ਘੜ ਕੇ ਅਨੇਕ ਤਰ੍ਹਾਂ ਦੀਆਂ ਮੂਰਤੀਆਂ ਬਣਾਈਆਂ ਹਨ। ਪਸ਼ੂਆਂ ਦੀਆਂ ਮੂਰਤੀਆਂ ਹਨ, ਪੰਖੀਆਂ ਦੀਆਂ ਮੂਰਤੀਆਂ ਹਨ। ਪੁਰਸ਼ਾਂ ਦੀਆਂ ਮੂਰਤੀਆਂ ਹਨ। ਸਭ ਤੋਂ ਜ਼ਿਆਦਾ ਉਹ ਮੂਰਤੀਆਂ ਹਨ ਜਿਨ੍ਹਾਂ ਨੂੰ ਕਹਿੰਦੇ ਹਾਂ ਕਿ ਉਹ ਅਵਤਾਰਾਂ ਦੀਆਂ ਮੂਰਤੀਆਂ ਹਨ। ਭਗਵਾਨ ਦੀਆਂ ਮੂਰਤੀਆਂ ਹਨ। ਮੂਰਤੀ ਕਲਾ ਇਕ ਮਹਾਨ ਕਲਾ ਕਹੀ ਗਈ ਹੈ। ਪੱਥਰ ਵਿਚੋਂ ਕਿਸੇ ਸੁੰਦਰ ਆਕਾਰ, ਕਿਸੇ ਸੁੰਦਰ ਸ਼ਕਲ ਨੂੰ ਨਿਖਾਰ ਕੇ ਰੱਖ ਦੇਣਾ ਛੋਟੀ ਕਲਾ ਨਹੀਂ। ਏਨੀਆਂ ਮੂਰਤੀਆਂ ਦਾ ਬਣਨਾ ਦਸਦਾ ਹੈ ਕਿ ਬਹੁਤ ਸਾਰੇ ਮਨੁੱਖ ਐਸੇ ਸਨ ਜਿਨ੍ਹਾਂ ਦਾ ਇਹ ਰੁਜ਼ਗਾਰ ਸੀ ਤੇ ਬਹੁਤ ਸਾਰੇ ਰਾਜੇ ਮਹਾਰਾਜੇ ਤੇ ਆਮ ਮਨੁੱਖ ਇਨ੍ਹਾਂ ਮੂਰਤੀਆਂ ਦੇ ਖਰੀਦਦਾਰ ਸਨ। ਸਭ ਤੋਂ ਜ਼ਿਆਦਾ ਉਹ ਮੂਰਤੀਆਂ ਹਨ ਜਿਨ੍ਹਾਂ ਨੂੰ ਕਹਿੰਦੇ ਹਾਂ ਭਗਵਾਨ ਦੀਆਂ ਮੂਰਤੀਆਂ ਹਨ ਤੇ ਸਭ ਤੋਂ ਜ਼ਿਆਦਾ ਤੋੜੀਆਂ ਵੀ ਉਹੀ ਮੂਰਤੀਆਂ ਹਨ ਜੋ ਭਗਵਾਨ ਦੀਆਂ ਸਨ। ਮੂਰਤੀਆਂ ਤੋੜਨ ਵਾਲਿਆਂ ਨੂੰ ਕਿਸੇ ਪਸ਼ੂ-ਪੰਛੀ ਦੀ ਮੂਰਤੀ ਮਿਲੀ ਹੈ ਤਾਂ ਉਨ੍ਹਾਂ ਨਹੀਂ ਤੋੜੀ। ਇਥੋਂ ਤਕ ਕਿ ਕਿਸੇ ਇਸਤਰੀ ਦੀ ਵੀ ਮੂਰਤੀ ਮਿਲੀ ਹੈ ਤਾਂ ਉਨ੍ਹਾਂ ਨਹੀਂ ਤੋੜੀ, ਪਰ ਭਗਵਾਨ ਦੀ ਮੂਰਤੀ ਮਿਲੀ ਹੈ ਤਾਂ ਜ਼ਰੂਰ ਤੋੜ ਦਿਤੀ ਹੈ। ਕਿੰਨੀ ਵੀ ਕਰੂਪ ਮੂਰਤੀ ਹੈ, ਜੇ ਉਹ ਮੂਰਤੀ ਕਿਸੇ ਦੇਵੀ ਦੇਵਤੇ ਦੀ ਨਹੀਂ ਤਾਂ ਕਿਸੇ ਨਹੀਂ ਤੋੜੀ, ਪਰ ਜਿਹੜੀ ਮੂਰਤੀ ਕਿਸੇ ਮੰਦਰ ਵਿਚ ਪਈ ਹੈ ਤੇ ਜਿਸ ਦਾ ਨਾਂ ਕਿਸੇ ਦੇਵੀ ਦੇਵਤੇ ਨਾਲ ਜੁੜਿਆ ਹੈ ਅਤੇ ਜਿਸ ਦਾ ਨਾਂ ਕਿਸੇ ਅਵਤਾਰ ਨਾਲ ਜੁੜਿਆ

ਹੈ, ਜਿਸ ਦਾ ਨਾਂ ਕਿਸੇ ਭਗਵਾਨ ਨਾਲ ਜੁੜਿਆ ਹੈ, ਉਸ ਨੂੰ ਜ਼ਰੂਰ ਤੋੜ ਦਿਤਾ ਹੈ। ਮੈਂ ਇਕ ਵਾਰ ਔਰੰਗਾਬਾਦ ਤੋਂ ਅਲੋਰਾ ਦੀਆਂ ਮੂਰਤੀਆਂ ਵੇਖਣ ਗਿਆ ਸਾਂ। ਵੇਖ ਕੇ ਹੈਰਾਨ ਹੋਇਆ ਸਾਂ ਕਿ ਜੇ ਬਣਾਉਣ ਵਾਲਿਆਂ ਅਣਥੱਕ ਮਿਹਨਤ ਕੀਤੀ ਹੈ ਤਾਂ ਤੋੜਨ ਵਾਲਿਆਂ ਵੀ ਬੜਾ ਹੀ ਉੱਦਮ ਵਿਖਾਇਆ ਹੈ। ਕੋਈ ਮੂਰਤੀ ਭਾਗਾਂ ਨਾਲ ਹੀ ਬਚੀ ਹੋਵੇਗੀ, ਨਹੀਂ ਤਾਂ ਕੋਈ ਨਾ ਕੋਈ ਅੰਗ ਤੋੜ ਹੀ ਦਿੱਤਾ ਹੈ। ਸ਼ੇਖ ਅਹਿਮਦ ਸਰਹਿੰਦੀ ਨੇ ਮੁਰਤਜ਼ਾ ਖਾਂ ਨੂੰ, ਜਿਸ ਦਾ ਪਹਿਲਾ ਨਾਂ ਸ਼ੇਖ ਫ਼ਰੀਦ ਬੁਖਾਰੀ ਸੀ, ਇਕ ਪੱਤਰ ਲਿਖਿਆ ਸੀ ਕਿ ਮੈਨੂੰ ਪਤਾ ਲਗਾ ਹੈ ਕਿ ਤੁਸੀਂ ਕਾਂਗੜੇ ਦੇ ਮੰਦਰਾਂ ਵਿਚ ਮੂਰਤੀਆਂ ਤੋੜਨ ਜਾ ਰਹੇ ਹੋ, ਇਹ ਬੜਾ ਹੀ ਸਵਾਬ ਹੈ। ਖ਼ੁਦਾ ਤੁਹਾਡੇ ਪਾਸੋਂ ਮਹਾਨ ਸੇਵਾ ਲੈ ਰਿਹਾ ਹੈ। ਇਸ ਫ਼ਕੀਰ ਦੀ ਤਬੀਅਤ ਠੀਕ ਨਹੀਂ, ਸਿਹਤ ਆਗਿਆ ਨਹੀਂ ਦਿੰਦੀ, ਨਹੀਂ ਤਾਂ ਮੈਂ ਵੀ ਤੁਹਾਡੇ ਨਾਲ ਚਲਦਾ। ਮੈਂ ਪਹਿਲਾਂ ਉਨ੍ਹਾਂ ਮੂਰਤੀਆਂ ਤੇ ਥੁੱਕਦਾ ਤੇ ਫਿਰ ਉਨ੍ਹਾਂ ਮੂਰਤੀਆਂ ਨੂੰ ਤੋੜਦਾ। ਇਹ ਕਾਫ਼ਰ ਜਿਨ੍ਹਾਂ ਮੂਰਤੀਆਂ ਨੂੰ ਅਵਤਾਰ ਤੇ ਭਗਵਾਨ ਦੇਵੀ ਦੇਵਤੇ ਕਹਿੰਦੇ ਹਨ, ਇਨ੍ਹਾਂ ਨੂੰ ਤੋੜਨਾ ਮੁਸਲਮਾਨ ਵਾਸਤੇ ਸਵਾਬ ਹੈ। ਪ੍ਰਮਾਤਮਾ ਨੂੰ ਸੂਖਸ਼ਮ ਕਹਿਣ ਵਾਲਿਆਂ ਨੇ ਸਾਕਾਰ ਦੀ ਪੂਜਾ ਕਰਨ ਵਾਲਿਆਂ ਨੂੰ ਕਾਫ਼ਿਰ ਕਿਹਾ ਹੈ ਤੇ ਨਿਰੀਆਂ ਮੂਰਤੀਆਂ ਹੀ ਨਹੀਂ ਤੋੜੀਆਂ ਸਗੋਂ ਮੂਰਤੀਆਂ ਬਣਾਉਣ ਵਾਲਿਆਂ ਦਾ ਵੀ ਕਤਲਾਮ ਹੋਇਆ ਹੈ ਤੇ ਐਸੇ ਵਿਚਾਰ ਰੱਖਣ ਵਾਲੇ ਸ਼ਾਇਰਾਂ ਨੇ ਉਚੇਚੇ ਤੌਰ ਤੇ ਮੂਰਤੀਆਂ ਨੂੰ ਮੁਖ਼ਾਤਬ ਕਰ ਕੇ ਕਿਹਾ ਹੈ :

*ਬੁਤੋ ਸ਼ਾਬਾਸ ਤਰੱਕੀ ਇਸੀ ਕੋ ਕਹਿਤੇ ਹੈਂ*
*ਜਬ ਤਰਾਸ਼ੇ ਨਾ ਥੇ ਤੋ ਪੱਥਰ ਥੇ,*
*ਤਰਾਸ਼ੇ ਗਏ ਤੋ ਖ਼ੁਦਾ ਬਨ ਗਏ।*

ਪਰ ਮੂਰਤੀ ਤੋੜਨ ਵਾਲਾ ਵੀ ਕਿਸੇ ਨਾ ਕਿਸੇ ਰੂਪ ਵਿਚ ਸਾਕਾਰ ਦੀ ਪੂਜਾ ਕਰਦਾ ਹੀ ਰਿਹਾ ਹੈ। ਇਹ ਵੀ ਸਾਕਾਰ ਦੀ ਪੂਜਾ ਤੋਂ ਬਚ ਨਹੀਂ ਸਕਿਆ। ਸਾਕਾਰ ਦੇ ਪੁਜਾਰੀਆਂ ਦਾ ਸਭ ਤੋਂ ਵੱਡਾ ਵੈਰੀ ਇਸਲਾਮ ਧਰਮ ਰਿਹਾ ਹੈ। ਜਿੰਨੀਆਂ ਮੂਰਤੀਆਂ ਤੋੜੀਆਂ ਹਨ, ਉਹ ਮੁਸਲਮਾਨਾਂ

ਨੇ ਹੀ ਤੋੜੀਆਂ ਹਨ, ਪਰ ਉਹ ਹੈਰਾਨ ਸਨ ਕਿ ਜਿੰਨੀਆਂ ਅਸੀਂ ਤੋੜਦੇ ਹਾਂ ਉੱਨੀਆਂ ਹੋਰ ਜ਼ਿਆਦਾ ਬਣਦੀਆਂ ਹਨ। ਕਮਾਲ ਦੀ ਗੱਲ ਇਹ ਸੀ ਕਿ ਮੂਰਤੀ–ਪੂਜਕ ਰੋਟੀ ਪਕਾਉਣ ਲਗੇ ਥੋੜ੍ਹਾ ਆਟਾ ਲੈ ਕੇ ਹੀ ਮੂਰਤੀ ਬਣਾ ਲੈਂਦੇ ਤੇ ਚੌਕੇ ਵਿਚ ਬੈਠੇ ਹੀ ਉਸਦੀ ਪੂਜਾ ਕਰ ਲੈਂਦੇ ਸਨ ਜਿਸ ਦੇਵੀ ਦੇਵਤੇ ਦਾ ਕੋਈ ਪੁਜਾਰੀ ਸੀ ਆਟੇ ਦੇ ਪੇੜੇ ਨੂੰ ਉਹੀ ਸ਼ਕਲ ਦੇ ਦਿਤੀ, ਥਾਲੀ ਵਿਚ ਰੱਖ ਕੇ ਧੂਪ ਦੀਪ ਕਰ ਲਈ, ਪੂਜਾ ਕਰ ਲਈ। ਮੁਸਲਮਾਨਾਂ ਮੰਦਰਾਂ ਵਿਚੋਂ ਮੂਰਤੀਆਂ ਤੋੜੀਆਂ ਸਨ ਪਰ ਘਰ ਘਰ ਵਿਚ ਮੂਰਤੀਆਂ ਬਣ ਗਈਆਂ। ਮੁਸਲਮਾਨ ਨੂੰ ਇਹ ਧਿਆਨ ਨਹੀਂ ਆਇਆ ਕਿ ਮੈਂ ਦੂਸਰੇ ਦੀਆਂ ਪੱਥਰ ਦੀਆਂ ਬਣੀਆਂ ਹੋਈਆਂ ਮੂਰਤੀਆਂ ਤਾਂ ਤੋੜ ਰਿਹਾ ਹਾਂ ਪਰ ਕਾਅਬੇ ਵਿਚ ਸੰਗੇ-ਅਸਵੱਦ ਉਹ ਪੱਥਰ ਜਿਹੜਾ ਕਾਅਬੇ ਦੀ ਦੀਵਾਰ ਵਿਚ ਦੱਖਣ-ਪੂਰਬ ਦੀ ਗੁੱਠ ਵਿਚ ਜੜਿਆ ਹੈ, ਉਸ ਨੂੰ ਹਰ ਮੁਸਲਮਾਨ ਬੋਸਾ ਦਿੰਦਾ ਹੈ ਤੇ ਖਿਆਲ ਹੈ ਕਿ ਪਹਿਲਾਂ ਇਹ ਪੱਥਰ ਸਫੈਦ ਰੰਗ ਦਾ ਸੀ। ਪਰ ਮੁਸਲਮਾਨਾਂ ਦੇ ਗੁਨਾਹ ਆਪਣੇ ਸਿਰ ਲੈ ਕੇ, ਇਹ ਕਾਲੇ ਰੰਗ ਦਾ ਹੋ ਗਿਆ। ਸਭ ਤੋਂ ਜ਼ਿਆਦਾ ਜੇਕਰ ਸੰਸਾਰ ਵਿਚ ਕਿਸੇ ਪੱਥਰ ਦੀ ਪੂਜਾ ਹੋਈ ਹੈ ਤਾਂ ਸੰਗੇ-ਅਸਵੱਦ ਦੀ ਹੋਈ ਹੈ। ਉਸ ਤੋਂ ਦੂਸਰੇ ਨੰਬਰ ਤੇ ਕਾਅਬੇ ਵਿਚ ਉਸ ਪੱਥਰ ਦੀ ਜਿਸ ਨੂੰ ਰੁਕਨਲ ਯਮਾਲ ਕਹਿੰਦੇ ਹਨ, ਇਸ ਤੋਂ ਇਕ ਗੱਲ ਸਿੱਧ ਹੋ ਗਈ ਕਿ ਸਥੂਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਸਤਿਗੁਰਾਂ ਇਸੇ ਲਈ ਕਿਹਾ ਸੀ ਉਹ ਪਰਮ ਜੋਤ ਸੂਖਮ ਵਿਚ ਗੁਪਤ ਹੈ ਅਤੇ ਸਥੂਲ ਵਿਚ ਪ੍ਰਗਟ ਹੈ। ਨਿਰਗੁਣ ਤੇ ਸਰਗੁਣ ਲਈ ਝਗੜਨ ਵਾਲੇ ਦੋਵੇਂ ਹੀ ਬੇ-ਸਮਝ ਹਨ। ਗੱਲ ਇਨ੍ਹਾਂ ਦੀ ਸਮਝ ਵਿਚ ਨਹੀਂ ਆਈ। ਮੂਰਤੀ ਬਣਾਉਣ ਵਾਲਾ ਵੀ ਬੇਸਮਝ ਹੈ ਤੇ ਮੂਰਤੀ ਤੋੜਨ ਵਾਲਾ ਵੀ ਬੇਸਮਝ ਹੈ। ਪਰ ਜੇਕਰ ਪਹਿਲਾ ਗਲਤੀ ਨਾ ਕਰਦਾ ਤਾਂ ਦੂਸਰੇ ਨੂੰ ਗਲਤੀ ਕਰਨ ਦਾ ਮੌਕਾ ਨਾ ਮਿਲਦਾ। ਜੇ ਸਥੂਲ ਉਸ ਦਾ ਰੂਪ ਹੈ ਤਾਂ ਫਿਰ ਇਕ ਪੱਥਰ ਹੀ ਨਹੀਂ, ਫਿਰ ਤਾਂ ਹਰ ਪੱਥਰ ਹੀ ਉਸ ਦਾ ਰੂਪ ਹੈ, ਭਾਵੇਂ ਘੜਿਆ ਹੈ, ਭਾਵੇਂ ਅਣਘੜਿਆ ਹੈ। ਇਕ ਪੱਥਰ

ਨੂੰ ਪ੍ਰਮਾਤਮਾ ਕਹਿਣ ਨਾਲ ਬਾਕੀ ਸਾਰੇ ਪੱਥਰਾਂ ਨਾਲ ਬੇ-ਇਨਸਾਫ਼ੀ ਹੋ ਜਾਏਗੀ। ਜੇ ਪੱਥਰ ਵਿਚ ਪ੍ਰਮਾਤਮਾ ਹੈ ਤਾਂ ਫਿਰ ਜਿੰਨਾ ਪ੍ਰਮਾਤਮਾ ਕਿਸੇ ਮੰਦਰ ਵਿਚ ਪਈ ਹੋਈ ਮੂਰਤੀ ਵਿਚ ਹੈ, ਉੱਨਾ ਹੀ ਪ੍ਰਮਾਤਮਾ ਇਕ ਮੀਲ-ਪੱਥਰ ਵਿਚ ਹੈ, ਜਿਹੜਾ ਸੜਕ ਦੇ ਕਿਨਾਰੇ ਲੱਗਾ ਹੈ। ਮੰਦਰ ਦੇ ਪੱਥਰ ਨੂੰ ਤਾਂ ਭਗਵਾਨ ਕਹਿ ਕੇ ਮੱਥਾ ਟੇਕਣ ਵਾਲੇ ਬਹੁਤ ਹਨ, ਪਰ ਮੀਲ-ਪੱਥਰ ਨੂੰ ਕੌਣ ਧੂਪ-ਦੀਪ ਕਰਦਾ ਹੈ, ਕੌਣ ਮੱਥਾ ਟੇਕਦਾ ਹੈ।

ਸਤਿਗੁਰਾਂ ਨੇ ਉਸ ਦੇ ਦੋਹਾਂ ਰੂਪਾਂ ਨੂੰ ਹੀ ਪ੍ਰਵਾਨ ਕੀਤਾ ਹੈ :

*ਆਪਹਿ ਸੂਖਮ ਆਪਹਿ ਅਸਥੂਲਾ।*<br>
*ਲਖੀ ਨਾ ਜਾਈ ਨਾਨਕ ਲੀਲਾ।।*

ਗਉੜੀ ਬਾਵਨ ਅਖਰੀ ਮ: ੫ ਪੰਨਾ ੨੫੦

ਕੀ ਅਸੀਂ ਸਰੀਰ ਤੋਂ ਬਿਨਾਂ ਇਕੱਲੀ ਆਤਮਾ ਬਣ ਕੇ ਕੁਝ ਐਸਾ ਕਰ ਸਕਦੇ ਹਾਂ ਜੋ ਦੋਹਾਂ ਦਾ ਜੋੜ ਬਣ ਕੇ ਮਨੁੱਖ ਪਿਆ ਕਰਦਾ ਹੈ?

ਕੀ ਆਤਮਾ ਤੋਂ ਬਿਨਾਂ ਇਕੱਲਾ ਸਰੀਰ ਕੁਝ ਐਸਾ ਕਰ ਸਕਦਾ ਹੈ ਜੋ ਆਤਮਾ ਤੇ ਸਰੀਰ ਰਲ ਕੇ ਕਰਦੇ ਹਨ? ਯਕੀਨਨ ਹੀ ਜਵਾਬ ਨਾਂਹ ਵਿਚ ਹੋਵੇਗਾ। ਸਰੀਰ ਸਥੂਲ ਹੈ, ਆਤਮਾ ਸੂਖਮ ਹੈ। ਮੁਸਲਮਾਨ ਨੇ ਰੂਹ ਨੂੰ ਤਾਂ ਪ੍ਰਵਾਨ ਕਰ ਲਿਆ ਹੈ, ਪਰ ਆਤਮਾ ਨੂੰ ਨਹੀਂ। ਹਿੰਦੂ ਨੇ ਸਰੀਰ ਨੂੰ ਤਾਂ ਪ੍ਰਵਾਨ ਕਰ ਲਿਆ ਹੈ, ਪਰ ਸਰੀਰ ਨੂੰ ਨਹੀਂ। ਸਤਿਗੁਰੂ ਦੋਵਾਂ ਨੂੰ ਹੀ ਪ੍ਰਵਾਨ ਕਰਦੇ ਹਨ। ਜੇਕਰ ਮੁਸਲਮਾਨ ਸਰੀਰ ਨੂੰ ਵੀ ਪ੍ਰਵਾਨ ਕਰਦੇ ਤਾਂ ਕਦੀ ਮੂਰਤੀ ਨਾ ਤੋੜਦੇ। ਜੇਕਰ ਹਿੰਦੂ ਆਤਮਾ ਨੂੰ ਪ੍ਰਵਾਨ ਕਰਦੇ ਤਾਂ ਕਦੀ ਮੂਰਤੀਆਂ ਨਾ ਬਣਾਉਂਦੇ। ਇਹ ਗੱਲ ਪ੍ਰਤਖ ਤੌਰ ਤੇ ਸਾਡੇ ਸਾਹਮਣੇ ਹੈ ਕਿ ਸਤਿਗੁਰਾਂ ਨੇ ਨਾ ਹੀ ਕੋਈ ਮੂਰਤੀ ਬਣਾਈ ਹੈ ਅਤੇ ਨਾ ਹੀ ਕੋਈ ਮੂਰਤੀ ਤੋੜੀ ਹੈ। ਸਤਿਗੁਰਾਂ ਦਾ ਉਪਦੇਸ਼ ਹੈ ਕਿ ਸਥੂਲ ਆਕਾਰ ਉਸੇ ਪ੍ਰਮਾਤਮਾ ਦਾ ਹੈ ਅਤੇ ਇਹੀ ਉਸ ਦਾ ਸਰੀਰ ਹੈ। ਸੂਖਮ ਨਿਰਗੁਣ ਉਸਦੀ ਆਤਮਾ ਹੈ, ਸਾਨੂੰ ਉਸਦਾ ਸਰੀਰ ਬਣਾਉਣ ਦੀ ਲੋੜ ਨਹੀਂ। ਸਾਰਾ ਜਗਤ ਹੀ ਉਸੇ ਦੀ ਮੂਰਤੀ ਹੈ। ਸਮੁਚੇ ਜਗਤ ਨੂੰ ਉਸਦਾ ਸਰੂਪ ਮੰਨੀਏ ਤਾਂ ਵੱਖ-ਵੱਖ ਅੰਗਾਂ ਨੂੰ ਪੂਜਣ ਦੀ ਲੋੜ ਨਹੀਂ।

*ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।*

ਵਾਰ ਆਸਾ ਮ:੧ ਪੰਨਾ ੪੬੩

ਇਸ ਵਿਚਾਰ ਨੂੰ ਜੇ ਮੰਨ ਲਿਆ ਜਾਏ ਤਾਂ ਨਾ ਹੀ ਕੋਈ ਭਗਵਾਨ ਦੀ ਮੂਰਤੀ ਬਣਾਏਗਾ ਅਤੇ ਨਾ ਹੀ ਕੋਈ ਮੂਰਤੀ ਨੂੰ ਤੋੜੇਗਾ। ਬੰਦਿਆਂ ਦੀਆਂ ਮੂਰਤੀਆਂ ਬਣਨਗੀਆਂ। ਮੂਰਤੀ ਕਲਾ ਕਾਇਮ ਰਹੇਗੀ, ਇਹ ਮਿਟੇਗੀ ਨਹੀਂ, ਪਰ ਪ੍ਰਮਾਤਮਾ ਦੀ ਮੂਰਤੀ ਕੋਈ ਨਹੀਂ ਬਣਾਏਗਾ। ਜੇ ਬਣਾਏਗਾ ਹੀ ਕੋਈ ਨਹੀਂ ਤਾਂ ਫਿਰ ਕੋਈ ਤੋੜੇਗਾ ਕੀ? ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਡਰਾਵੇ ਦਿੱਤੇ ਗਏ ਕਿ ਅਸੀਂ ਮੰਦਰ ਢਾਹ ਦਿਆਂਗੇ, ਮੂਰਤੀਆਂ ਤੋੜ ਦਿਆਂਗੇ, ਤਾਂ ਸਤਿਗੁਰਾਂ ਕਿਹਾ ਸੀ ਤੁਸੀਂ ਅਸਫਲ ਰਹੋਗੇ, ਕੀ ਕੀ ਤੋੜੋਗੇ। ਤੁਸੀਂ ਖੁਦ ਵੀ ਉਸੇ ਦੀ ਮੂਰਤੀ ਹੋ। ਕਿਸ ਕਿਸ ਨੂੰ ਤੋੜੋਗੇ। ਇਹ ਸਾਰਾ ਸੰਸਾਰ ਉਸੇ ਦੀ ਮੂਰਤੀ ਹੈ। ਬਾਕੀ ਮੇਰੇ ਅੰਦਰ ਵੀ ਉਸਦੇ ਗੁਣਾਂ ਦੀ ਮੂਰਤੀ ਹੈ, ਉਹ ਹੈ ਸਤਿਗੁਰੁ ਦਾ ਸ਼ਬਦ, ਉਸ ਨੂੰ ਤੁਸੀਂ ਨਹੀਂ ਤੋੜ ਸਕਦੇ। ਆਕਾਰ ਨੂੰ ਤੋੜਦੇ ਹੋ, ਨਿਰਾਕਾਰ ਨੂੰ ਕਿਵੇਂ ਤੋੜੋਗੇ।

*ਗੁਰ ਕਾ ਬਚਨੁ ਬਸੈ ਜੀਅ ਨਾਲੇ॥*
*ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੈ॥*

ਧਨਾਸਰੀ ਮ: ੫ ਪੰਨਾ ੬੭੯

ਇਕ ਵਿਦਵਾਨ ਨੇ ਔਰੰਗਜ਼ੇਬ ਨੂੰ ਪੱਤਰ ਲਿਖਿਆ ਸੀ ਕਿ ਤੂੰ ਮੰਦਰ ਢਾਹ ਕੇ ਮਸਜਿਦ ਬਣਾ ਦਿਤੀ ਪਰ ਤੂੰ ਵਿਰਥਾ ਹੀ ਮਿਹਨਤ ਕੀਤੀ ਹੈ, ਰੱਬ ਦਾ ਘਰ ਤਾਂ ਰੱਬ ਦਾ ਘਰ ਹੀ ਰਿਹਾ ਹੈ। ਉਸ ਨੂੰ ਤਾਂ ਕੋਈ ਫਰਕ ਨਹੀਂ ਪਿਆ।

*ਬਬੀਂ ਕਰਾਮਤੇ ਬੁਤਖਾਨਾ ਏ ਮਰਾ, ਐ ਸ਼ੇਖ,*
*ਕਿ ਚੂੰ ਖਰਾਬ ਕਰਦ ਖਾਨਾ ਏ, ਖ਼ੁਦਾ ਮੇ ਗਰਦਦ।*

ਭਾਵ ਕਿ ਮੇਰੇ ਬੁਤਖਾਨੇ ਮੰਦਰ ਦੀ ਕਰਾਮਾਤ ਵੇਖ, ਹੇ ਸ਼ੇਖ, ਤੂੰ ਉਸਨੂੰ ਤਬਾਹ ਕਰਨਾ ਚਾਹਿਆ ਪਰ ਰੱਬ ਦਾ ਘਰ ਰੱਬ ਦਾ ਘਰ ਹੀ ਰਿਹਾ!

ਨਾ ਤਾਂ ਅਸੀਂ ਨਿਰਗੁਣ ਤੋਂ ਮੁਨਕਰ ਹੋ ਸਕਦੇ ਹਾਂ, ਕਿਉਂਕਿ ਸਾਡੇ ਵਿਚ ਨਿਰਗੁਣ ਆਤਮਾ ਹੈ। ਨਾ ਹੀ ਅਸੀਂ ਸਰਗੁਣ ਤੋਂ ਮੁਨਕਰ ਹੋ ਸਕਦੇ ਹਾਂ ਕਿਉਂਕਿ ਅਸੀਂ ਸਰੀਰ ਵੀ ਹਾਂ। ਫਿਰ ਜਿਥੇ ਗੁਰਮਤਿ ਵਿਚ ਆਤਮਾ ਨੂੰ ਅਮੁੱਲ ਕਿਹਾ ਹੈ, ਉਥੇ ਸਰੀਰ ਨੂੰ ਤੇ ਖਾਸ ਕਰ ਕੇ ਮਨੁੱਖਾ ਸਰੀਰ ਨੂੰ ਵੀ ਦੁਰਲਭ ਕਿਹਾ ਹੈ। ਇਹ ਦੋਵੇਂ ਰੂਪ ਉਸੇ ਦੇ ਹੀ ਹਨ। ਕੁਝ ਸਮਝਦਾਰ ਬੰਦਿਆਂ ਨੇ ਚਾਹਿਆ ਹੈ ਕਿ ਮਨੁੱਖ ਬਿਰਥਾ ਝਗੜਿਆਂ ਵਿਚ ਨਾ ਪਵੇ। ਇਕ ਫ਼ਕੀਰ ਦਾ ਕਥਨ ਹੈ ਕਿ :

*ਅਪਨੇ ਹੀ ਯਾਰ ਕੀ ਹੈਂ ਜਿਤਨੀ ਹੈਂ ਯੇ ਨਿਸ਼ਾਨੀਆਂ,*
*ਦੈਰ ਮਿਲੇ ਤੋ ਸਿਰ ਝੁਕਾ, ਕਾਅਬਾ ਮਿਲੇ ਸਾਲਾਮ ਕਰ।*

ਇਕ ਹੋਰ ਵਿਦਵਾਨ ਸੱਜਣ ਹਾਫਜ਼ ਕਹਿੰਦੇ ਹਨ :

*ਹਾਫਜ਼ਾ ਗਰ ਵਸਲ ਖ਼ਾਹੀ ਸੁਲਹੇ ਕੁਲ ਹੋ ਖਾਸੋ ਆਮ।*
*ਬਾ ਮੁਸਲਮਾਂ ਅੱਲਾ ਅੱਲਾ ਬਾ ਹਨੂਦੇ ਰਾਮ ਰਾਮ।*

ਪਰ ਐਸੇ ਖਿਆਲ ਹੋਣ ਦੇ ਬਾਵਜੂਦ ਵੀ ਤੁਅੱਸਬੀ ਬੰਦਿਆਂ ਨੇ ਝਗੜੇ ਮੁਕਣ ਨਹੀਂ ਦਿੱਤੇ। ਨਾਅਰਾ ਇਕ ਹੀ ਹੈ। ਸੂਖਸ਼ਮ ਨੂੰ ਖਤਰਾ ਹੈ। ਆਓ ਰੱਬ ਦੇ ਬੰਦਿਓ, ਮਰਨ ਮਾਰਨ ਵਾਸਤੇ ਤਿਆਰ ਹੋ ਜਾਓ। ਕੈਸੀ ਹਾਸੋ-ਹੀਣੀ ਗੱਲ ਹੈ ਕਿ ਸੂਖਸ਼ਮ ਨੂੰ ਖਤਰਾ ਹੈ, ਜੋ ਪਕੜ ਵਿਚ ਹੀ ਨਹੀਂ ਆਉਂਦਾ। ਜੋ ਨਿਰਗੁਣ ਨਿਰੰਕਾਰ ਹੈ, ਉਸ ਨੂੰ ਖਤਰਾ ਹੈ ਤੇ ਖਤਰਾ ਹੈ ਕਿਸ ਕੋਲੋਂ ਜੋ ਸਥੂਲ ਹੈ। ਦੂਸਰੇ ਕਦੀ ਉਠ ਖੜ੍ਹੇ ਹੁੰਦੇ ਹਨ, ਆਓ ਭਗਵਾਨ ਦਿਓ ਪਿਆਰਿਓ, ਮਰ ਜਾਓ, ਯਾ ਮਾਰ ਦਿਓ। ਸਾੜ ਦਿਓ ਇਹ ਸਾਰਾ ਸੰਸਾਰ। ਸਥੂਲ ਨੂੰ ਖਤਰਾ ਪੈਦਾ ਹੋ ਗਿਆ ਹੈ। ਖਤਰਾ ਹੈ, ਸੂਖਸ਼ਮ ਕੋਲੋਂ। ਕੈਸਾ ਪਾਗਲਪਨ ਹੈ ਕਿ ਬੀਜ ਨੂੰ ਖਤਰਾ ਹੈ ਬੂਟੇ ਕੋਲੋਂ। ਬੂਟੇ ਨੂੰ ਖਤਰਾ ਹੈ ਬੀਜ ਕੋਲੋਂ। ਪ੍ਰਮਾਤਮਾ ਨੂੰ ਖਤਰਾ ਹੈ ਪ੍ਰਮਾਤਮਾ ਕੋਲੋਂ। ਬਾਕੀ ਕੋਈ ਖਤਰਾ ਨਹੀਂ। ਹਾਂ, ਇਕ ਖਤਰਾ ਜ਼ਰੂਰ ਹੈ, ਰੱਬ ਦੀ ਰੌਣਕ ਨੂੰ ਜ਼ਰੂਰ ਖਤਰਾ ਹੈ। ਮਨੁੱਖ ਦੀ ਮੂਰਖਤਾ ਤੇ ਬੇ-ਸਮਝੀ ਕਿਤੇ ਇਹ ਰੱਬ ਦੀ ਬਣੀ-ਬਣਾਈ ਰੌਣਕ ਵੀਰਾਨ ਨਾ ਕਰ ਦੇਵੇ। ਬਾਕੀ ਪ੍ਰਮਾਤਮਾ ਸਾਰੇ ਖ਼ਤਰੇ ਮੁਕਾਉਣ ਵਾਲਾ ਹੈ। ਉਹ ਆਪ ਖਤਰੇ ਵਿਚ

ਨਹੀਂ, ਉਸ ਨੂੰ ਕੋਈ ਖਤਰਾ ਨਹੀਂ। ਰੱਬ ਨੂੰ ਨਾ ਹਿੰਦੂ ਕੋਲੋਂ ਖਤਰਾ ਹੈ, ਨਾ ਹੀ ਮੁਸਲਮਾਨ ਕੋਲੋਂ ਖਤਰਾ ਹੈ। ਉਸ ਨੂੰ ਖਤਰਾ ਕਿਵੇਂ ਹੋਵੇਗਾ :

*ਨਾ ਓਹੁ ਮਰੈ ਨ ਹੋਵੈ ਸੋਗੁ॥*
*ਦੇਂਦਾ ਰਹੈ ਨਾ ਚੂਕੈ ਭੋਗੁ॥*

ਆਸਾ ਮ: ੧ ਪੰਨਾ ੯

ਸਤਿਗੁਰੂ ਸਮੁੱਚੇ ਪ੍ਰਮਾਤਮਾ ਨੂੰ ਪ੍ਰਵਾਨ ਕਰਦੇ ਹਨ। ਇਸੇ ਲਈ ਉਨ੍ਹਾਂ ਕਿਹਾ ਹੈ, ਮੈਨੂੰ ਸਭ ਕੁਝ ਪ੍ਰਵਾਨ ਹੈ। ਮੈਨੂੰ ਰੱਬ ਦੇ ਦੋਵੇਂ ਰੂਪ ਨਿਰਗੁਣ ਤੇ ਸਰਗੁਣ ਪ੍ਰਵਾਨ ਹੋਣ ਦੇ ਕਾਰਨ :

*ਨਾ ਕੋ ਬੈਰੀ ਨਹੀ ਬਿਗਾਨਾ,*
*ਸਗਲ ਸੰਗਿ ਹਮ ਕਉ ਬਨਿ ਆਈ॥*

ਕਾਨੜਾ ਮ: ੫ ਪੰਨਾ ੧੨੯੯

ਨਿਰਗੁਣ ਤੇ ਸਰਗੁਣ ਉਸ ਦੇ ਦੋ ਰੂਪ, ਦੋ ਦੀਵੇ ਹਨ, ਜਿਨ੍ਹਾਂ ਦੀ ਇਕ ਜੋਤ ਹੈ।

# 6

ਦਸ਼ਮੇਸ਼ ਪਿਤਾ ਦੇ ਸਾਹਮਣੇ ਦੋ ਸਿੱਖ ਖੜ੍ਹੇ ਸਨ। ਇਕ ਸੂਰਮਾ ਹੈ, ਜੋਧਾ ਹੈ, ਜੋ ਮੈਦਾਨੇ ਜੰਗ ਵਿਚ ਲੜਦਾ ਹੈ। ਦੂਸਰਾ ਸਿੱਖ ਸੂਰਮਾ ਹੈ, ਉਹ ਸੇਵਕ ਹੈ। ਸੇਵਾ ਦੇ ਮੈਦਾਨ ਵਿਚ ਦਿਨ ਰਾਤ ਇਕ ਕਰ ਰਿਹਾ ਹੈ। ਲੇਕਿਨ ਅੱਜ ਮੈਦਾਨੇ-ਜੰਗ ਵਿਚ ਜੂਝਣ ਵਾਲੇ ਸੂਰਮੇ ਨੇ ਸੇਵਕ ਨੂੰ ਫੜ ਕੇ ਸਤਿਗੁਰਾਂ ਦੇ ਸਾਹਮਣੇ ਖੜ੍ਹਾ ਕੀਤਾ ਤੇ ਕਹਿ ਰਿਹਾ ਹੈ ਕਿ ਪਾਤਸ਼ਾਹ ਇਹ ਕ੍ਰਿਪਾਨ ਮੈਨੂੰ ਤੁਸੀਂ ਹੀ ਬਖਸ਼ੀ ਹੈ। ਇਹ ਤੁਸੀਂ ਹੀ ਹੁਕਮ ਕੀਤਾ ਹੈ ਕਿ ਇਸ ਨਾਲ ਦੁਸ਼ਮਣ ਨੂੰ ਮਾਰਾਂ ਤੇ ਇਸੇ ਬੀਰ-ਕ੍ਰਿਆ ਨਾਲ ਮੇਰਾ ਉਧਾਰ ਹੋਵੇਗਾ। ਸਤਿਗੁਰਾਂ ਕਿਹਾ, ਹਾਂ ਐਸਾ ਹੀ ਮੈਂ ਹੀ ਕਿਹਾ ਹੈ ਤੇ ਠੀਕ ਹੈ। ਤੇਰਾ ਬੀਰ-ਕ੍ਰਿਆ ਹੀ ਉਧਾਰ ਕਰੇਗੀ। ਉਹ ਸਿੱਖ ਫਿਰ ਬੋਲਿਆ ਕਿ ਪਾਤਸ਼ਾਹ ਇਹ ਤੁਹਾਡੇ ਸਾਹਮਣੇ ਖੜ੍ਹਾ ਸਿੱਖ, ਕੀ ਇਸ ਨੂੰ ਵੀ ਤੁਸੀਂ ਹੀ ਹੁਕਮ ਕੀਤਾ ਹੈ ਕਿ ਜਿਸ ਜਿਸ ਨੂੰ ਮੈਂ ਕੱਟਾਂ, ਇਹ ਉਨ੍ਹਾਂ ਨੂੰ ਪਾਣੀ ਪਿਲਾ ਕੇ ਜ਼ਖ਼ਮੀ ਹੋਏ ਜੋਧਿਆਂ ਨੂੰ ਜਿਨ੍ਹਾਂ ਨੂੰ ਮੈਂ ਬੜੀ ਮੁਸ਼ਕਲ ਨਾਲ ਪੂਰਾ ਤਾਣ ਲਾ ਕੇ ਧਰਤੀ ਤੇ ਸੁਟਾਂ, ਇਹ ਫਿਰ ਮਰਿਆਂ ਨੂੰ ਜ਼ਿੰਦਾ ਕਰਕੇ ਮੇਰੇ ਮੁਕਾਬਲੇ ਤੇ ਖੜ੍ਹਾ ਕਰ ਦੇਵੇ। ਕੀ ਇਹ ਵੀ ਤੁਸੀਂ ਹੀ ਹੁਕਮ ਕੀਤਾ ਹੈ? ਸਤਿਗੁਰਾਂ ਕਿਹਾ ਹਾਂ, ਇਹ ਵੀ ਮੈਂ ਹੀ ਕਿਹਾ ਹੈ। ਇਹ ਵੀ ਮੇਰੇ ਕਹਿਣ ਅਨੁਸਾਰ ਕਰ ਰਿਹਾ ਹੈ। ਤੁਸੀਂ ਵੀ ਮੇਰੇ ਕਹਿਣ ਅਨੁਸਾਰ ਹੀ ਕੁਝ ਕਰ ਰਹੇ ਹੋ। ਯੋਧਿਆਂ ਨੇ ਕਿਹਾ, ਫਿਰ ਪਾਤਸ਼ਾਹ ਇਹ ਗੱਲ ਸਾਡੀ ਸਮਝ ਵਿਚ ਨਹੀਂ ਆ ਰਹੀ, ਇਕ ਨੂੰ ਆਖੋ ਤੂੰ ਮਾਰ ਤੂੰ ਕੱਟ, ਇਸ ਨਾਲ ਤੇਰਾ ਉਧਾਰ ਹੋਵੇਗਾ। ਦੂਸਰੇ ਨੂੰ ਆਖੋ, ਤੂੰ ਬਚਾ, ਇਸ ਨਾਲ ਹੀ ਤੇਰਾ ਉਧਾਰ ਹੋਵੇਗਾ। ਜੇ ਫਿਰ ਉਨ੍ਹਾਂ ਨੂੰ ਬਚਾਉਣਾ ਹੀ ਹੈ ਤਾਂ ਫਿਰ ਪਹਿਲਾਂ ਉਨ੍ਹਾਂ ਨੂੰ ਮਾਰਨ ਦੀ ਕੀ ਲੋੜ ਹੈ। ਕਦੀ ਤੁਸੀਂ ਕਹਿੰਦੇ ਕਿ ਆਪਣਿਆਂ ਨੂੰ ਹੀ ਪਾਣੀ ਪਿਲਾ ਤਾਂ ਗੱਲ ਸਮਝ ਵਿਚ ਆ ਜਾਂਦੀ, ਪਰ ਬੇਗਾਨਿਆਂ ਨੂੰ ਵੀ ਆਪਣਿਆਂ ਵਾਂਗ ਹੀ ਪਾਣੀ ਪਿਲਾ,

ਇਹ ਗੱਲ ਸਾਡੀ ਸਮਝ ਵਿਚ ਨਹੀਂ ਆ ਰਹੀ। ਰਾਜਨੀਤੀ ਐਸਾ ਕਹਿੰਦੀ ਹੈ ਕਿ ਦੁਸ਼ਮਨ ਨੂੰ ਐਸੇ ਥਾਂ ਤੇ ਮਾਰੋ ਜਿੱਥੇ ਪਾਣੀ ਨਾ ਲੱਭੇ। ਹਰ ਲੜਨ ਵਾਲਾ ਸਭ ਤੋਂ ਪਹਿਲਾਂ ਜਤਨ ਇਹ ਕਰਦਾ ਹੈ ਕਿ ਮੈਂ ਦੁਸ਼ਮਨ ਦਾ ਪਾਣੀ ਖੋਹ ਲਵਾਂ। ਸੁਣੀ ਹੋਵੇਗੀ ਉਹ ਕਥਾ ਕਿ ਜਦੋਂ ਮਨੁੱਖ ਛੋਟੇ ਛੋਟੇ ਕਬੀਲਿਆਂ ਵਿਚ ਰਹਿੰਦੇ ਸਨ, ਕਦੀ ਕਦੀ ਇਕ ਕਬੀਲਾ ਦੂਸਰੇ ਤੇ ਹਮਲਾ ਕਰ ਦਿੰਦਾ ਸੀ, ਇਹ ਹਮਲੇ ਧਨ ਖੋਹਣ ਵਾਸਤੇ ਜਾਂ ਇਸਤਰੀਆਂ ਖੋਹਣ ਵਾਸਤੇ ਜਾਂ ਧਰਤੀ ਖੋਹਣ ਵਾਸਤੇ ਹੁੰਦੇ ਸਨ। ਇਕ ਬਲਵਾਨ ਕਬੀਲੇ ਨੇ ਦੂਸਰੇ ਕਬੀਲੇ ਨੂੰ ਹਰਾਉਣ ਵਾਸਤੇ ਹਮਲਾ ਕਰ ਦਿੱਤਾ। ਇਕ ਬਜ਼ੁਰਗ ਨੇ ਕਿਹਾ, ਇਹ ਬੜੇ ਬਲਵਾਨ ਹਨ, ਰਾਤ ਪੈ ਗਈ ਹੈ, ਸਵੇਰੇ ਇਹ ਹਮਲਾ ਕਰਕੇ ਸਾਡਾ ਸਭ ਕੁਝ ਖੋਹ ਕੇ ਲੈ ਜਾਣਗੇ, ਰਾਤ ਹੀ ਕੁਝ ਹੋ ਸਕਦਾ ਹੈ। ਤੁਸੀਂ ਇਕ ਕੰਮ ਕਰੋ, ਜਿੱਥੇ ਇਨ੍ਹਾਂ ਦਾ ਉਤਾਰਾ ਹੈ, ਮੇਰੀਆਂ ਲੱਤਾਂ ਤੇ ਬਾਹਵਾਂ ਤੋੜ ਕੇ ਉੱਥੇ ਸੁਟ ਆਓ। ਬਸ ਅੱਗੋਂ ਮੈਂ ਜੋ ਠੀਕ ਸਮਝਾਂਗਾ ਕਰਾਂਗਾ, ਤੁਸੀਂ ਸਮਝਣਾ ਕਿ ਮੈਂ ਕੁਰਬਾਣ ਹੋ ਗਿਆ ਤੇ ਤੁਸੀਂ ਸਾਰੇ ਸਹੀ ਸਲਾਮਤ ਬਚ ਗਏ। ਤੁਸੀਂ ਇੱਥੇ ਹੀ ਬੈਠੇ ਰਹੋ। ਤੁਹਾਨੂੰ ਕਿਤੇ ਜਾਣ ਦੀ ਲੋੜ ਨਹੀਂ। ਕਬੀਲੇ ਵਾਲਿਆਂ ਦੀ ਸਮਝ ਵਿਚ ਗੱਲ ਨਾ ਆਈ, ਪਰ ਉਸ ਬਜ਼ੁਰਗ ਤੇ ਬੜਾ ਹੀ ਭਰੋਸਾ ਕਰਦੇ ਸਨ। ਜੈਸਾ ਉਸ ਨੇ ਕਿਹਾ ਸੀ ਇਨ੍ਹਾਂ ਉਸੇ ਤਰ੍ਹਾਂ ਹੀ ਕਰ ਦਿਤਾ।

ਉਸ ਦੀਆਂ ਲੱਤਾਂ ਬਾਹਵਾਂ ਤੋੜ ਕੇ ਹਮਲਾਵਰ ਕਬੀਲੇ ਦੇ ਡੇਰੇ (ਕੈਂਪ) ਕੋਲ ਉਸ ਨੂੰ ਸੁਟ ਆਏ। ਜਦੋਂ ਉਸ ਨੇ ਵੇਖਿਆ ਕਿ ਰਾਤ ਦਾ ਚੌਥਾ ਪਹਿਰ ਆ ਗਿਆ ਹੈ ਉਸ ਨੇ ਉੱਚੀ ਉੱਚੀ ਰੋਣਾ ਸ਼ੁਰੂ ਕਰ ਦਿਤਾ। ਹਮਲਾਵਰ ਕਬੀਲੇ ਦੇ ਬੰਦੇ ਆਵਾਜ਼ ਸੁਣ ਕੇ ਆ ਗਏ, ਇਸ ਨੂੰ ਇਸ ਹਾਲਤ ਵਿਚ ਵੇਖਿਆ ਤੇ ਪੁੱਛਿਆ ਕਿ ਤੂੰ ਕੌਣ ਹੈਂ? ਤੇਰੀ ਇਹ ਹਾਲਤ ਕਿਵੇਂ ਹੋਈ ਹੈ? ਉਸ ਨੇ ਕਿਹਾ, ਮੈਂ ਉਸ ਕਬੀਲੇ ਦਾ ਵੱਡਾ ਹਾਂ ਜਿਸ ਤੇ ਤੁਸੀਂ ਹਮਲਾ ਕਰਨ ਆਏ ਹੋ। ਮੈਂ ਤੁਹਾਡੀ ਤਾਕਤ ਨੂੰ ਸਮਝਦਾ ਹਾਂ। ਮੈਨੂੰ ਪਤਾ ਲੱਗਾ, ਮੈਂ ਆਪਣੇ ਕਬੀਲੇ ਨੂੰ ਰਾਏ ਦਿਤੀ ਕਿ ਤੁਸੀਂ ਲੜੋ ਨਾ, ਜਿੰਨੀਆਂ ਕਬੀਲੇ ਦੀਆਂ ਸੁੰਦਰ ਲੜਕੀਆਂ ਹਨ ਉਨ੍ਹਾਂ ਦੀ ਸ਼ਾਦੀ ਤੁਹਾਡੇ ਲੜਕਿਆਂ ਨਾਲ ਕਰ ਦੇਣ, ਰਿਸ਼ਤੇਦਾਰੀ ਬਣ ਜਾਏਗੀ। ਫਿਰ ਅਸੀਂ ਸੁਖੀ ਰਹਾਂਗੇ। ਸਾਡੀ ਦੋਹਾਂ ਕਬੀਲਿਆਂ ਦੀ ਰਲ

ਕੇ ਬੜੀ ਵੱਡੀ ਤਾਕਤ ਬਣ ਜ਼ਾਏਗੀ। ਮੈਂ ਕਿਹਾ, ਜਦੋਂ ਅਸੀਂ ਸੁਲ੍ਹਾ ਸਫਾਈ ਨਾਲ ਰਿਸ਼ਤੇ ਦੇ ਦਿਆਂਗੇ ਫਿਰ ਜੋ ਵੀ ਦਹੇਜ ਵਿਚ ਦੇਵਾਂਗੇ, ਉਹ ਪ੍ਰਵਾਨ ਕਰ ਲੈਣਗੇ, ਤੇ ਖ਼ੂਨ ਖਰਾਬੇ ਤੋਂ ਬਚ ਜਾਵਾਂਗੇ, ਪਰ ਉਨ੍ਹਾਂ ਮੈਨੂੰ ਕਾਇਰ ਤੇ ਗ਼ਦਾਰ ਕਿਹਾ ਤੇ ਮੈਨੂੰ ਇੰਨਾ ਮਾਰਿਆ ਕਿ ਮੇਰੀਆਂ ਲੱਤਾਂ ਬਾਹਵਾਂ ਤੋੜ ਦਿੱਤੀਆਂ। ਮੈਨੂੰ ਮਾਰ ਕੇ ਇੱਥੇ ਸੁੱਟ ਗਏ ਹਨ ਕਿ ਤੂੰ ਜਿਨ੍ਹਾਂ ਦੀ ਤਾਰੀਫ ਕਰਦਾ ਹੈਂ, ਹੁਣ ਤੇਰੀ ਦੇਖ-ਭਾਲ ਉਹੀ ਕਰਨਗੇ। ਨੀਤੀ ਇਹੀ ਮੰਗ ਕਰਦੀ ਹੈ ਕਿ ਜੇ ਦੁਸ਼ਮਨ ਦਾ ਭੇਤੀ ਮਿਲ ਜਾਏ ਤਾਂ ਫੌਰਨ ਉਸ ਨੂੰ ਸ਼ਰਨ ਵਿਚ ਲੈ ਲਓ। ਫਿਰ ਜਿਸ ਦੇ ਹੱਥ ਪੈਰ ਤੋੜ ਦਿੱਤੇ ਹਨ, ਇਹ ਹੱਥ ਪੈਰ ਤੋੜਨ ਵਾਲਿਆਂ ਦਾ ਕਿਵੇਂ ਮਿੱਤਰ ਹੋ ਸਕਦਾ ਹੈ। ਇਹ ਸੋਚ ਕੇ ਹਮਲਾਵਰ ਕਬੀਲੇ ਦੇ ਮੁਖੀਆ ਨੇ ਕਿਹਾ, ਉਸ ਕਬੀਲੇ ਦਾ ਕੋਈ ਖਾਸ ਰਾਜ਼ ਦਸ। ਇਸ ਨੇ ਕਿਹਾ, ਰਾਜ਼ ਤਾਂ ਹੈ ਪਰ ਤੁਹਾਨੂੰ ਹੁਣੇ ਹੀ ਕੁਝ ਕਰਨਾ ਪਵੇਗਾ। ਉਨ੍ਹਾਂ ਦੀ ਤੁਹਾਡੇ ਨਾਲ ਲੜਨ ਦੀ ਪੂਰੀ ਤਿਆਰੀ ਹੈ। ਇਕ ਖਾਸ ਛੁਪਨਗਾਹ ਹੈ, ਉਨ੍ਹਾਂ ਆਪਣੀਆਂ ਇਸਤਰੀਆਂ ਤੇ ਧਨ ਉਸ ਥਾਂ ਤੇ ਪਹੁੰਚਾ ਦਿਤਾ ਹੈ। ਮੈਂ ਉਸ ਥਾਂ ਨੂੰ ਜਾਣਦਾ ਹਾਂ। ਤੁਸੀਂ ਮੈਨੂੰ ਨਾਲ ਲੈ ਚਲੋ ਤਾਂ ਮੈਂ ਤੁਹਾਨੂੰ ਸਭ ਕੁਝ ਦੱਸ ਸਕਦਾ ਹਾਂ। ਉੱਥੇ ਕੋਈ ਲੜਨ ਵਾਲੇ ਵੀ ਖਾਸ ਬੰਦੇ ਨਹੀਂ ਹੋਣਗੇ, ਤੇ ਉੱਥੇ ਜਾ ਕੇ ਜਦੋਂ ਤੁਸੀਂ ਸਭ ਕੁਝ ਲੈ ਲਵੋਗੇ ਮੇਰੇ ਮਨ ਵਿਚ ਬੜੀ ਖੁਸ਼ੀ ਹੋਵੇਗੀ ਕਿ ਮੈਂ ਉਨ੍ਹਾਂ ਅਕ੍ਰਿਤਘਣਾਂ ਪਾਸੋਂ ਬਦਲਾ ਲੈ ਲਿਆ ਹੈ। ਜਿਨ੍ਹਾਂ ਨੇ ਮੇਰੀ ਇਹ ਹਾਲਤ ਕੀਤੀ ਹੈ, ਹਮਲਾਵਰ ਕਬੀਲੇ ਨੇ ਇਤਬਾਰ ਕਰ ਲਿਆ। ਜਿਸ ਪਾਸੇ ਇਸ ਨੇ ਕਿਹਾ, ਇਸ ਨੂੰ ਲੈ ਤੁਰੇ। ਤੁਰਦਿਆਂ ਤੁਰਦਿਆਂ ਦੁਪਹਿਰ ਹੋ ਗਈ ਇਸ ਕਬੀਲੇ ਦਾ ਗਰਮੀ ਨਾਲ ਦਮ ਟੁੱਟਣ ਲੱਗ ਪਿਆ। ਇਨ੍ਹਾਂ ਪੁੱਛਿਆ ਕਿ ਉਹ ਥਾਂ ਕਿੱਥੇ ਹੈ। ਇਸ ਨੇ ਕਿਹਾ, ਬਸ ਪੁੱਜ ਗਏ ਹਾਂ। ਪ੍ਰਮਾਤਮਾ ਦਾ ਸ਼ੁਕਰ ਹੈ ਕਿ ਮੈਂ ਜੋ ਕਰਨਾ ਚਾਹੁੰਦਾ ਸਾਂ, ਹੋ ਗਿਆ ਹੈ। ਆਪਣੇ ਕਬੀਲੇ ਲਈ ਮੇਰੀ ਕੀਤੀ ਕੁਰਬਾਨੀ ਸਫਲ ਹੋ ਗਈ। ਦੁਪਹਿਰ ਨੂੰ ਉਸ ਖੁਲ੍ਹੇ ਮਾਰੂਥਲ ਵਿਚ ਗਰਮ ਲੂ ਚਲਦੀ ਸੀ। ਜੇ ਕੋਈ ਭੁੱਲ ਕੇ ਵੀ ਇਸ ਪਾਸੇ ਫਸ ਜਾਏ ਤਾਂ ਕਦੀ ਜਿਊਂਦਾ ਵਾਪਸ ਨਹੀਂ ਸੀ ਆਇਆ। ਇਹ ਬਜ਼ੁਰਗ ਇਸ ਭੇਦ ਨੂੰ ਜਾਣਦਾ ਸੀ। ਆਖਰ ਉਹ ਗਰਮ ਹਵਾ ਚੱਲੀ। ਪਾਣੀ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਸੀ। ਉਹ ਸਾਰਾ ਕਬੀਲਾ

ਤੜਪ ਤੜਪ ਕੇ ਮਰ ਗਿਆ ਤੇ ਉਹ ਬਜ਼ੁਰਗ ਵੀ ਮਰ ਗਿਆ। ਸਿੱਖਾਂ ਕਿਹਾ ਵੇਖੋ ਪਾਤਸ਼ਾਹੋ, ਇਕ ਉਹ ਬਜ਼ੁਰਗ ਸੀ, ਜਿਸ ਨੇ ਦੁਸ਼ਮਣਾਂ ਨੂੰ ਉੱਥੇ ਮਾਰਿਆ ਸੀ ਜਿੱਥੇ ਪਾਣੀ ਨਾ ਲੱਭਾ। ਇਕ ਸਾਡਾ ਇਹ ਮਹਾਂ ਪੁਰਖ ਹੈ ਜਿਹੜਾ ਦੁਸ਼ਮਨਾਂ ਨੂੰ ਐਨ ਸਮੇਂ ਸਿਰ ਪਾਣੀ ਪਹੁੰਚਾਉਂਦਾ ਹੈ ਤੇ ਜੇ ਇਹ ਆਪਣੀ ਮਰਜ਼ੀ ਨਾਲ ਪਾਣੀ ਪਿਲਾਉਂਦਾ ਹੈ ਤਾਂ ਫਿਰ ਅਸੀਂ ਇਹਨੂੰ ਜਿਉਂਦਾ ਨਹੀਂ ਛੱਡਣਾ ਤੇ ਜੇ ਤੁਹਾਡੀ ਮਰਜ਼ੀ ਨਾਲ ਪਾਣੀ ਪਿਲਾ ਰਿਹਾ ਹੈ, ਫਿਰ ਸਾਨੂੰ ਸਮਝਾਓ ਕਿ ਜੇ ਮਰਦਿਆਂ ਨੂੰ ਫਿਰ ਉਠਾਉਣਾ ਹੈ, ਤਾਂ ਮਾਰਨ ਦੀ ਕੀ ਲੋੜ ਹੈ। ਅਸੀਂ ਵੀ ਤਲਵਾਰਾਂ ਦੀ ਬਜਾਏ ਪਾਣੀ ਚੁੱਕ ਲੈਂਦੇ ਹਾਂ। ਬਸ ਪਾਣੀ ਹੀ ਪਿਲਾਉਂਦੇ ਹਾਂ। ਜਿਹੜਾ ਹਮਲਾ ਕਰਕੇ ਆਏ, ਅੱਗੋਂ ਜਾ ਕੇ ਕਹਾਂਗੇ, ਆਓ ਮਹਾਰਾਜ, ਜੀ ਆਇਆਂ ਜਲ ਛਕੋ। ਸਤਿਗੁਰਾਂ ਨੇ ਭਾਈ ਘਨਈਆ ਜੀ ਵੱਲ ਵੇਖਿਆ ਤੇ ਕਿਹਾ ਭਾਈ ਜੀ, ਇਹ ਯੋਧੇ ਆਪਣਾ ਪੂਰਾ ਕੰਮ ਕਰਦੇ ਹਨ। ਤੁਸੀਂ ਆਪਣਾ ਕੰਮ ਅਧੂਰਾ ਕਿਉਂ ਕਰਦੇ ਹੋ। ਤੁਸੀਂ ਵੀ ਆਪਣਾ ਕੰਮ ਪੂਰਾ ਕਰੋ। ਭਾਈ ਜੀ ਨੇ ਪੁੱਛਿਆ ਕਿ ਸਤਿਗੁਰੂ ਜੀ ਮੈਂ ਸਮਝਿਆ ਨਹੀਂ ਕਿ ਮੈਂ ਕੰਮ ਪੂਰਾ ਕਿਵੇਂ ਕਰਾਂ। ਸਤਿਗੁਰਾਂ ਕਿਹਾ, ਇਕ ਫੱਟੜ ਬੰਦੇ ਨੂੰ ਸਿਰਫ ਪਾਣੀ ਹੀ ਪਿਲਾਉਂਦੇ ਹੋ, ਇਹ ਯੋਧੇ ਮਾਰਨ ਲੱਗਿਆਂ ਲਿਹਾਜ਼ ਨਹੀਂ ਕਰਦੇ। ਕੋਈ ਬਚ ਜਾਏ ਤਾਂ ਆਪਣੇ ਭਾਗੀਂ ਬਚ ਜਾਏ। ਤੁਸੀਂ ਬਚਾਉਣ ਲੱਗੇ ਕਿਉਂ ਅੱਧਾ ਕੰਮ ਕਰਦੇ ਹੋ। ਤੁਸੀਂ ਵੀ ਆਪਣਾ ਕੰਮ ਪੂਰਾ ਕਰੋ। ਅੱਜ ਤੋਂ ਬਾਅਦ ਪਾਣੀ ਦੇ ਨਾਲ ਮਰਹਮ, ਪੱਟੀ ਵੀ ਲੈ ਕੇ ਜਾਇਆ ਕਰੋ। ਸਿੰਘਾਂ ਨੂੰ ਸਤਿਗੁਰਾਂ ਨੇ ਕਿਹਾ, ਤੁਸੀਂ ਆਪਣਾ ਕੰਮ ਕਰੋ। ਤੁਸੀਂ ਇਸ ਦਾ ਕੰਮ ਨਹੀਂ ਕਰ ਸਕਦੇ। ਇਹ ਤੁਹਾਡਾ ਕੰਮ ਨਹੀਂ ਕਰ ਸਕਦਾ।

ਸੁਭਾਵਕ ਹੀ ਹੈ ਕਿ ਪ੍ਰਸ਼ਨ ਉਠੇ ਕਿ ਇਕ ਮਾਲਕ ਇਕੋ ਹੀ ਸਮੇਂ ਦੋ ਸੇਵਕਾਂ ਨੂੰ ਇਕੋ ਥਾਂ ਕੰਮ ਕਰਨ ਵਾਲਿਆਂ ਨੂੰ ਐਸਾ ਹੁਕਮ ਦੇਵੇ। ਇਕ ਨੂੰ ਆਖੇ ਤੂੰ ਤੋੜੀ ਜਾ, ਦੂਸਰੇ ਨੂੰ ਆਖੇ ਤੂੰ ਜੋੜੀ ਜਾ। ਇਕ ਨੂੰ ਆਖੇ ਤੂੰ ਬਣਾਈ ਜਾ, ਦੂਸਰੇ ਨੂੰ ਆਖੇ ਤੂੰ ਢਾਹੀ ਜਾ। ਸਿੱਖਾਂ ਨੂੰ ਹੈਰਾਨ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਹੁਕਮ ਦੋਵੇਂ ਹੀ ਪੂਰੇ ਹਨ। ਕਿਸੇ ਵਿਚ ਵੀ ਕੋਈ ਘਾਟ ਨਹੀਂ। ਪਰ ਇਕ ਹੁਕਮ ਮੰਨਣ ਵਾਲਾ ਹੁਕਮ ਸਮਝ ਕੇ ਕਾਰ ਕਰ ਰਿਹਾ ਹੈ, ਉਸਦਾ ਕਿੰਤੂ ਕੋਈ ਨਹੀਂ। ਉਸਨੇ

ਨਹੀਂ ਕਿਹਾ, ਜੇ ਤੁਸੀਂ ਬੰਦੇ ਆਪ ਹੀ ਕਟਾਈ ਜਾਣੇ ਹਨ ਤਾਂ ਮੈਂ ਪਾਣੀ ਕਿਉਂ ਪਿਲਾਵਾਂ। ਉਸਦਾ ਕੋਈ ਕਿੰਤੂ ਨਹੀਂ।

ਦੂਸਰਾ ਵੀ ਹੁਕਮ ਮੰਨ ਕੇ ਕਾਰ ਕਰ ਰਿਹਾ ਹੈ ਪਰ ਉਸਦਾ ਕਿੰਤੂ ਕਾਇਮ ਹੈ। ਇਹ ਕਿੰਤੂ ਕਿਸੇ ਹਉਮੈ ਦੇ ਆਸਰੇ ਕਾਇਮ ਨਹੀਂ ਸਗੋਂ ਗੱਲ ਸਮਝ ਵਿਚ ਨਾ ਆਉਣ ਦੇ ਕਾਰਨ ਹੈ। ਇਕ ਸਮਝ ਰਿਹਾ ਹੈ ਕਿ ਗੁਰੂ ਦੇ ਹੁਕਮ ਅਨੁਸਾਰ ਮੈਂ ਪਾਣੀ ਪਿਲਾਉਣਾ ਹੈ, ਇਹ ਜ਼ਰੂਰੀ ਨਹੀਂ ਕਿ ਮੇਰੇ ਪਾਣੀ ਪਿਲਾਇਆਂ ਬੰਦਾ ਬਚ ਜਾਏਗਾ। ਬਚੇ ਜਾਂ ਮਰੇ, ਇਹ ਰੱਬੀ ਹੁਕਮ ਹੈ। ਜੀਵਨ ਜਾਂ ਮੌਤ ਮੇਰੇ ਹੱਥ ਵਿਚ ਨਹੀਂ, ਰੱਬ ਦੇ ਹੱਥ ਵਿਚ ਹੈ। ਮੇਰਾ ਕੰਮ ਹੈ ਗੁਰੂ ਦਾ ਹੁਕਮ ਮੰਨਣਾ। ਮੇਰਾ ਕੋਈ ਦਾਅਵਾ ਨਹੀਂ ਕਿ ਪਾਣੀ ਪੀਣ ਵਾਲਾ ਜ਼ਰੂਰ ਹੀ ਬਚੇਗਾ। ਉਹ ਹੁਕਮ ਵਿਚ ਕਾਰ ਕਰ ਰਿਹਾ ਹੈ, ਪਰ ਉਸ ਦੇ ਅੰਦਰ ਕਰਤਾਪਨ ਦਾ ਭਾਵ ਨਹੀਂ। ਦੂਸਰਾ ਮਾਰਨ ਵਾਲਾ ਚਾਹੁੰਦਾ ਹੈ, ਮੈਂ ਜਿਸ ਨੂੰ ਤਲਵਾਰ ਮਾਰਾਂ ਉਹ ਜ਼ਰੂਰ ਹੀ ਮਰਨਾ ਚਾਹੀਦਾ ਹੈ। ਮੇਰੇ ਤਲਵਾਰ ਮਾਰਿਆਂ ਬੰਦਾ ਕਿਉਂ ਬਚੇ। ਇਹ ਉਸ ਦੇ ਮਨ ਵਿਚ ਭਾਵ ਹੈ, ਉਹ ਐਸਾ ਨਹੀਂ ਸਮਝ ਸਕਿਆ ਕਿ ਨਾ ਮੌਤ ਮੇਰੇ ਹੱਥ ਵਿਚ ਹੈ, ਨਾ ਜੀਵਨ ਭਾਈ ਘਨਈਏ ਦੇ ਹੱਥ ਵਿਚ ਹੈ। ਨਾ ਮੈਂ ਮਾਰ ਸਕਦਾ ਹਾਂ, ਨਾ ਭਾਈ ਘਨਈਆ ਜੀਵਨ ਦੇ ਸਕਦਾ ਹੈ। ਸਿੰਘੋ ਜਿਵੇਂ ਭਾਈ ਘਨਈਆ ਕਰਤੇ-ਪਨ ਤੋਂ ਉੱਪਰ ਉੱਠ ਕੇ ਹੁਕਮ ਵਿਚ ਪਾਣੀ ਪਿਲਾ ਰਿਹਾ ਹੈ, ਤੁਸੀਂ ਹੁਕਮ ਵਿਚ ਸ਼ਸਤ੍ਰ ਚਲਾਓ। ਮਰਨ ਜਨਮ ਤੁਹਾਡੇ ਹੱਥ ਵਿਚ ਨਹੀਂ, ਕਰਤੇ ਨਾ ਬਣੋ। ਤੁਹਾਡੇ ਮਨ ਵਿਚ ਖਿਆਲ ਹੈ ਕਿ ਇਹ ਦੁਸ਼ਮਨ ਦਾ ਮਿੱਤਰ ਹੈ, ਇਸ ਲਈ ਸਾਡਾ ਵੀ ਦੁਸ਼ਮਨ ਹੈ, ਇਹ ਤੁਹਾਡੀ ਭੁੱਲ ਹੈ। ਜਦੋਂ ਪਾਣੀ ਪਿਲਾਉਣ ਵਾਲੇ ਨੂੰ ਕਿੰਤੂ ਨਹੀਂ ਕਿ ਮੈਂ ਪਾਣੀ ਪਿਲਾਉਂਦਾ ਹਾਂ ਤੇ ਤੁਸੀਂ ਕਿਉਂ ਮਾਰਦੇ ਹੋ। ਉਸਨੇ ਤੁਹਾਨੂੰ ਇਕ ਵਾਰ ਵੀ ਕਿਹਾ ਹੈ ਕਿ ਤੁਸੀ ਕਿਉਂ ਮਾਰਦੇ ਹੋ, ਜਾਂ ਤੁਹਾਡੀ ਕੋਈ ਸ਼ਿਕਾਇਤ ਕੀਤੀ ਹੈ। ਫਿਰ ਤੁਹਾਨੂੰ ਕਿਉਂ ਸ਼ਿਕਾਇਤ ਹੈ ਕਿ ਇਹ ਪਾਣੀ ਕਿਉਂ ਪਿਲਾਉਂਦਾ ਹੈ। ਫਰਕ ਇੰਨਾ ਹੈ ਕਿ ਕਾਰ ਦੋਵੇਂ ਕਰ ਰਹੇ ਹਨ। ਇਕ ਦੀ ਸਮਝ ਵਿਚ ਗੱਲ ਆ ਗਈ ਹੈ, ਦੂਸਰੇ ਦੀ ਸਮਝ ਵਿਚ ਨਹੀਂ ਆਈ। ਦਸਮੇਸ਼ ਪਿਤਾ ਕਹਿਣ ਲੱਗੇ ਤੁਸੀਂ ਦੋਵੇਂ ਹੀ ਇਕ ਕੰਮ ਕਰ ਰਹੇ ਹੋ, ਦੋਹਾਂ ਦੇ ਕੰਮ ਵਿਚ ਜ਼ਰਾ ਵੀ ਫਰਕ ਨਹੀਂ।

ਪਹਿਲੀ ਗੱਲ ਤੁਸੀਂ ਦੋਵੇਂ ਹੀ ਰਣ-ਭੂਮੀ ਵਿਚ ਇਕ ਦੇ ਹੁਕਮ ਨਾਲ ਜਾ ਰਹੇ ਹੋ। ਐਸਾ ਨਹੀਂ ਕਿ ਤਲਵਾਰ ਚਲਾਉਣ ਵਾਲੇ ਨੂੰ ਕੋਈ ਹੋਰ ਭੇਜਦਾ ਹੈ ਤੇ ਪਾਣੀ ਪਿਲਾਉਣ ਵਾਲੇ ਨੂੰ ਕੋਈ ਹੋਰ ਭੇਜਦਾ ਹੈ। ਤੁਹਾਨੂੰ ਦੋਹਾਂ ਨੂੰ ਹੀ ਮੈਂ ਭੇਜਦਾ ਹਾਂ। ਤੁਸੀਂ ਦੋਵੇਂ ਹੀ ਦੁਸ਼ਮਨ ਨੂੰ ਮਾਰਦੇ ਹੋ, ਪਰ ਮਾਰਨ ਦਾ ਢੰਗ ਵੱਖ-ਵੱਖ ਹੈ। ਇਕ ਦੁਸ਼ਮਨ ਨੂੰ ਮਾਰਦਾ ਹੈ, ਦੂਸਰਾ ਦੁਸ਼ਮਨੀ ਨੂੰ ਮਾਰਦਾ ਹੈ। ਇਕ ਦੁਸ਼ਮਨ ਨੂੰ ਤਲਵਾਰ ਨਾਲ ਮਾਰਦਾ ਹੈ, ਦੂਸਰਾ ਦੁਸ਼ਮਨੀ ਨੂੰ ਸੇਵਾ ਨਾਲ ਮਾਰਦਾ ਹੈ। ਤਲਵਾਰ ਨਾਲ ਮਾਰਿਆ ਤਾਂ ਸ਼ਾਇਦ ਫਿਰ ਵੀ ਉੱਠ ਪਵੇ ਪਰ ਭਾਈ ਘਨਈਏ ਦਾ ਮਾਰਿਆ ਫਿਰ ਨਹੀਂ ਉੱਠ ਸਕਦਾ। ਉਸ ਦੇ ਅੰਦਰ ਦੁਸ਼ਮਨੀ ਨਹੀਂ ਬਚਦੀ। ਕਮਾਲ ਦੀ ਗੱਲ ਹੈ ਕਿ ਸਿੰਘੋ, ਤੁਹਾਡੇ ਦੁਸ਼ਮਨ ਅਜੇ ਹਨ। ਤੁਹਾਨੂੰ ਤਲਵਾਰ ਚਲਾਉਣੀ ਪਵੇਗੀ, ਪਰ ਭਾਈ ਘਨਈਏ ਦੇ ਅੰਦਰੋਂ ਦੁਸ਼ਮਨੀ ਮੁੱਕ ਗਈ ਹੈ। ਤੁਸੀਂ ਵੀ ਤਲਵਾਰ ਇੰਜ ਚਲਾਓ ਜਿਵੇਂ ਕੋਈ ਜਰਾਹ ਨਸ਼ਤਰ ਚਲਾਉਂਦਾ ਹੈ। ਫਿਰ ਤੁਹਾਡੀ ਤਲਵਾਰ ਵੀ ਮਰਹਮ ਪੱਟੀ ਬਣ ਜਾਏਗੀ। ਕੀ ਇਕ ਜਰਾਹ ਨਸ਼ਤਰ, ਪਾਣੀ ਤੇ ਮਰਹਮ-ਪੱਟੀ ਸਭ ਕੁਝ ਨਹੀਂ ਰੱਖਦਾ। ਕੀ ਅੱਜ ਇਕੋ ਜਰਾਹ ਪਾਸ ਤੇਜ਼ ਹਥਿਆਰ ਤੇ ਮਰਹਮ-ਪੱਟੀ ਸਭ ਕੁਝ ਨਹੀਂ। ਉਹ ਇਕ ਹੀ ਬੰਦੇ ਤੇ ਤੇਜ਼ ਹਥਿਆਰ ਚਲਾਉਂਦਾ ਹੈ, ਉਸਨੂੰ ਕੱਟਦਾ ਵੀ ਹੈ, ਉਸਨੂੰ ਜੋੜਦਾ ਵੀ ਹੈ। ਤੁਹਾਡੀ ਤਲਵਾਰ ਤੇ ਭਾਈ ਘਨਈਏ ਦੀ ਸੇਵਾ ਇਕੋ ਮੰਤਵ ਵਾਸਤੇ ਹਨ। ਇਕ ਮੱਨੁਖਤਾ ਦੀ ਭਲਾਈ ਵਾਸਤੇ ਹਨ।

ਇੱਥੇ ਇਕ ਖਤਰਾ ਪੈਦਾ ਹੋ ਸਕਦਾ ਹੈ, ਉਸ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਕਿ ਤਲਵਾਰ ਜ਼ੁਲਮ ਨਾ ਬਣ ਜਾਏ, ਵਧੀਕੀ ਨਾ ਬਣ ਜਾਏ, ਧੱਕਾ ਨਾ ਬਣ ਜਾਏ, ਤੇ ਸੇਵਾ ਕਿਤੇ ਕਾਇਰਤਾ ਨਾ ਬਣ ਜਾਏ।

ਸਿੱਖ ਨੇ ਤਲਵਾਰ ਫੜ ਕੇ ਵੀ ਸੂਰਮਾ ਰਹਿਣਾ ਹੈ ਤੇ ਇਨਸਾਫ-ਪਸੰਦ ਰਹਿਣਾ ਹੈ। ਸਿੱਖ ਨੇ ਸੇਵਾ ਕਰਦਿਆਂ ਸੂਰਮਾ ਰਹਿਣਾ ਹੈ, ਕਦੀ ਵੀ ਕਾਇਰਤਾ ਨੂੰ ਨੇੜੇ ਨਹੀਂ ਆਉਣ ਦੇਣਾ। ਸਤਿਗੁਰਾਂ ਨੇ ਕਿਹਾ ਸੀ:

ਮੇਰੇ ਪਿਆਰਿਓ, ਤੁਸੀਂ ਦੋ ਦੀਵੇ ਹੋ, ਜਿਨ੍ਹਾਂ ਦੀ ਜੋਤ ਇਕ ਹੀ ਹੈ। ਇਕ ਦੀਵਾ ਬੀਰਤਾ ਹੈ, ਦੂਸਰਾ ਦੀਵਾ ਸੇਵਾ ਹੈ। ਸੇਵਾਦਾਰ ਵੀ ਦੀਵਾ ਹੈ, ਸੂਰਮਾ ਵੀ ਦੀਵਾ ਹੈ। ਇਨ੍ਹਾਂ ਦੋਵਾਂ ਦੀ ਰੋਸ਼ਨੀ ਇਕ ਹੈ, ਇਹ ਰੋਸ਼ਨੀ ਜਗਤ ਦੇ ਭਲੇ ਵਾਂਸਤੇ ਹੈ।

# 7

ਮੋਹ ਅਵਗੁਣ ਹੈ, ਪ੍ਰੇਮ ਗੁਣ ਹੈ। ਪੰਜਾਂ ਵਿਕਾਰਾਂ ਵਿਚੋਂ ਇਕ ਮੋਹ ਭੀ ਹੈ ਪਰ ਪ੍ਰੇਮ ਨੂੰ ਤਾਂ ਪ੍ਰਮਾਤਮਾ ਵੀ ਕਿਹਾ ਹੈ। ਮੋਹ ਦੁਖਦਾਈ ਹੈ, ਪ੍ਰੇਮ ਸੁਖਦਾਈ ਹੈ। ਮੋਹ ਵਿਚ ਫੱਸ ਕੇ ਜੀਵ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਪ੍ਰੇਮ ਵਿਚ ਜੀਵ ਪ੍ਰਮਾਤਮਾ ਦੇ ਨੇੜੇ ਹੁੰਦਾ ਹੈ, ਪਰ ਹੈਰਾਨਕੁਨ ਗੱਲ ਹੈ ਕਿ ਜਿਥੇ ਮੋਹ ਨਹੀਂ, ਉਥੇ ਪ੍ਰੇਮ ਪੈਦਾ ਹੋਣ ਦੀ ਵੀ ਆਸ ਨਹੀਂ। ਮੋਹ ਪ੍ਰੇਮ ਦਾ ਬੀਜ ਹੈ। ਇਸ ਫਰਕ ਨੂੰ ਇਸ ਤਰ੍ਹਾਂ ਸਮਝੀਏ ਕਿ ਜਿਵੇਂ ਇਕ ਕਿਸਾਨ ਕੋਲ ਕੁਝ ਬੀਜ ਹਨ, ਜੇ ਉਹ ਬੀਜ ਹੀ ਖਾ ਜਾਏ ਤਾਂ ਕਿੰਨਾ ਕੁ ਚਿਰ ਗੁਜ਼ਾਰਾ ਚਲ ਸਕੇਗਾ। ਕਿਸਾਨਾਂ ਦੀ ਨਜ਼ਰ ਵਿਚ ਉਹ ਬੜਾ ਕੰਗਾਲ ਕਿਸਾਨ ਹੈ, ਜਿਹੜਾ ਬੀਜ ਵੀ ਖਾ ਜਾਏ। ਬੀਜ ਖਾਣ ਵਾਸਤੇ ਨਹੀਂ, ਬੀਜ ਬੀਜਣ ਵਾਸਤੇ ਹੈ। ਜੇ ਉਸ ਨੂੰ ਇਹ ਬੀਜ ਦੇਵੇ ਤਾਂ ਇਤਨਾ ਅਨਾਜ ਆ ਸਕਦਾ ਹੈ ਕਿ ਸਾਲ ਭਰ ਉਸਦਾ ਪਰਿਵਾਰ ਖਾਂਦਾ ਹੈ। ਅਨਾਜ ਹੋਰ ਲੋੜਾਂ ਵੀ ਪੂਰੀਆਂ ਕਰਦਾ ਹੈ ਅਤੇ ਅਨੇਕਾਂ ਤਕ ਪੁਜਦਾ ਹੈ, ਅਨੇਕਾਂ ਬੰਦਿਆਂ ਦੀ ਭੁੱਖ ਮਿਟਾਉਂਦਾ ਹੈ। ਮੋਹ ਕੀ ਹੈ? ਬੀਜ ਤਕ ਸੀਮਤ ਰਹਿਣਾ ਬੀਜ ਹੀ ਖਾ ਜਾਣਾ। ਪ੍ਰੇਮ ਕੀ ਹੈ ਉਸ ਬੀਜ ਨੂੰ ਖੇਤੀ ਵਿਚ ਬੀਜ ਦੇਣਾ ਤੇ ਇਕ ਤੋਂ ਅਨੇਕ ਕਰ ਦੇਣਾ। ਆਪਣੇ ਘਰ ਬਾਰੇ ਆਪਣੇ ਹੀ ਪਰਿਵਾਰ ਬਾਰੇ ਆਪਣੇ ਹੀ ਸੰਬੰਧੀਆਂ ਬਾਰੇ ਭਲਾ ਸੋਚਣਾ ਇਹ ਮੋਹ ਹੈ, ਪਰ ਸਰਬਤ ਦੇ ਭਲੇ ਲਈ ਸ਼ੁਭ ਕਾਮਨਾ, ਪ੍ਰਾਰਥਨਾ, ਅਰਦਾਸਾਂ ਦੇ ਛੱਟੇ ਦੇਣੇ ਇਹ ਪ੍ਰੇਮ ਹੈ। ਮੋਹ ਦੀ ਖਿੱਚ ਕੀ ਹੈ, ਆਪਣੇ ਨਾਲ ਆਪਣੇ ਬੱਚਿਆਂ ਦੇ ਖਾਣ-ਪੀਣ, ਪਹਿਨਣ ਦਾ ਧਿਆਨ ਰਖਣਾ। ਪ੍ਰੇਮ ਕੀ ਹੈ? ਸਾਰੇ ਜਗਤ ਦੇ ਖਾਣ-ਪੀਣ, ਪਹਿਨਣ ਦੀ ਸ਼ੁਭ ਕਾਮਨਾ

ਕਰਨਾ। ਆਪਣਿਆਂ ਦੇ ਸੁੱਖ ਦਾ ਧਿਆਨ ਰਖਣਾ ਮੋਹ ਹੈ। ਸਾਰੇ ਜਗਤ ਦੇ ਸੁਖ ਦਾ ਧਿਆਨ ਰਖਣਾ ਪ੍ਰੇਮ ਹੈ। ਜਿਨ੍ਹਾਂ ਨਾਲ ਮੋਹ ਹੈ, ਬੰਦਾ ਚਾਹੁੰਦਾ ਹੈ ਕਿ ਮੈਨੂੰ ਦੁੱਖ ਆ ਜਾਏ ਪਰ ਇਹ ਸੁਖੀ ਰਹਿਣ, ਇਹ ਮੇਰੀ ਨਜ਼ਰੋਂ ਉਹਲੇ ਨਾ ਹੋਣ। ਜਿਸ ਨਾਲ ਮੋਹ ਹੈ, ਉਸ ਇਕ ਦੇ ਸੁਖ ਵਾਸਤੇ ਇਹ ਸਾਰੇ ਜਗਤ ਨੂੰ ਦੁਖੀ ਵੇਖ ਸਕਦਾ ਹੈ। ਜਿਨ੍ਹਾਂ ਵਿਅਕਤੀਆਂ ਨੇ ਜਿਨ੍ਹਾਂ ਵਸਤੂਆਂ ਨੇ ਇਸ ਦਾ ਮਨ ਠੱਗ ਲਿਆ ਹੈ, ਮੋਹ ਲਿਆ ਹੈ, ਉਨ੍ਹਾਂ ਦੀ ਪਕੜ, ਮਨ ਵਿਚ ਉਨ੍ਹਾਂ ਦੀ ਯਾਦ, ਹਮੇਸ਼ਾ ਹੀ ਬਣੀ ਰਹਿਣੀ ਇਹੀ ਮੋਹ ਹੈ। ਇਹ ਰੁਚੀ ਬਣੀ ਰਹਿਣੀ ਕਿ ਇਨ੍ਹਾਂ ਬਿਨਾਂ ਮੈਂ ਜੀ ਨਹੀਂ ਸਕਦਾ, ਇਹ ਰੁਚੀ ਹੀ ਮੋਹ ਹੈ। ਮੋਹ ਦੀ ਐਸੀ ਪਕੜ ਹੈ ਕਿ ਜਿਸ ਨਾਲ ਮੋਹ ਹੋਵੇ, ਉਸ ਬਿਨਾਂ ਜੀਵਨ ਅਧੂਰਾ ਜਾਪਦਾ ਹੈ। ਬੇਸ਼ਕ ਉਨ੍ਹਾਂ ਵਿਅਕਤੀਆਂ ਪਾਸੋਂ ਸਿਰਫ ਦੁਖ ਹੀ ਦੁਖ ਮਿਲਿਆ ਹੋਵੇ। ਪਰ ਇਹ ਪਕੜ ਐਸੀ ਹੈ ਕਿ ਮਨੁੱਖ ਛਡਣ ਲਈ ਤਿਆਰ ਨਹੀਂ। ਹਾਲਾਂਕਿ ਜਿਨ੍ਹਾਂ ਨਾਲ ਮੋਹ ਹੈ, ਉਨ੍ਹਾਂ ਪਾਸੋਂ ਅੱਜ ਤਕ ਕਿਸੇ ਨੂੰ ਸੁਖ ਮਿਲਿਆ ਨਹੀਂ। ਸਿਰਫ ਦੁਖ ਹੀ ਦੁਖ ਮਿਲਿਆ ਹੈ। ਪ੍ਰੇਮ ਦਾ ਅਰਥ ਹੈ ਕਿ ਮੈਂ ਪ੍ਰਮਾਤਮਾ ਦਾ ਹਾਂ, ਸਾਰਾ ਸੰਸਾਰ ਉਸਦਾ ਹੈ, ਜਿਸਦਾ ਮੈਂ ਹਾਂ। ਸੰਸਾਰ ਮੇਰਾ ਹਿੱਸਾ ਹੈ। ਮੈਂ ਸੰਸਾਰ ਦਾ ਹਿੱਸਾ ਹਾਂ। ਅਸੀਂ ਵੱਖ-ਵੱਖ ਨਹੀਂ। ਮੈਂ, ਪ੍ਰਮਾਤਮਾ ਤੇ ਸੰਸਾਰ ਵੱਖ-ਵੱਖ ਨਹੀਂ, ਫਿਰ ਮੈਂ ਕੁਝ ਬੰਦਿਆਂ ਦੀ, ਮੋਹ ਵਸ ਸੁਖ-ਸਾਂਦ ਮੰਗ ਕੇ ਏਡੇ ਵਡੇ ਜਗਤ ਦਾ ਬੁਰਾ ਕਿਵੇਂ ਮੰਗਾਂ। ਮੋਹ ਵਸ ਬੰਦਾ ਐਸਾ ਕਰਦਾ ਹੈ। ਇਕ ਮਾਤਾ ਨੇ ਇਕ ਮਹਾਤਮਾ ਦੇ ਸਾਹਮਣੇ ਪ੍ਰਸ਼ਾਦ ਰਖਿਆ ਤੇ ਕਹਿੰਦੀ ਸੀ, ਮਹਾਤਮਾ ਜੀ ਤੁਹਾਡੀ ਬੜੀ ਹੀ ਕ੍ਰਿਪਾ ਹੈ, ਤੁਹਾਡਾ ਬੜਾ ਹੀ ਸ਼ੁਕਰਾਨਾ ਹੈ, ਤੁਹਾਡੀਆਂ ਅਰਦਾਸਾਂ ਸਾਨੂੰ ਹਮੇਸ਼ਾ ਹੀ ਬਚਾਉਂਦੀਆਂ ਆ ਰਹੀਆਂ ਹਨ। ਪਿਛਲੇ ਸਾਲ ਆਕਾਸ਼ੀ ਬਿਜਲੀ ਡਿੱਗੀ ਜਿਸ ਨਾਲ ਲੋਕਾਂ ਦੀਆਂ ਦਸ ਮੱਝਾਂ ਮਰ ਗਈਆਂ, ਪਰ ਸਾਡੀ ਮੱਝ ਬਚ ਗਈ, ਤੁਹਾਡੀ ਬੜੀ ਕ੍ਰਿਪਾ ਹੈ। ਇਸ ਸਾਲ ਮਾਰਕੀਟ ਨੂੰ ਅੱਗ ਲੱਗ ਗਈ। ਪੰਜਾਹ ਦੁਕਾਨਾਂ ਸੜ ਕੇ ਸਵਾਹ ਹੋ ਗਈਆਂ, ਪਰ ਤੁਹਾਡੀ ਕ੍ਰਿਪਾ ਨਾਲ ਸਾਡੀ ਦੁਕਾਨ ਬਚ ਗਈ। ਇਹ ਹੈ ਮੋਹ ਦਾ ਅਸਲ ਦਰਸ਼ਨ। ਉਸ

ਮਾਈ ਨੂੰ ਲੋਕਾਂ ਦੀਆਂ ਦਸ ਮੱਝਾਂ ਮਰਨ ਦਾ ਕੋਈ ਅਫ਼ਸੋਸ ਨਹੀਂ, ਆਪਣੀ ਇਕ ਬਚ ਜਾਣ ਦੀ ਬੜੀ ਖੁਸ਼ੀ ਹੈ। ਉਸ ਨੂੰ ਲੋਕਾਂ ਦੀਆਂ ਪੰਜਾਹ ਦੁਕਾਨਾਂ ਸੜ ਜਾਣ ਦਾ ਕੋਈ ਅਫ਼ਸੋਸ ਨਹੀਂ, ਪਰ ਆਪਣੀ ਦੁਕਾਨ ਬਚ ਜਾਣ ਦੀ ਖੁਸ਼ੀ ਹੈ।

ਮਹਾਤਮਾ ਨੇ ਬੜੀ ਸੁੰਦਰ ਗੱਲ ਕਹੀ। ਕਹਿਣ ਲੱਗੇ, ਮਾਤਾ ਇਮਾਨਦਾਰੀ ਨਾਲ ਦੱਸ ਕਿ ਜੇਕਰ ਗਿਆਰਾਂ ਮੱਝਾਂ ਹੀ ਤੇਰੀਆਂ ਹੁੰਦੀਆਂ ਤੇ ਇਕਵੰਜਾ ਦੁਕਾਨਾਂ ਹੀ ਤੇਰੀਆਂ ਹੁੰਦੀਆਂ, ਤੇਰੀਆਂ ਦਸ ਮੱਝਾਂ ਮਰ ਜਾਂਦੀਆਂ, ਤੇਰੀਆਂ ਪੰਜਾਹ ਦੁਕਾਨਾਂ ਸੜ ਜਾਂਦੀਆਂ, ਤੇਰੀ ਇਕ ਮੱਝ ਬਚਦੀ, ਤੇਰੀ ਇਕ ਦੁਕਾਨ ਬਚਦੀ, ਤੇ ਤੂੰ ਫਿਰ ਵੀ ਇੰਜ ਹੀ ਪ੍ਰਸ਼ਾਦ ਲੈ ਕੇ ਆਉਂਦੀ। ਫਿਰ ਵੀ ਕਹਿੰਦੀ ਕਿ ਮਹਾਰਾਜ ਜੀ ਤੁਹਾਡਾ ਬੜਾ ਸ਼ੁਕਰਾਨਾ ਹੈ। ਮਾਤਾ, ਜੇ ਤੂੰ ਬਾਕੀ ਮੱਝਾਂ ਤੇ ਦੁਕਾਨਾਂ ਵੀ ਆਪਣੀਆਂ ਸਮਝ ਕੇ ਹਮਦਰਦੀ ਦੀ ਆਹ ਭਰਦੀ, ਤਾਂ ਮੈਂ ਸਮਝਦਾ, ਤੇਰੇ ਹਿਰਦੇ ਵਿਚ ਪ੍ਰੇਮ ਹੈ। ਪਰ ਤੂੰ ਆਪਣੇ ਬਚਾ ਲਈ ਖੁਸ਼ ਹੈਂ, ਇਹ ਮੋਹ ਹੈ। ਮੋਹ ਵਾਲਾ ਹਮੇਸ਼ਾ ਹੀ ਚਾਹੇਗਾ ਕਿ ਹਜ਼ਾਰਾਂ ਬੰਦਿਆਂ ਦੇ ਸਿਰ ਕੱਟੇ ਜਾਣ, ਪਰ ਮੇਰੀ ਉਂਗਲੀ ਨੂੰ ਝਰੀਟ ਨਾ ਆਵੇ, ਇਹ ਮੋਹ ਹੈ। ਪ੍ਰੇਮ ਦਾ ਅਰਥ ਹੈ ਕਿ ਮੈਂ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਸਮਝਦਾ ਹਾਂ। ਮੋਹ ਨੂੰ ਮੈਂ ਬੀਜ ਤਾਂ ਕਹਿ ਰਿਹਾ ਹਾਂ ਕਿ ਆਪਣੇ ਪਰਿਵਾਰ ਦਾ ਖਿਆਲ ਬੀਜ ਹੈ। ਇਹੋ ਜੇ ਬੂਟਾ ਬਣ ਜਾਏ ਤਾਂ ਜਗਤ ਹੀ ਪਰ੍ਿਵਾਰ ਹੈ। ਐਸਾ ਖਿਆਲ ਬਣ ਸਕਦਾ ਹੈ। ਮੋਹ ਨੂੰ ਵਿਕਾਰ ਇਸ ਲਈ ਕਿਹਾ ਹੈ ਕਿ ਜਿਥੇ ਸਮੁੰਦਰ ਬਣਨਾ ਸੀ, ਉਥੇ ਬੰਦਾ ਚਾਹੇ ਕਿ ਪਾਣੀ ਦੀ ਛੋਟੀ ਜਿਹੀ ਛੱਪੜੀ ਤੱਕ ਹੀ ਰੋਕ ਦੇਵੇ, ਜਿਥੇ ਸੁੰਦਰ ਬਾਗ ਬਣ ਸਕਦਾ ਸੀ, ਬੰਦਾ ਗਮਲੇ ਵਿਚ ਇਕ ਬੂਟੇ ਤੱਕ ਹੀ ਸੀਮਤ ਕਰ ਦੇਵੇ, ਜਿਹੜੀ ਰੁਚੀ ਨੇ ਸਾਰੇ ਸੰਸਾਰ ਦੀ ਰੌਣਕ ਬਣਨਾ ਸੀ, ਉਹ ਰੁਚੀ ਆਪਣੇ ਪਰਿਵਾਰ ਤੱਕ ਹੀ ਰਹਿ ਜਾਏ, ਇਹ ਪਾਪ ਨਹੀਂ, ਤਾਂ ਹੋਰ ਕੀ ਹੈ। ਮੋਹ ਹੱਦ ਬਣਾਉਂਦਾ ਹੈ, ਪ੍ਰੇਮ ਸਾਰੀਆਂ ਹੱਦਾਂ ਤੋੜ ਦਿੰਦਾ ਹੈ। ਮੋਹ ਵਾਲਾ ਆਪਣੇ ਪੁੱਤਰ ਨੂੰ ਭੋਜਨ ਦੇ ਸਕਦਾ ਹੈ, ਸਾਰੇ ਜਗਤ ਦੇ ਬੱਚਿਆਂ ਨੂੰ ਨਹੀਂ ਦੇ ਸਕਦਾ।

ਮੋਹ ਵਾਲਾ ਜਿਵੇਂ ਆਪਣੇ ਬੱਚਿਆਂ ਦਾ ਭਲਾ ਮੰਗਦਾ ਹੈ, ਸਾਰੇ ਜਗਤ ਦੇ ਬੱਚਿਆਂ ਦਾ ਭਲਾ ਨਹੀਂ ਮੰਗ ਸਕਦਾ। ਪ੍ਰੇਮ ਵਾਲੇ ਸਾਰੇ ਜਗਤ ਦੇ ਬੱਚਿਆਂ ਨਾਲ ਆਪਣੇ ਪੁੱਤਰ ਵਾਲਾ ਵਿਵਹਾਰ ਕਰ ਸਕਦੇ ਹਨ। ਮੋਹ ਵਾਲਾ ਹਰ ਬੰਦੇ ਦੇ ਦੁੱਖ ਸੁੱਖ ਨੂੰ ਆਪਣਾ ਦੁੱਖ ਸੁੱਖ ਨਹੀਂ ਸਮਝ ਸਕਦਾ, ਪਰ ਪ੍ਰੇਮ ਵਾਲਾ ਹਰ ਬੰਦੇ ਦੇ ਦੁੱਖ ਸੁੱਖ ਨੂੰ ਆਪਣਾ ਦੁੱਖ ਸੁੱਖ ਸਮਝ ਸਕਦਾ ਹੈ। ਮੋਹ ਵਿਚ ਆਪਣਿਆਂ ਦਾ ਭਲਾ ਤੇ ਦੂਸਰਿਆਂ ਦਾ ਬੁਰਾ ਵੀ ਹੋ ਜਾਂਦਾ ਹੈ ਕਿਉਂਕਿ ਮੋਹ ਵਿਚ ਦੂਸਰਾ ਮੌਜੂਦਾ ਹੈ। ਆਪਣੇ ਬੱਚੇ ਦੀ ਖਾਤਰ ਮਨੁੱਖ ਕਿਸੇ ਦੇ ਬੱਚੇ ਦੀ ਬਲੀ ਦੇ ਸਕਦਾ ਹੈ। ਪਰ ਪ੍ਰੇਮ ਵਿਚ ਪਾਪ ਹੋਣ ਦੀ ਗੁੰਜਾਇਸ਼ ਨਹੀਂ। ਉਸ ਦਾ ਮੂਲ ਕਾਰਨ ਹੈ ਕਿ ਪ੍ਰੇਮ ਵਿਚ ਕੋਈ ਬੇਗਾਨਾ ਹੁੰਦਾ ਹੀ ਨਹੀਂ, ਦੂਸਰਾ ਹੁੰਦਾ ਹੀ ਨਹੀਂ। ਪ੍ਰੇਮ ਵਿਚ ਸਾਰੇ ਆਪਣੇ ਹੀ ਹੁੰਦੇ ਹਨ, ਸ਼ਾਇਦ ਇਸੇ ਵਾਸਤੇ ਭਾਈ ਨੰਦ ਲਾਲ ਜੀ ਨੇ ਕਿਹਾ ਸੀ, ''ਤੂੰ ਮੇਰ-ਤੇਰ ਤੋਂ ਅਗਾਂਹ ਗੁਜ਼ਰ ਕੇ ਆਪਣੇ ਆਪ ਦਾ ਵਾਕਫ਼ ਹੋ, ਜਿਹੜਾ ਮਨੁੱਖ ਵੀ ਆਪਣੇ ਆਪ ਦਾ ਵਾਕਫ਼ ਹੋ ਗਿਆ ਹੈ, ਉਹ ਖੁਦਾ ਤੋਂ ਨਾਵਾਕਫ਼ ਨਹੀਂ ਰਿਹਾ।''

*ਬਿ ਗੁਜ਼ਰ ਅਜ਼ ਬੇਗਾਨਗੀਹਾ-ਉ ਬਾਖ਼ੁਦ ਸ਼ੌ ਆਸ਼ਨਾ।*
*ਹਰ ਕਿ ਬਾ ਖ਼ੁਦ ਆਸ਼ਨਾ ਸ਼ੁਦ ਅਜ਼ ਖ਼ੁਦਾ ਬੇਗਾਨਾ ਨੇਸਤ।*

ਜਦੋਂ ਕੋਈ ਬੇਗਾਨਾ ਹੀ ਨਹੀਂ, ਸਾਰੇ ਹੀ ਆਪਣੇ ਹਨ, ਫਿਰ ਇਕ ਦੇ ਭਲੇ ਵਾਸਤੇ ਮੈਂ ਦੂਸਰੇ ਦਾ ਬੁਰਾ ਕਿਉਂ ਕਰਾਂ। ਪ੍ਰੇਮੀ ਸਰਬੱਤ ਦਾ ਭਲਾ ਤਾਂ ਮੰਗ ਸਕਦਾ ਹੈ, ਉਹ ਕਿਸੇ ਦਾ ਬੁਰਾ ਨਹੀਂ ਚਿਤਵ ਸਕਦਾ। ਬੁਰਾ ਕਰਨਾ ਤਾਂ ਇਕ ਪਾਸੇ ਰਿਹਾ, ਕਿਸੇ ਦੇ ਬੁਰੇ ਦਾ ਖ਼ਿਆਲ ਤੱਕ ਵੀ ਉਸਦੇ ਮਨ ਵਿਚ ਨਹੀਂ ਆਉਂਦਾ। ਮੋਹ ਨੂੰ ਪ੍ਰੇਮ ਦਾ ਬੀਜ ਤਾਂ ਕਿਹਾ ਹੈ ਕਿ ਜਿਹੜਾ ਬੰਦਾ ਆਪਣੇ ਹੀ ਪਰਿਵਾਰ ਦਾ ਮੋਹ ਵੱਸ ਭਲਾ ਸੋਚਦਾ ਹੈ। ਐਸੇ ਬੰਦੇ ਨੂੰ ਸਹੀ ਸੇਧ ਮਿਲ ਜਾਏ ਤਾਂ ਉਹ ਪ੍ਰੇਮ ਬਣ ਸਕਦਾ ਹੈ, ਕਿਉਂਕਿ ਬੀਜ ਉਸ ਦੇ ਪਾਸ ਹੈ, ਖਿੱਚ ਉਸ ਦੇ ਪਾਸ ਹੈ। ਫਰਕ ਇੰਨਾ ਹੈ ਕਿ ਇਹ ਭਲੇ ਦੀ ਖਿੱਚ, ਭਲੇ ਦੀ ਰੁਚੀ ਇਹ ਕੁਰਬਾਨੀ ਦੀ ਰੁਚੀ ਹੈ ਤਾਂ ਸਹੀ, ਪਰ ਕੈਦ ਹੈ, ਬੱਧੀ ਹੈ। ਇਹ ਭਲੇ ਦੀ ਰੁਚੀ ਕੈਦ

ਹੈ। ਬੱਧੀ ਹੈ ਤਾਂ ਮੋਹ ਹੈ, ਜਦੋਂ ਇਹ ਆਜ਼ਾਦ ਹੋ ਜਾਏ ਤਾਂ ਪ੍ਰੇਮ ਹੈ। ਸਹੀ ਸੇਧ ਮਿਲ ਜਾਏ ਤਾਂ ਮੋਹ ਨੇ ਵਧ ਕੇ ਪ੍ਰੇਮ ਬਣ ਜਾਣਾ ਹੈ, ਆਪਣੇ ਪਰਿਵਾਰ ਤੋਂ ਉੱਪਰ ਉੱਠ ਕੇ ਐਸਾ ਬੰਦਾ ਸੰਸਾਰ ਦਾ ਭਲਾ ਸੋਚ ਸਕਦਾ ਹੈ। ਇਥੇ ਇਕ ਭੁਲੇਖਾ ਲੱਗ ਜਾਂਦਾ ਹੈ ਕਿ ਕਈਆਂ ਉਨ੍ਹਾਂ ਬੰਦਿਆਂ ਨੂੰ ਅਸੀਂ ਪ੍ਰੇਮੀ ਤੇ ਨਿਰਮੋਹ ਕਿਹਾ ਹੈ ਜਿਹੜੇ ਆਪਣੇ ਪਰਿਵਾਰ ਦਾ ਵੀ ਭਲਾ ਨਹੀਂ ਸੋਚ ਸਕਦੇ। ਜਿਹੜੇ ਆਪਣਾ ਵੀ ਭਲਾ ਨਹੀਂ ਸੋਚ ਸਕਦੇ। ਸੱਚ ਤਾਂ ਇਹ ਹੈ ਕਿ ਐਸੇ ਬੰਦਿਆਂ ਦੇ ਪਾਸ ਬੀਜ ਹੀ ਨਹੀਂ, ਬੂਟਾ ਕਿਵੇਂ ਬਣੇਗਾ। ਜੋ ਆਪਣਿਆਂ ਬਾਰੇ ਵੀ ਨਹੀਂ ਸੋਚ ਸਕਦਾ, ਉਹ ਬੇਗਾਨੇ ਬਾਰੇ ਕੀ ਸੋਚੇਗਾ। ਐਸਾ ਬੰਦਾ ਬਿਲਕੁਲ ਹੀ ਖਾਲੀ ਹੈ। ਜਿਹੜਾ ਬੰਦਾ ਕਹਿੰਦਾ ਹੈ, ਬੰਦਾ ਤਾਂ ਇਕ ਪਾਸੇ ਰਿਹਾ, ਮੈਂ ਕਿਸੇ ਕੁੱਤੇ ਨੂੰ ਵੀ ਪ੍ਰੇਮ ਨਹੀਂ ਕਰਦਾ, ਐਸਾ ਬੰਦਾ ਰੱਬ ਨੂੰ ਕਿਵੇਂ ਪ੍ਰੇਮ ਕਰੇਗਾ। ਐਸੇ ਬੰਦੇ ਦੇ ਪਾਸ ਪ੍ਰੇਮ ਦਾ ਬੀਜ ਨਹੀਂ। ਬੇਸ਼ਕ ਕਿਸੇ ਵਸਤੂ ਨਾਲ ਵੀ ਮੋਹ ਹੋਵੇ, ਉਸਦਾ ਮੋਹ ਤਬਦੀਲ ਹੋ ਕੇ ਪ੍ਰੇਮ ਬਣ ਸਕਦਾ ਹੈ। ਜੜ੍ਹ ਚੀਜ਼ਾਂ ਨਾਲ ਮੋਹ ਕਰਦਾ ਕਰਦਾ ਬੰਦਾ ਜਾਨਦਾਰ ਚੀਜ਼ਾਂ ਤੱਕ ਪੁੱਜ ਸਕਦਾ ਹੈ। ਜਾਨਦਾਰ ਚੀਜ਼ਾਂ ਦੇ ਪਿਆਰ ਤੋਂ ਸਤਸੰਗ ਨਾਲ ਪ੍ਰੇਮ ਬਣ ਸਕਦਾ ਹੈ। ਇਕ ਦਿਨ ਇਹ ਮੋਹ ਦਾ ਬੂਟਾ ਪ੍ਰੇਮ ਦਾ ਬਗੀਚਾ ਬਣ ਸਕਦਾ ਹੈ। ਪ੍ਰੇਮ ਇਕ ਐਸੀ ਅਵੱਸਥਾ ਹੈ, ਇਹ ਮਨ ਦੀ ਅਵੱਸਥਾ ਹੈ ਕਿ ਜਿਥੇ ਹਰ ਚੀਜ਼ ਹੀ ਪ੍ਰਮਾਤਮਾ ਨਜ਼ਰ ਆਉਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਏਸੇ ਲਈ ਕਿਹਾ ਸੀ :

*ਸਾਚ ਕਹੂ ਸੁਣ ਲੇਹੁ ਸਭੈ,*
*ਜਿਨ ਪ੍ਰੇਮ ਕੀਉ ਤਿਨ ਹੀ ਪ੍ਰਭ ਪਾਇਉ॥*

ਪ੍ਰੇਮ ਤੇ ਮੋਹ ਦੋ ਐਸੇ ਦੀਵੇ ਹਨ ਜਿਨ੍ਹਾਂ ਦੀ ਜੋਤ ਇਕ ਹੈ। ਫਰਕ ਇੰਨਾ ਹੈ ਕਿ ਮੋਹ ਛੋਟਾ ਦੀਵਾ ਹੈ, ਪ੍ਰੇਮ ਵੱਡਾ ਦੀਵਾ ਹੈ। ਮੋਹ ਥੋੜ੍ਹੇ ਜਿਹੇ ਦਾਇਰੇ ਵਿਚ ਪ੍ਰਕਾਸ਼ ਕਰਦਾ ਹੈ, ਪ੍ਰੇਮ ਸਾਰੇ ਜਗਤ ਵਿਚ ਪ੍ਰਕਾਸ਼ ਕਰਦਾ ਹੈ। ਮੋਹ ਦਾ ਦੀਵਾ ਕੁਝ ਆਪਣਿਆਂ ਨੂੰ ਪ੍ਰਕਾਸ਼ ਦਿੰਦਾ ਹੈ। ਪਰ ਪ੍ਰੇਮ ਸਾਰਿਆਂ ਨੂੰ ਹੀ ਪ੍ਰਕਾਸ਼ ਦਿੰਦਾ ਹੈ, ਪਰ ਸਮਝਣ ਵਾਲੀ ਇਹ ਗੱਲ

ਹੈ ਕਿ ਪ੍ਰੇਮ ਦਾ ਦੀਵਾ ਜਗਦਾ ਮੋਹ ਦੇ ਦੀਵੇ ਤੋਂ ਹੀ ਹੈ। ਗੁਰੂ ਅਮਰਦਾਸ ਜੀ ਨੇ ਇਸੇ ਲਈ ਕਿਹਾ ਸੀ :

*ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ।*

ਮ: ੩, ਅਨੰਦ

ਮੋਹ ਬੀਜ ਹੈ, ਪ੍ਰੇਮ ਫਲਿਆ ਫੁੱਲਿਆ ਸੰਘਣਾ ਦਰਖ਼ਤ ਹੈ। ਬੀਜ ਤੋਂ ਬਿਨਾਂ ਦਰਖਤ ਕਿਵੇਂ ਬਣੇਗਾ, ਕਿੱਥੋਂ ਆਏਗਾ; ਤੇ ਦਰਖ਼ਤ ਤੋਂ ਬਿਨਾਂ ਫਲ ਫੁੱਲ ਕਿੱਥੋਂ ਆਉਣਗੇ। ਟਾਹਣੀਆਂ ਤੇ ਪੱਤੇ ਕਿੱਥੋਂ ਆਉਣਗੇ। ਸੰਘਣੀ ਛਾਇਆ ਕਿੱਥੋਂ ਆਏਗੀ। ਮੂਲ ਤਾਂ ਬੀਜ ਹੈ, ਸੋ ਮੋਹ ਤੇ ਪ੍ਰੇਮ ਦੋ ਦੀਵਿਆਂ ਦਾ ਇਕ ਹੀ ਕੰਮ ਹੈ ਕਿ ਕਿਸੇ ਹੋਰ ਨੂੰ ਆਪਣਾ ਜਾਨਣਾ ਤੇ ਉਸਦਾ ਭਲਾ ਮੰਗਣਾ।

ਜਦੋਂ ਮੋਹ ਹੈ, ਤਾਂ ਬੰਦਾ ਸ਼ਿਵਜੀ ਵਾਂਗੂੰ ਆਪਣੀ ਪਤਨੀ ਦੀ ਗਲੀ ਸੜੀ ਲਾਸ਼ ਵੀ ਮੋਢੇ ਤੇ ਚੁੱਕੀ ਫਿਰਦਾ ਹੈ। ਪੁਰਾਤਨ ਕਥਾ ਹੈ ਕਿ ਵਿਸ਼ਨੂੰ ਦੇ ਸੁਦਰਸ਼ਨ ਚੱਕਰ ਨੇ ਇਸ ਲਾਸ਼ ਦੇ ਟੋਟੇ ਟੋਟੇ ਕਰ ਕੇ ਸੁੱਟ ਦਿੱਤੇ ਤੇ ਜਿੱਥੇ ਜਿੱਥੇ ਅੰਗ ਡਿੱਗੇ, ਉੱਥੇ ਉੱਥੇ ਮੰਦਰ ਬਣ ਗਏ। ਪ੍ਰੇਮ ਵਸ ਹੀ ਲਾਸ਼ਾਂ ਚੁੱਕੀਆਂ ਜਾਂਦੀਆਂ ਹਨ; ਜਿਵੇਂ ਕਿ ਲਾਹੌਰ ਵਿਚ ਬਿਮਾਰੀ ਪੈਣ ਤੇ ਲਾਸ਼ਾਂ ਦੇ ਢੇਰ ਲੱਗੇ ਸਨ ਤੇ ਗੁਰੂ ਅਰਜਨ ਦੇਵ ਜੀ ਨੇ ਹਿੰਦੂਆਂ ਦਾ ਸਸਕਾਰ ਕੀਤਾ ਤੇ ਮੁਸਲਮਾਨਾਂ ਨੂੰ ਦਫ਼ਨ ਕੀਤਾ। ਇਹੋ ਸਮਾਂ ਸੀ ਜਦੋਂ ਵੇਖ ਕ ਮੀਆਂ ਮੀਰ ਕਹਿ ਉੱਠਿਆ ਸੀ ਕਿ ਜਗਤ ਵਿਚ ਮੋਹ ਤਾਂ ਬਹੁਤ ਵੇਖਿਆ ਸੀ ਪਰ ਪ੍ਰੇਮ ਦੇ ਦਰਸ਼ਨ ਮੈਨੂੰ ਅੱਜ ਗੁਰੂ ਅਰਜਨ ਦੇਵ ਜੀ ਦੀ ਸੇਵਾ ਦੇ ਵਿਚੋਂ ਹੋਏ ਹਨ। ਮੋਹ ਵਸ ਤਾਂ ਬਾਂਦਰੀ ਵੀ ਆਪਣੇ ਮਰੇ ਬੱਚੇ ਨੂੰ ਚੁੱਕੀ ਫਿਰਦੀ ਹੈ, ਪਰ ਦੂਸਰਿਆਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਧਾਰਮਕ ਅਕੀਦਿਆਂ ਅਨੁਸਾਰ ਹੀ ਦਫਨਾਉਣਾ ਜਾਂ ਸਸਕਾਰਨਾ ਇਹ ਗੁਰੂ ਅਰਜਨ ਦੇਵ ਦੇ ਹੀ ਹਿੱਸੇ ਆਇਆ ਹੈ। ਪ੍ਰੇਮ ਜਦੋਂ ਸਾਰੀਆਂ ਹੱਦਾਂ ਤੋੜ ਦਿੰਦਾ ਹੈ ਤਾਂ ਐਸੇ ਬਚਨ ਮੂੰਹੋਂ ਨਿਕਲਦੇ ਹਨ

*ਨਾ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥*
*ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥*

ਧਨਾਸਰੀ ਮ: ੫ ਪੰਨਾ ੬੭੧

ਇਕ ਅਦੀਬ ਕਹਿੰਦੇ ਹਨ :

*ਕਰੂ ਮੈ ਦੁਸ਼ਮਨੀ ਕਿਸ ਸੇ ਅਗਰ ਕਾਤਿਲ ਭੀ ਹੋ ਅਪਨਾ*
*ਮੁਹੱਬਤ ਨੇ ਨਹੀਂ ਛੋੜੀ ਜਗਾ ਦਿਲ ਮੇ ਅਦਾਵਤ ਕੀ॥*

ਦੋ ਦੀਵਿਆਂ ਦੀ ਜੋਤ ਇਕ ਹੈ। ਦੀਵਾ ਹੱਦ ਵਿਚ ਹੈ ਤਾਂ ਮੋਹ ਹੈ, ਹੱਦ ਟੁੱਟ ਗਈ ਹੈ ਤਾਂ ਦੀਵਾ ਪ੍ਰੇਮ ਹੈ।

# 8

ਇਕ ਦਿਨ ਰਾਜੇ ਜਨਕ ਨੇ ਆਪਣੇ ਸਾਰੇ ਵਿਦਵਾਨਾਂ ਨੂੰ ਸੱਦਿਆ ਤੇ ਪੁੱਛਿਆ ਕਿ ਮੇਰਾ ਇਕ ਪ੍ਰਸ਼ਨ ਹੈ ਇਸ ਦਾ ਉੱਤਰ ਦੇਵੋ। ਪ੍ਰਸ਼ਨ ਸੀ ਕਿ ਇਹ ਸੱਚਾ ਕਿ ਉਹ ਸੱਚਾ?

ਵਿਦਵਾਨਾਂ ਨੇ ਬੜਾ ਸੋਚਿਆ ਵਿਚਾਰਿਆ। ਆਪਣੀ ਆਪਣੀ ਮੱਤ ਅਨੁਸਾਰ ਉੱਤਰ ਵੀ ਦਿੱਤੇ ਪਰ ਰਾਜੇ ਜਨਕ ਦੀ ਤਸੱਲੀ ਨਾ ਹੋਈ। ਰਾਜਾ ਜਨਕ ਬੜਾ ਦੁਖੀ ਸੀ ਤੇ ਵਿਦਵਾਨ ਬੜੇ ਹੀ ਸ਼ਰਮਸਾਰ ਸਨ। ਜਦੋਂ ਤੱਕ ਬੰਦੇ ਦੇ ਮਨ ਦੀ ਤਸੱਲੀ ਨਾ ਹੋਵੇ, ਮਨ ਵਿਚੋਂ ਉੱਠੀ ਸਮੱਸਿਆ ਦਾ ਸਮਾਧਾਨ ਨਾ ਮਿਲੇ, ਮਨ ਵਿਚੋਂ ਉੱਠੇ ਪ੍ਰਸ਼ਨ ਦਾ ਉੱਤਰ ਨਾ ਮਿਲੇ, ਐਸੀ ਮਾਨਸਿਕ ਸਮੱਸਿਆ ਕਈ ਵਾਰ ਨੀਂਦ ਹਰਾਮ ਕਰ ਦਿੰਦੀ ਹੈ, ਜਿਵੇਂ ਕੋਈ ਬੰਦਾ ਜਦੋਂ ਤੱਕ ਪੇਟ ਦੀ ਤ੍ਰਿਪਤੀ ਨਾ ਕਰ ਲਵੇ, ਉਸਦਾ ਟਿਕ ਕੇ ਬੈਠਣਾ ਮੁਸ਼ਕਲ ਹੈ। ਇਸੇ ਤਰ੍ਹਾਂ ਜਦੋਂ ਤੱਕ ਬੰਦੇ ਦੇ ਵਿਚਾਰ *ਦੀ ਤ੍ਰਿਪਤੀ ਨਾ ਹੋ ਜਾਵੇ ਟਿਕ ਕੇ ਬੈਠਣਾ ਮੁਸ਼ਕਲ ਹੈ। ਪੇਟ ਦੀ ਤ੍ਰਿਪਤੀ* ਰੋਟੀ ਨਾਲ ਹੁੰਦੀ ਹੈ ਤੇ ਮਾਨਸਿਕ ਵਿਚਾਰਾਂ ਵਿਚੋਂ ਉੱਠੇ ਪ੍ਰਸ਼ਨ ਦੀ ਤ੍ਰਿਪਤੀ ਠੀਕ ਉੱਤਰ ਨਾਲ ਹੁੰਦੀ ਹੈ। ਰੋਟੀ ਮਿਲ ਜਾਣ ਤੋਂ ਬਾਅਦ ਸਰੀਰ ਵਿਸ਼ਰਾਮ ਵਿਚ ਚਲਾ ਜਾਂਦਾ ਹੈ। ਮਨ ਟਿਕ ਜਾਂਦਾ ਹੈ। ਜਿੱਥੇ ਠੀਕ ਉੱਤਰ ਨਾ ਮਿਲਣ ਕਰ ਕੇ, ਸ਼ੰਕਾ ਨਾ ਮਿਟਣ ਕਰ ਕੇ, ਜਗਿਆਸੂ ਦੁਖੀ ਹੁੰਦਾ ਹੈ, ਉਥੇ ਠੀਕ ਉੱਤਰ ਨਾ ਦੇ ਸਕਣ ਕਾਰਨ ਆਪਣੇ ਸਰੋਤੇ ਦੀ ਤੱਸਲੀ ਨਾ ਕਰਾ ਸਕਣ ਕਾਰਨ ਵਕਤਾ ਜਿੱਥੇ ਸ਼ਰਮਸਾਰ ਹੁੰਦਾ ਹੈ, ਉਥੇ ਮਹਾਂ ਦੁਖੀ ਵੀ ਹੁੰਦਾ ਹੈ। ਜਗਿਆਸੂ ਦੇ ਪ੍ਰਸ਼ਨ ਦਾ ਠੀਕ ਉੱਤਰ ਦੇਣ ਵਿਚ

ਹੀ ਵਿਦਵਾਨ ਵਕਤੇ ਦਾ ਅਨੰਦ ਹੈ। ਕਬੀਰ ਸਾਹਿਬ ਨੇ ਤਾਂ ਇਕ ਸਲੋਕ ਵਿਚ ਏਥੋਂ ਤੱਕ ਕਹਿ ਦਿੱਤਾ ਹੈ, ਕਿ ਹੇ ਕਬੀਰ ਉਸ ਗੁਰੂ ਦੀ ਮਾਂ ਦਾ ਸਿਰ ਮੁੰਨ ਦੇਣਾ ਚਾਹੀਦਾ ਹੈ, ਜਿਸ ਗੁਰੂ ਕੋਲੋਂ ਉਸਦੇ ਸਿੱਖਾਂ ਦਾ ਭਰਮ ਨਹੀਂ ਮੁੱਕਦਾ। ਗੁਰੂ ਚੌਹਾਂ ਵੇਦਾਂ ਦਾ ਗਿਆਤਾ ਹੋਵੇ, ਮੰਤਰ ਸਲੋਕ ਸੁਣਾ ਸਕਦਾ ਹੋਵੇ, ਪਰ ਜੇਕਰ ਸਿੱਖ ਦੇ ਮਨ ਦਾ ਸ਼ੰਕਾ ਹੀ ਨਹੀਂ ਮੁਕਾ ਸਕਿਆ, ਸਿੱਖ ਦਾ ਮਨ ਭਟਕਣ ਵਿਚ ਪਿਆ ਹੈ, ਐਸਾ ਗੁਰੂ ਆਪ ਤਾਂ ਡੁੱਬਾ ਹੀ ਹੈ ਉਸਨੇ ਆਪਣੇ ਚੇਲੇ ਵੀ ਰੋੜ੍ਹ ਦਿਤੇ ਹਨ:

*ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾਤੇ ਭਰਮ ਨਾ ਜਾਇ।*
*ਆਪ ਡੁੱਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ॥*

ਜਿਸ ਨੂੰ ਗੁਰਮਤਿ ਨੇ ਗਿਆਨ ਕਿਹਾ ਹੈ, ਇਹ ਘਾਲ ਨਹੀਂ, ਇਹ ਮਿਹਰ ਹੈ। ਅੱਖਰਾਂ ਦੇ ਭੇਦ ਨੂੰ ਜਾਣਨਾ ਘਾਲ ਹੋ ਸਕਦੀ ਹੈ, ਪਰ ਮਨ ਦੇ ਭੇਦ ਨੂੰ ਜਾਨਣਾ ਤਾਂ ਮਿਹਰ ਹੈ। ਉਹ ਗਿਆਨ ਉਸ ਦੀ ਕ੍ਰਿਪਾ ਨਾਲ ਹੀ ਮਿਲਦਾ ਹੈ। ਛੋਟੀ ਉਮਰ ਦੇ ਇਕ ਗਿਆਨੀ ਜਿਸਦਾ ਸਰੀਰ ਵੀ ਵਿੰਗਾ ਟੇਢਾ ਸੀ, ਅੱਠ ਵੱਲ ਪੈਣ ਕਾਰਨ ਉਸਦਾ ਨਾਂ ਹੀ ਅਸ਼ਟਾਵਕਰ ਸੀ। ਇਸ ਨੂੰ ਪਤਾ ਲੱਗਾ ਕਿ ਰਾਜੇ ਜਨਕ ਦੇ ਪ੍ਰਸ਼ਨ ਦਾ ਉੱਤਰ ਕੋਈ ਵਿਦਵਾਨ ਨਹੀਂ ਦੇ ਸਕਿਆ ਤਾਂ ਇਹ ਦਰਬਾਰ ਵਿਚ ਪੁੱਜ ਗਿਆ। ਵਿਦਵਾਨਾਂ ਦੀ ਸਭਾ ਸੀ, ਜਦੋਂ ਇਸ ਨੇ ਜਾ ਕੇ ਕਿਹਾ ਕਿ ਮੈਂ ਰਾਜੇ ਜਨਕ ਦੇ ਪ੍ਰਸ਼ਨ ਦਾ ਉੱਤਰ ਦੇਣ ਆਇਆ ਹਾਂ ਤਾਂ ਇਕ ਵਾਰ ਵਿਦਵਾਨਾਂ ਦੀ ਸਾਰੀ ਸਭਾ ਹੀ ਹੱਸ ਪਈ।

ਅਸ਼ਟਾਵਕਰ ਬਿਲਕੁਲ ਗੰਭੀਰ ਰਿਹਾ। ਰਾਜੇ ਜਨਕ ਨੇ ਵੇਖਿਆ, ਵਿਦਵਾਨਾਂ ਦੇ ਹਾਸੇ ਨੇ ਉਸ ਦੇ ਟਿਕਾ ਵਿਚ ਕੋਈ ਫਰਕ ਨਹੀਂ ਪਾਇਆ ਤਾਂ ਰਾਜੇ ਜਨਕ ਨੇ ਸਮਝਿਆ ਕਿ ਇਹ ਕੋਈ ਸਾਧਾਰਨ ਬੰਦਾ ਨਹੀਂ, ਇਹ ਕੋਈ ਖਾਸ ਬੰਦਾ ਹੈ। ਕੋਲ ਸੱਦਿਆ ਤੇ ਜੀ ਆਇਆਂ ਕਿਹਾ। ਅਸ਼ਟਾਵਕਰ ਨੇ ਕਿਹਾ, ਰਾਜਾ ਤੇਰਾ ਪ੍ਰਸ਼ਨ ਤਾਂ ਮੈਂ ਸੁਣ ਹੀ ਲਿਆ ਹੈ, ਮੇਰੇ ਤਕ ਪਹੁੰਚ ਹੀ ਗਿਆ ਹੈ, ਪਰ ਫਿਰ ਵੀ ਮੈਂ ਇਕ ਵਾਰ ਤੇਰੇ ਮੂੰਹੋਂ ਸੁਣਨਾ ਚਾਹੁੰਦਾ ਹਾਂ। ਰਾਜੇ ਨੇ ਆਪਣਾ ਪ੍ਰਸ਼ਨ ਦੱਸਿਆ ਤੇ ਕਿਹਾ

ਕਿ ਮੈਂ ਪ੍ਰਸ਼ਨ ਦੱਸਣ ਤੋਂ ਵੀ ਝਿਜਕਦਾ ਹਾਂ। ਏਨੇ ਵਿਦਵਾਨ ਪਹਿਲੇ ਨਿਰੁੱਤਰ ਹੋ ਕੇ ਬੈਠੇ ਹਨ। ਮੈਂ ਨਹੀਂ ਚਾਹੁੰਦਾ ਕਿ ਕੋਈ ਹੋਰ ਵਿਦਵਾਨ ਵੀ ਸ਼ਰਮਸਾਰ ਹੋਵੇ। ਤੁਸੀਂ ਪ੍ਰਸ਼ਨ ਪੁੱਛ ਲਿਆ ਹੈ, ਤਾਂ ਮੈਂ ਦੱਸ ਦੇਂਦਾ ਹਾਂ। ਵੈਸੇ ਮੈਂ ਫੈਸਲਾ ਕਰ ਲਿਆ ਸੀ ਕਿ ਅੱਗੋਂ ਇਹ ਪ੍ਰਸ਼ਨ ਕਿਸੇ ਨੂੰ ਨਹੀਂ ਪੁੱਛਾਂਗਾ। ਅਸ਼ਟਾਵਕਰ ਨੇ ਕਿਹਾ, ਇਹ ਚਮਾਰ ਤੈਨੂੰ ਤੇਰੇ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕੇ। ਤੂੰ ਇਸ ਲਈ ਉਦਾਸ ਹੋ ਗਿਆ ਹੈਂ। ਮੈਂ ਤੇਰੇ ਪ੍ਰਸ਼ਨ ਦਾ ਉੱਤਰ ਦਿਆਂਗਾ, ਪਰ ਚੰਗਾ ਹੋਵੇ ਕਿ ਤੂੰ ਹੋਵੇਂ ਤੇ ਮੈਂ ਹੋਵਾਂ। ਇਨ੍ਹਾਂ ਚਮਾਰਾਂ ਦੀ ਇਸ ਸਭਾ ਵਿਚ ਕੋਈ ਜ਼ਰੂਰਤ ਨਹੀਂ। ਜੋ ਮੈਂ ਕਹਿਣਾ ਹੈ, ਤੂੰ ਸਮਝ ਸਕੇਂਗਾ ਕਿਉਂਕਿ ਤੇਰਾ ਪ੍ਰਸ਼ਨ ਹੈ। ਪਰ ਇਹ ਚਮਾਰਾਂ ਦੀ ਸਭਾ ਨਹੀਂ ਸਮਝ ਸਕੇਗੀ। ਰਾਜੇ ਨੇ ਕਿਹਾ ਇਹ ਤਾਂ ਸਾਰੇ ਬ੍ਰਾਹਮਣ ਹਨ। ਇਹ ਚਮਾਰ ਨਹੀਂ। ਅਸ਼ਟਾਵਕਰ ਨੇ ਕਿਹਾ, ਮੈਂ ਇਨ੍ਹਾਂ ਨੂੰ ਚਮਾਰ ਤਾਂ ਕਹਿੰਦਾ ਹਾਂ, ਇਹ ਸਿਰਫ਼ ਚਮੜਾ ਵੇਖਣ ਵਾਲੇ ਹਨ। ਇਹ ਮੇਰੇ ਸਰੀਰ ਵੱਲ ਵੇਖ ਕੇ ਹੱਸੇ ਹਨ। ਕਦੀ ਇਹ ਮੇਰੀ ਆਤਮਾ ਵੱਲ ਵੇਖਦੇ। ਮੇਰੇ ਮਨ ਵੱਲ ਵੇਖਦੇ ਤਾਂ ਆਪਣੀ ਬੇਵੱਸੀ ਤੇ ਰੋਂਦੇ। ਇਹ ਉਸ ਗੱਲ ਦੇ ਦਾਅਵੇਦਾਰ ਹਨ ਜੋ ਇਨ੍ਹਾਂ ਦੇ ਪਾਸ ਨਹੀਂ। ਇਹ ਗਿਆਨ ਦੇ ਦਾਅਵੇਦਾਰ ਹਨ। ਲੇਕਿਨ ਗਿਆਨ ਇਨ੍ਹਾਂ ਦੇ ਪਾਸ ਨਹੀਂ। ਦੱਸ, ਰਾਜਾ ਤੇਰਾ ਪ੍ਰਸ਼ਨ ਕੀ ਹੈ? ਰਾਜੇ ਨੇ ਪ੍ਰਸ਼ਨ ਦੱਸਿਆ "ਇਹ ਸੱਚਾ ਕਿ ਉਹ ਸੱਚਾ?" ਅਸ਼ਟਾਵਕਰ ਨੇ ਕਿਹਾ, ਰਾਜਾ, ਦੋਵੇਂ ਹੀ ਝੂਠੇ ਹਨ। ਇਹ ਵੀ ਝੂਠਾ ਹੈ, ਉਹ ਵੀ ਝੂਠਾ ਹੈ। ਰਾਜੇ ਨੇ ਅਸ਼ਟਾਵਕਰ ਦੇ ਪੈਰਾਂ ਤੇ ਸਿਰ ਰੱਖ ਦਿੱਤਾ ਤੇ ਕਿਹਾ, ਮੈਂ ਤੁਹਾਨੂੰ ਆਪਣਾ ਰਾਜ ਗੁਰੂ ਪ੍ਰਵਾਨ ਕਰਦਾ ਹਾਂ। ਵਿਦਵਾਨਾਂ ਦੀ ਸਭਾ ਹੈਰਾਨ ਸੀ ਕਿ ਜਿਸ ਪ੍ਰਸ਼ਨ ਨੂੰ ਅਸੀਂ ਨਹੀਂ ਸਮਝ ਸ਼ਕੇ, ਉੱਤਰ ਨਹੀਂ ਦੇ ਸਕੇ, ਇਕ ਛੋਟੇ ਜਿਹੇ ਬੱਚੇ ਨੇ ਉੱਤਰ ਦੇ ਦਿੱਤਾ ਹੈ ਤੇ ਰਾਜਾ ਜਨਕ ਦੀ ਤਸੱਲੀ ਕਰ ਦਿੱਤੀ ਹੈ। ਉਨ੍ਹਾਂ ਰਾਜੇ ਜਨਕ ਪਾਸੋਂ ਇਸ ਪ੍ਰਸ਼ਨ ਦੇ ਉੱਤਰ ਦੀ ਤਫ਼ਸੀਲ ਚਾਹੀ, ਵਿਆਖਿਆ ਚਾਹੀ, ਤਾਂ ਜਨਕ ਨੇ ਦੱਸਿਆ ਕਿ ਮੈਂ ਸੌਂ ਗਿਆ ਸਾਂ। ਸੁਪਨੇ ਵਿਚ ਮੈਂ ਸ਼ਿਕਾਰ ਗਿਆ, ਸ਼ਿਕਾਰ ਨਹੀਂ ਮਿਲਿਆ, ਮੈਂ ਇਕ ਰੁੱਖ ਥੱਲੇ ਖੜ੍ਹਾ ਸਾਂ, ਕੁੱਤਾ ਆ ਕੇ ਮੈਨੂੰ ਕੱਟ ਗਿਆ ਤੇ ਮੈਨੂੰ ਇਹ ਮਹਿਸੂਸ ਹੋਇਆ ਕਿ

ਕੁੱਤਾ ਹਲਕਿਆ ਹੈ। ਮੈਂ ਫੌਰਨ ਇਕ ਨਗਰ ਵਿਚ ਗਿਆ। ਕਿਸੇ ਵੈਦ ਬਾਰੇ ਪੁੱਛਿਆ, ਫਿਰ ਮੈਂ ਵੈਦ ਪਾਸ ਗਿਆ। ਉਸਨੇ ਮੈਨੂੰ ਦਵਾਈ ਲਈ ਹਾਂ ਕਰ ਦਿੱਤੀ, ਪਰ ਦਵਾਈ ਦੀ ਕੀਮਤ ਦੋ ਪੈਸੇ ਮੰਗੇ। ਮੇਰੇ ਪਾਸ ਪੈਸੇ ਨਹੀਂ ਸਨ। ਮੈਂ ਆਪਣੀ ਵਾਕਫ਼ੀ ਦਿੱਤੀ, ਪਰ ਵੈਦ ਨੇ ਕਿਹਾ, ਪੈਸੇ ਪਹਿਲੇ ਲਵਾਂਗਾ, ਦਵਾਈ ਬਾਅਦ ਵਿਚ ਦਿਆਂਗਾ। ਹੋਰ ਕੋਈ ਚਾਰਾ ਨਹੀਂ ਸੀ। ਮੈਨੂੰ ਡਰ ਸੀ ਕਿ ਕੁੱਤੇ ਦਾ ਜ਼ਹਿਰ ਮੇਰੇ ਸਰੀਰ ਵਿਚ ਫੈਲ ਗਿਆ ਤਾਂ ਬਚਣਾ ਮੁਸ਼ਕਲ ਹੋ ਜਾਵੇਗਾ। ਮੈਂ ਘਰ ਘਰ ਜਾ ਕੇ ਪੈਸੇ ਉਧਾਰ ਮੰਗਣੇ ਸ਼ੁਰੂ ਕੀਤੇ, ਪਰ ਕਿਸੇ ਨੇ ਨਾ ਦਿੱਤੇ। ਆਖਰ ਮੈਂ ਤਰਲਾ ਲੈ ਕੇ ਕਿਹਾ, ਕੋਈ ਮੇਰੇ ਉੱਤੇ ਤਰਸ ਕਰੇ। ਮੈਨੂੰ ਦੋ ਪੈਸੇ ਦੇਵੇ। ਮੈਂ ਇਸ ਵੇਲੇ ਲੋੜਵੰਦ ਹਾਂ। ਮੁਸੀਬਤ ਵਿਚ ਫਸਿਆ ਹਾਂ। ਇਸ ਵੇਲੇ ਮੇਰਾ ਕੋਈ ਸਹਾਰਾ ਨਹੀਂ। ਇਕ ਬਿਰਧ ਮਾਤਾ ਸਾਹਮਣੇ ਆਈ ਤੇ ਕਹਿਣ ਲੱਗੀ, ਭਾਈ ਤੂੰ ਤਾਂ ਕਹਿੰਦਾ ਸੀ ਮੈਂ ਰਾਜਾ ਹਾਂ, ਫਿਰ ਮੰਗਦਾ ਕਿਉਂ ਫਿਰਦਾ ਹੈਂ? ਮੈਂ ਕਿਹਾ, ਨਹੀਂ ਮਾਤਾ ਮੈਂ ਕੋਈ ਰਾਜਾ ਨਹੀਂ। ਮੈਂ ਇਸ ਵੇਲੇ ਭਿਖਾਰੀ ਹਾਂ। ਭਗਤ ਰਵਿਦਾਸ ਜੀ ਕਹਿੰਦੇ ਹਨ, ਰਾਜਿਆਂ ਦੀ ਵੀ ਇਹ ਹਾਲਤ ਹੋ ਜਾਂਦੀ ਹੈ :

*ਨਰਪਤਿ ਏਕੁ ਸਿੰਘਾਸਨਿ ਸੋਇਆ,*
*ਸੁਪਨੇ ਭਇਆ ਭਿਖਾਰੀ॥*

ਸੋਰਠਿ ਰਵਿਦਾਸ ਜੀ ਪੰਨਾ ੬੫੭

ਮਾਤਾ ਨੇ ਤਰਸ ਖਾ ਕੇ ਰਾਜੇ ਜਨਕ ਦੇ ਹੱਥ ਤੇ ਦੋ ਪੈਸੇ ਰੱਖੇ। ਜਨਕ ਨੇ ਕਿਹਾ, ਮੈਂ ਪ੍ਰਸੰਨ ਹੋ ਗਿਆ ਕਿ ਹੁਣ ਦਵਾਈ ਲੈ ਸਕਾਂਗਾ। ਪਰ ਅਚਾਨਕ ਹੀ ਮੇਰੀ ਅੱਖ ਖੁਲ੍ਹ ਗਈ। ਮੈਂ ਹੈਰਾਨ ਹੋ ਗਿਆ ਕਿ ਮੈਂ ਰਾਜਾ ਜਨਕ ਹਾਂ ਕਿ ਦੋ ਪੈਸੇ ਮੰਗਣ ਵਾਲਾ ਭਿਖਾਰੀ ਹਾਂ। ਜਨਕ ਨੇ ਵਿਦਵਾਨਾਂ ਦੀ ਸਭਾ ਨੂੰ ਕਿਹਾ ਕਿ ਤੁਸੀਂ ਮੇਰੇ ਪ੍ਰਸ਼ਨ ਨੂੰ ਨਹੀਂ ਸਮਝੇ, ਪਰ ਅਸ਼ਟਾਵਕਰ ਸਮਝ ਗਿਆ ਹੈ। ਇਸ ਨੇ ਕਹਿ ਦਿੱਤਾ ਹੈ ਕਿ ਇਹ ਜੋ ਤੂੰ ਰਾਜ ਭਾਗ ਵੇਖ ਰਿਹਾ ਹੈਂ, ਇਹ ਵੀ ਝੂਠਾ ਹੈ, ਜੋ ਤੂੰ ਰਾਤ ਦੁਖ-ਸੁਪਨਾ ਵੇਖਿਆ ਹੈ, ਉਹ ਵੀ ਝੂਠਾ ਹੈ। ਸਾਡੀ ਪਹਿਲੀ ਗਲਤੀ ਹੈ ਕਿ ਰਾਤ ਦੇ ਸੁਪਨੇ ਨੂੰ ਹੀ ਸੁਪਨਾ ਮੰਨਦੇ ਹਾਂ ਪਰ ਦਿਨੇ ਜੋ ਹੋ ਰਿਹਾ ਹੈ

ਇਹ ਵੀ ਸੁਪਨਾ ਹੈ। ਪਰ ਇਹ ਸੁਪਨੇ ਬੇਸ਼ੱਕ ਝੂਠੇ ਹਨ ਪਰ ਇਹ ਵੀ ਦੋ ਦੀਵੇ ਹਨ, ਜਿਨ੍ਹਾਂ ਦੀ ਰੌਸ਼ਨੀ ਇਕ ਹੀ ਹੈ। ਉਹ ਹੈ ਨਸੀਹਤ ਰੂਪੀ ਰੌਸ਼ਨੀ, ਜਿਸਨੂੰ ਝੂਠ ਕਹਿੰਦੇ ਹਾਂ, ਸੁਪਨਾ ਕਹਿੰਦੇ ਹਾਂ, ਉਹ ਵੀ ਕੁਝ ਹੈ। ਐਸਾ ਨਹੀਂ ਕਿ ਕੁਝ ਵੀ ਨਹੀਂ। ਜਿੰਨਾ ਚਿਰ ਸੁੱਤੇ ਰਹਿੰਦੇ ਹਾਂ ਉੱਨੇ ਸਮੇਂ ਲਈ ਹੀ ਸਹੀ, ਪਰ ਉੱਨੇ ਸਮੇਂ ਲਈ ਤਾਂ ਸੱਚ ਹੀ ਹੁੰਦਾ ਹੈ। ਰਾਜਾ ਜਨਕ ਸੁਪਨੇ ਵਿਚ ਹੀ ਭਿਖਾਰੀ ਬਣਿਆ ਪਰ ਕੁਝ ਸਮੇਂ ਲਈ ਤਾਂ ਸੱਚਾ ਭਿਖਾਰੀ ਸੀ, ਜਿੰਨਾ ਚਿਰ ਨਹੀਂ ਜਾਗਿਆ ਭਿਖਾਰੀ ਸੀ। ਜਦੋਂ ਜਾਗ ਗਿਆ ਹੈ, ਫਿਰ ਰਾਜਾ ਹੈ। ਜੇ ਝੂਠ ਦੀ ਕੋਈ ਵੀ ਹਸਤੀ ਨਾ ਹੁੰਦੀ ਤਾਂ ਝੂਠ ਨੇ ਜਗਤ ਨੂੰ ਏਡੀ ਵੱਡੀ ਮੁਸੀਬਤ ਨਾ ਪਾਈ ਹੁੰਦੀ। ਧਰਮ ਵਿਚ ਸਭ ਤੋਂ ਵੱਡੀ ਹਲਚਲ ਝੂਠ ਨੇ ਹੀ ਮਚਾਈ ਹੈ। ਸਮਾਜ ਨੂੰ ਇਕ ਦਲਦਲ ਵਿਚ, ਜੋ ਰਸਮਾਂ ਦੀ ਦਲਦਲ ਹੈ, ਇਸ ਵਿਚ ਝੂਠ ਨੇ ਹੀ ਫਸਾਇਆ ਹੈ। ਰਾਜਨੀਤੀ ਨੂੰ ਜ਼ੁਲਮ ਦਾ ਰੂਪ, ਝੂਠ ਨੇ ਹੀ ਦਿੱਤਾ ਹੈ। ਇਹ ਸੱਚ ਹੈ ਕਿ ਜਿੰਨੇ ਧਾਰਮਕ ਗ੍ਰੰਥ ਹਨ, ਜਿੰਨੇ ਧਾਰਮਕ ਸਥਾਨ ਹਨ, ਸਭ ਝੂਠ ਦੇ ਖਿਲਾਫ਼ ਹੀ ਲੜ ਰਹੇ ਹਨ। ਪਰ ਫਿਰ ਵੀ ਝੂਠ ਸਿਰ ਤੇ ਚੜ੍ਹ ਕੇ ਬੈਠਾ ਹੈ। ਅਨੇਕਾਂ ਥਾਵਾਂ ਤੇ ਝੂਠੇ ਰਾਜ ਕਰ ਰਹੇ ਹਨ। ਸੱਚੇ ਬੰਦੀਖਾਨੇ ਵਿਚ ਹਨ। ਸੱਚੇ ਬੇਪੱਤ ਹਨ। ਝੂਠਿਆਂ ਦੇ ਸਿਰ ਤੇ ਛਤਰ ਝੁੱਲ ਰਹੇ ਹਨ। ਝੂਠ ਕੂੜ ਹੈ, ਝੂਠ ਦੀ ਮੁਖ਼ਾਲਫਤ, ਵਿਰੋਧਤਾ ਮਹਾਂਪੁਰਖਾਂ ਇਸ ਲਈ ਕੀਤੀ ਹੈ ਕਿ ਝੂਠ ਹੈ, ਪਰ ਸਦਾ ਨਹੀਂ ਤੇ ਝੂਠ ਕੁਝ ਚਿਰ ਮੌਜਾਂ ਮਾਣ ਲਵੇ, ਝੂਠ ਦਾ ਅੰਤ ਦੁਖਦਾਈ ਹੈ। ਸੰਸਾਰ ਵਿਚ ਝੂਠ ਦਾ ਸਿੱਕਾ ਚਲਦਾ ਹੈ ਪਰ ਕਰਤਾਰ ਦੇ ਘਰ ਨਹੀਂ। ਸੰਸਾਰ ਵਿਚ ਹਮੇਸ਼ਾ ਹੀ ਝੂਠਿਆਂ ਦੀ ਬਹੁ ਗਿਣਤੀ ਰਹੀ ਹੈ ਪਰ ਅਖੀਰ :

*ਕੂੜ ਨਿਖੁਟੈ ਨਾਨਕਾ ਓੜਕ ਸਚ ਰਹੀ॥*

ਵਿਚਾਰਨ ਵਾਲੀ ਇਕ ਗੱਲ ਹੈ, ਝੂਠੇ ਸਿੱਕੇ ਦੱਸ ਰਹੇ ਹਨ ਕਿ ਸੱਚੇ ਸਿੱਕੇ ਹਨ, ਜ਼ਰੂਰ ਹਨ, ਝੂਠੇ ਸਿੱਕੇ ਉਨ੍ਹਾਂ ਸੱਚੇ ਸਿੱਕਿਆਂ ਦੀ ਨਕਲ ਹਨ। ਅਸਲ ਨਾ ਹੋਵੇ ਤਾਂ ਨਕਲ ਨਹੀਂ ਬਣ ਸਕਦੀ। ਨਕਲੀ ਸਿੱਕਾ ਏਨੀ ਹੀ ਪ੍ਰੇਰਨਾ ਦੇ ਜਾਏ ਕਿ ਅਸਲੀ ਸਿੱਕਾ ਹੈ, ਤਾਂ ਨਕਲੀ ਸਿੱਕਾ ਬਹੁਤ ਵੱਡਾ ਕੰਮ ਕਰ ਗਿਆ ਸਮਝੋ। ਬੰਦਾ ਖੋਜ ਵਲ ਨਿਕਲ ਸਕਦਾ

ਹੈ। ਨਕਲੀ ਸਿੱਕਾ ਇਸ ਖੋਜ ਵਿਚ ਸਹਾਇਕ ਹੋ ਸਕਦਾ ਹੈ, ਰਾਤ ਦਾ ਸੁਪਨਾ ਝੂਠਾ ਹੈ। ਇਸ ਨੂੰ ਲੈ ਕੇ ਰਾਜਾ ਜਨਕ ਖੋਜ ਲਈ ਨਿਕਲ ਪਿਆ ਤਾਂ ਅਸ਼ਟਾਵਕਰ ਦੀ ਸਹਾਇਤਾ ਨਾਲ ਪਤਾ ਲੱਗ ਗਿਆ ਕਿ ਰਾਤ ਤੇ ਸੁਪਨਾ ਹੈ ਹੀ, ਦਿਨ ਵੀ ਸੁਪਨਾ ਹੈ। ਜਿਸ ਨੂੰ ਉਹ ਜਾਗਰਤ ਸਮਝ ਰਿਹਾ ਸੀ, ਉਹ ਵੀ ਸੁਪਨਾ ਹੀ ਨਿਕਲਿਆ। ਫਿਰ ਰਾਤ ਤੇ ਦਿਨ ਵੱਖ-ਵੱਖ ਨਹੀਂ। ਇਹ ਵਖੇਵਾਂ ਤਾਂ ਸੂਰਜ ਦੇ ਕਾਰਨ ਹੀ ਹੈ। ਜੇਕਰ ਸੂਰਜ ਨਾ ਹੋਵੇ ਤਾਂ ਰਾਤ ਦਿਨ ਦਾ ਫ਼ਰਕ ਨਹੀਂ ਹੋਵੇਗਾ। ਇਕ ਮਨ ਦੀ ਹਾਲਤ ਐਸੀ ਹੈ ਜਿਥੇ ਰਾਤ ਦਾ ਸੁਪਨਾ ਤੇ ਦਿਨ ਦਾ ਸੁਪਨਾ ਬਰਾਬਰ ਹੈ। ਭਾਵ ਜਿਵੇਂ ਬੰਦਾ ਸੁੱਤਿਆਂ ਸੁਪਨੇ ਲੈਂਦਾ ਹੈ, ਜਾਗਦਿਆਂ ਵੀ ਸੁਪਨੇ ਲੈਂਦਾ ਹੈ। ਇਨ੍ਹਾਂ ਦੋਹਾਂ ਸੁਪਨਿਆਂ ਦੇ ਆਸਰੇ ਤੀਸਰੀ ਖੋਜ ਹੋ ਸਕਦੀ ਹੈ ਕਿ ਫਿਰ ਜੇ ਰਾਤ ਵੀ ਸੁਪਨਾ ਹੈ, ਦਿਨ ਵੀ ਸੁਪਨਾ ਹੈ, ਸਾਡਾ ਸੌਣਾ ਵੀ ਸੁਪਨਾ ਹੈ, ਜਾਗਣਾ ਵੀ ਸੁਪਨਾ ਹੈ, ਤਾਂ ਫਿਰ ਸੱਚ ਕੀ ਹੈ, ਹਕੀਕਤ ਕੀ ਹੈ? ਰਾਤ ਦਾ ਸੁਪਨਾ ਝੂਠਾ ਹੈ, ਪਰ ਇਸਦਾ ਪਤਾ ਉਸ ਵੇਲੇ ਲੱਗਾ ਜਦੋਂ ਅੱਖ ਖੁੱਲ੍ਹ ਗਈ, ਪਰ ਸੁਪਨਾ ਹੀ ਨਾ ਆਉਂਦਾ ਤਾਂ ਕਿਵੇਂ ਅਨੁਭਵ ਹੁੰਦਾ ਕਿ ਸੁਪਨਾ ਆਇਆ ਸੀ। ਰਾਤ ਦੇ ਸੁਪਨੇ ਨੇ ਦਿਨ ਦੇ ਜਾਗਰਨ ਤੱਕ ਪਹੁੰਚਾ ਦਿੱਤਾ ਹੈ। ਫਿਰ ਅਸੀਂ ਦਿਨ ਦੇ ਸੁਪਨੇ ਲੈਂਦੇ ਹਾਂ। ਕੋਈ ਰਾਜਾ ਇਕ ਸਿੰਘਾਸਨ ਤੇ ਬੈਠਾ ਇੰਦਰ ਰਾਜੇ ਦੇ ਸਿੰਘਾਸਨ ਦੇ ਸੁਪਨੇ ਲੈ ਸਕਦਾ ਹੈ। ਪਰ ਜੇ ਇੰਨੀ ਗੱਲ ਕਰ ਕੇ ਹੀ ਬੱਸ ਕਰ ਦੇਈਏ ਕਿ ਸੁਪਨਾ ਸੀ, ਝੂਠਾ ਸੀ, ਤਾਂ ਇੰਜ ਹੀ ਹੋਵੇਗਾ ਜਿਵੇਂ ਕਿਸੇ ਅੰਨ੍ਹੇ ਦੇ ਹੱਥ ਤੇ ਦੀਵਾ ਰੱਖ ਦਿੱਤਾ ਤੇ ਉਹ ਰੌਸ਼ਨੀ ਤੋਂ ਕੋਈ ਰਾਹ ਨਾ ਵੇਖ ਸਕਿਆ। ਮੌਤ ਆਵੇਗੀ, ਇਹ ਸੁਪਨਾ ਵੀ ਤੋੜ ਦੇਵੇਗੀ। ਨੀਂਦ ਦਾ ਸੁਪਨਾ ਤਾਂ ਕਿਸੇ ਖੜਾਕ ਨੇ ਤੋੜ ਦਿੱਤਾ ਹੈ, ਕਿਸੇ ਜਗਾ ਦਿੱਤਾ ਹੈ, ਪਰ ਜੀਵਨ ਦਾ ਸੁਪਨਾ ਮੌਤ ਤੋੜੇਗੀ। ਫਿਰ ਮਨੁੱਖ ਕਹੇਗਾ ਕਿ ਇਹ ਜਗਤ ਵੀ ਸੁਪਨਾ ਹੀ ਸੀ। ਪਰ ਜੇ ਇਹ ਸੁਪਨਾ ਮੌਤ ਨੇ ਤੋੜਿਆ ਤਾਂ ਫਿਰ ਇਸ ਦਾ ਸਾਨੂੰ ਕੋਈ ਫਾਇਦਾ ਨਹੀਂ ਹੋਵੇਗਾ, ਕਿਉਂਕਿ ਜਦੋਂ ਜਾਗਾਂਗੇ, ਕੁਝ ਕਰ ਸਕਣ ਦਾ ਸਮਾਂ ਖਤਮ ਹੋ ਗਿਆ ਹੋਵੇਗਾ। ਉਸ ਵਕਤ ਸਾਡੇ ਪਾਸ ਸਿਰਫ ਪਛਤਾਵਾ ਹੀ ਹੋਵੇਗਾ। ਹਾਂ ਇਕ ਢੰਗ ਹੋਰ ਹੈ ਕਿ ਗੁਰੂ ਕ੍ਰਿਪਾ

ਸੁਪਨਾ ਤੋੜ ਦੇਵੇ। ਮਨੁੱਖ ਜਾਗ ਜਾਵੇ ਤੇ ਵੇਖ ਲਵੇ ਕਿ ਜੀਵਨ ਅਜੇ ਹੈ, ਖੋਜ ਹੋ ਸਕਦੀ ਹੈ ਕਿ ਸੱਚ ਕੀ ਹੈ ਤੇ ਉਸ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਗੁਰੂ ਇਕ ਮੱਤ ਦੇਂਦੇ ਹਨ ਕਿ ਜੋ ਤੇਰੇ ਪਾਸ ਸੁਪਨੇ ਵਿਚ ਸੀ, ਜਦੋਂ ਅੱਖ ਖੁੱਲ੍ਹੀ ਹੈ ਤਾਂ ਕੁਝ ਵੀ ਤੇਰੇ ਪਾਸ ਨਹੀਂ ਰਿਹਾ। ਜਿਸ ਦਿਨ ਮੌਤ ਤੇਰੀ ਨੀਂਦ ਖੋਲ੍ਹ ਦੇਵੇਗੀ, ਤੂੰ ਹੈਰਾਨ ਹੋਵੇਂਗਾ ਕਿ ਏਥੇ ਜੋ ਤੇਰੇ ਪਾਸ ਹੈ, ਤੇਰੇ ਪਾਸ ਕੁਝ ਵੀ ਨਹੀਂ ਹੋਵੇਗਾ।

ਗੁਰੂ ਜਿਊਂਦੇ ਮਨੁੱਖ ਨੂੰ ਹੀ ਮੌਤ ਤੋਂ ਪਾਰ ਦਾ ਇਹ ਸੁਪਨਾ ਵਿਖਾ ਦੇਂਦੇ ਹਨ। ਰਾਜੇ ਜਨਕ ਦੀ ਨੀਂਦ ਅਸ਼ਟਾਵਕਰ ਨੇ ਤੋੜੀ ਸੀ। ਸਾਡੀ ਨੀਂਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋੜ ਰਹੇ ਹਨ। ਰਾਤ ਦੀ ਨੀਂਦ ਤਾਂ ਕੋਈ ਤੋੜ ਦੇਵੇਗਾ, ਕੋਈ ਨਾ ਵੀ ਤੋੜੇ, ਨੀਂਦ ਪੂਰੀ ਕਰ ਕੇ ਬੰਦਾ ਜਾਗ ਹੀ ਜਾਏਗਾ, ਜ਼ਰਾ ਦੇਰ ਨਾਲ ਜਾਗ ਜਾਏਗਾ, ਪਰ ਆਖਰ ਜਾਗੇਗਾ ਹੀ। ਪਰ ਮੋਹ ਦੀ ਨੀਂਦ ਵਿਚ ਤਾਂ ਕਈ ਜਨਮਾਂ ਦੇ ਸੁੱਤੇ ਪਏ ਹਾਂ। ਇਹ ਤਾਂ ਗੁਰੂ ਹੀ ਕ੍ਰਿਪਾ ਕਰ ਕੇ ਜਗਾਏ ਤਾਂ ਮਨੁੱਖ ਜਾਗ ਸਕਦਾ ਹੈ। ਨਹੀਂ ਤਾਂ ਸੁੱਤਿਆਂ ਕਈ ਜਨਮ ਬਤੀਤ ਹੋ ਜਾਂਦੇ ਹਨ। ਦੁਨੀ ਚੰਦ ਨੂੰ ਲਾਹੌਰ ਵਿਚ ਗੁਰੂ ਨਾਨਕ ਦੇਵ ਜੀ ਨੇ ਜਗਾ ਦਿਤਾ ਸੀ ਕਿ ਸੁਪਨੇ ਦੇ ਪਦਾਰਥ ਹਨ, ਸੂਈ ਤੱਕ ਵੀ ਤੇਰੇ ਨਾਲ ਨਹੀਂ ਜਾਣੀ:-

*ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ।*

ਜੋਗੀ ਸੰਤੋਖ ਦਾਸ ਨੇ ਜਦੋਂ ਸਤਿਗੁਰੂ ਅਰਜਨ ਦੇਵ ਜੀ ਨੂੰ ਪੁੱਛਿਆ ਸੀ ਕਿ ਪਾਤਸ਼ਾਹ ਮਹਾਂਪੁਰਖ ਕਹਿੰਦੇ ਹਨ, ਜਗਤ ਮਿਥਿਆ ਹੈ, ਪਰ ਇਹ ਜਗਤ ਸਤ ਪ੍ਰਤੀਤ ਹੁੰਦਾ ਹੈ। ਜੇ ਸਤ ਹੈ ਤਾਂ ਮਿਥਿਆ ਕਿਉਂ ਕਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਉੱਤਰ ਦਿਤਾ ਸੀ, ਜੋਗੀ ਸੁਪਨੇ ਵਿਚੋਂ ਜਦੋਂ ਕੋਈ ਜਾਗਦਾ ਹੈ ਤਾਂ ਉੱਠ ਕੇ ਕਹਿੰਦਾ ਹੈ ਕਿ ਸੁਪਨਾ ਝੂਠਾ ਸੀ। ਇਸੇ ਤਰ੍ਹਾਂ ਜਦੋਂ ਕਿਸੇ ਦੀ ਪ੍ਰਮਾਤਮਾ ਵਾਲੇ ਪਾਸੇ ਅੱਖ ਖੁੱਲ੍ਹਦੀ ਹੈ ਤਾਂ ਕੋਈ ਮਹਾਂਪੁਰਖ ਕਹਿੰਦਾ ਹੈ ਕਿ ਜਗਤ ਵੀ ਸੁਪਨਾ ਹੈ ਤੇ ਝੂਠਾ ਹੈ। ਗੁਰੂ ਇਕ ਜਾਗਰਨ ਦੇ ਦਿੰਦਾ ਹੈ ਜਿਸ ਨਾਲ ਸੱਚ ਨਜ਼ਰ ਆ ਜਾਂਦਾ ਹੈ। ਸੁਰਤ ਜਾਗ ਜਾਂਦੀ ਹੈ। ਰਾਤ ਦਾ ਸੁਪਨਾ ਤੇ ਦਿਨ ਦਾ ਸੁਪਨਾ ਅਸਲ

ਵਿਚ ਦੋ ਦੀਵੇ ਹਨ, ਜਿਹੜੇ ਸਾਨੂੰ ਰੱਬ ਦਾ ਰਾਹ ਵਿਖਾ ਰਹੇ ਹਨ। ਇਹ ਦੋਵੇਂ ਦੀਵੇ ਸਾਨੂੰ ਗੁਰੂ ਤੱਕ ਪਹੁੰਚਾ ਦਿੰਦੇ ਹਨ, ਜਿਵੇਂ ਰਾਜਾ ਜਨਕ ਨੂੰ ਦੋ ਸੁਪਨੇ ਰੂਪੀ ਦੀਵਿਆਂ ਨੇ ਅਸ਼ਟਾਵਕਰ ਤਕ ਪਹੁੰਚਾ ਦਿੱਤਾ ਸੀ। ਜਦੋਂ ਸੁਪਨਾ ਟੁੱਟਦਾ ਹੈ ਤਾਂ ਸੁਪਨਾ ਝੂਠਾ ਜਾਪਦਾ ਹੈ, ਪਰ ਸਰੀਰ ਸੱਚਾ ਜਾਪਦਾ ਹੈ, ਪਰ ਜਦੋਂ ਸੁਰਤ ਜਾਗਦੀ ਹੈ, ਤਾਂ ਸਰੀਰ ਵੀ ਸੁਪਨਾ ਹੋ ਜਾਂਦਾ ਹੈ। ਜਦੋਂ ਤੱਕ ਸੁਰਤ ਨਹੀਂ ਜਾਗਦੀ, ਸਰੀਰ ਪਹਿਣੇ ਹੋਏ ਬਸਤਰ, ਅਤੇ ਧਨ ਪਦਾਰਥ, ਪਰਿਵਾਰ, ਘਰ, ਸਭ ਸੱਚਾ ਜਾਪਦਾ ਹੈ ਪਰ ਜਦੋਂ ਸੁਰਤ ਜਾਗਦੀ ਹੈ ਤਾਂ ਅੱਖ ਖੁਲ੍ਹਦੀ ਹੈ, ਫਿਰ ਸਭ ਕੁਝ ਸੁਪਨਾ ਜਾਪਦਾ ਹੈ। ਫਿਰ ਪ੍ਰਮਾਤਮਾ ਹੀ ਸੱਚਾ ਜਾਪਦਾ ਹੈ। ਫਿਰ ਤਾਂ

*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।*

ਭਾਗਾਂ ਵਾਲਾ ਹੈ ਉਹ ਮਨੁੱਖ, ਜਿਸ ਨੂੰ ਦੋ ਸੁਪਨੇ ਰੂਪੀ ਦੀਵੇ ਗੁਰੂ ਤੱਕ ਪਹੁੰਚਾ ਦੇਣ ਤੇ ਗੁਰੂ ਪ੍ਰਮਾਤਮਾ ਤੱਕ ਪਹੁੰਚਾ ਦੇਵੇ। ਇਹ ਦੋਵੇਂ ਹੀ ਝੂਠੇ ਨਜ਼ਰ ਆ ਜਾਣ। ਬੰਦੇ ਦਾ ਮਨ ਮੰਨ ਜਾਏ ਕਿ ਇਹ ਵੀ ਝੂਠਾ ਤੇ ਉਹ ਵੀ ਝੂਠਾ। ਕੁੱਤੇ ਦਾ ਕੱਟਣਾ ਵੀ ਝੂਠਾ, ਵੈਦ ਵੀ ਝੂਠਾ, ਮੰਗਣਾ ਵੀ ਝੂਠਾ, ਦਵਾਈ ਵੀ ਝੂਠੀ। ਜਾਗ ਕੇ ਵੇਖਣਾ ਰਾਜ ਸਿੰਘਾਸਨ ਵੀ ਝੂਠਾ। ਬੈਠਣ ਵਾਲਾ ਵੀ ਝੂਠਾ। ਦੋ ਦੀਵੇ ਜਿਨ੍ਹਾਂ ਦੀ ਜੋਤ ਇਕ ਹੈ ਇਹ ਵਿਖਾ ਰਹੇ ਹਨ। ਸੱਚ ਤਾਂ ਇਕ ਹੀ ਹੈ ਉਸ ਵੱਲ ਚੱਲ ਤੇ ਉਸ ਵਿਚ ਲੀਣ ਹੋ :

*ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।*

# 9

ਕੋਈ ਵੀ ਖੇਡ ਖੇਡਣ ਵਾਸਤੇ ਦੋ ਧਿਰਾਂ ਦਾ ਹੋਣਾ ਜ਼ਰੂਰੀ ਹੈ, ਇਸ ਤੋਂ ਬਿਨਾਂ ਖੇਡ ਨਹੀਂ ਚੱਲ ਸਕਦੀ। ਫਿਰ ਉਨ੍ਹਾਂ ਦੋ ਧਿਰਾਂ ਦਾ ਵਿਰੋਧੀ ਜਾਪਣਾ ਸੁਭਾਵਕ ਹੀ ਹੈ। ਬੇਸ਼ਕ ਦੋ ਸਕੇ ਭਰਾ ਵੀ ਖੇਡਦੇ ਹੋਣ। ਵੇਖਣ ਵਾਲਿਆਂ ਨੂੰ ਉਹ ਵਿਰੋਧੀ ਹੀ ਜਾਪਣਗੇ, ਭਾਵੇਂ ਖੇਡ ਤੋਂ ਬਾਅਦ ਉਹ ਇਕੱਠੇ ਬੈਠ ਕੇ ਹੀ ਖਾਣਾ ਖਾਂਦੇ ਹੋਣ। ਪਰ ਖੇਡ ਵਿਚ ਤਾਂ ਉਹ ਵਿਰੋਧੀ ਹੀ ਹੋਣਗੇ। ਉਹ ਵਿਰੋਧ ਭਾਵੇਂ ਵਕਤੀ ਤੌਰ ਤੇ ਹੀ ਹੋਵੇ। ਖੇਡ ਵਿਚ ਵਿਰੋਧ ਨਾ ਹੋਵੇ ਤਾਂ ਵੇਖਣ ਵਾਲੇ ਨੂੰ ਕੋਈ ਰਸ ਨਹੀਂ ਆਉਂਦਾ। ਜੇ ਪਤਾ ਲੱਗ ਜਾਏ ਕਿ ਦੋ ਕੁਸ਼ਤੀ ਲੜਨ ਵਾਲੇ ਅੰਦਰੋਂ ਇਕ ਹਨ। ਉਨ੍ਹਾਂ ਦੀ ਕੁਸ਼ਤੀ ਵੇਖਣ ਕੋਈ ਨਹੀਂ ਜਾਏਗਾ। ਸਭ ਤੋਂ ਨਖਿੱਧ ਉਨ੍ਹਾਂ ਪਹਿਲਵਾਨਾਂ ਨੂੰ ਸਮਝਿਆ ਜਾਂਦਾ ਹੈ ਜਿਹੜੇ ਰਲ ਕੇ ਕੁਸ਼ਤੀ ਲੜਦੇ ਹੋਣ। ਲੋਕ ਸਮਝਦੇ ਹਨ, ਇਨ੍ਹਾਂ ਨੇ ਕੁਸ਼ਤੀ ਵਿਚ ਪੂਰਾ ਤਾਣ ਨਹੀਂ ਲਗਾਇਆ, ਭਾਵ ਇਹ ਕਿ ਇਨ੍ਹਾਂ ਦੇ ਅੰਦਰ ਪੂਰੀ ਵਿਰੋਧਤਾ ਨਹੀਂ। ਸਮੁੱਚਾ ਜੀਵਨ ਹੀ ਵਿਰੋਧਤਾ ਤੇ ਖੜ੍ਹਾ ਹੈ। ਜੀਵਨ ਦਾ ਸਾਰਾ ਰਸ ਵਿਰੋਧਤਾ ਕਰ ਕੇ ਹੈ। ਜੀਵਨ ਖੇਡ ਵਿਰੋਧਤਾ ਕਰ ਕੇ ਹੀ ਚੱਲ ਰਹੀ ਹੈ। ਵਿਰੋਧਤਾ ਖਤਮ ਹੋ ਜਾਏ ਤਾਂ ਜੀਵਨ ਖੇਡ ਦਾ ਰਸ ਵੀ ਮੁਕ ਜਾਏ ਤੇ ਜੀਵਨ ਖੇਡ ਵੀ ਮੁੱਕ ਜਾਏ।

ਧਿਆਨ ਨਾਲ ਕੱਪੜੇ ਨੂੰ ਵੇਖੋ, ਕੱਪੜੇ ਵਿਚ ਧਾਗੇ ਹਨ। ਧਾਗੇ ਦੋ ਦਿਸ਼ਾਵਾਂ ਵੱਲ ਤਣੇ ਹਨ। ਤਾਣਾ ਹੈ, ਪੇਟਾ ਹੈ। ਸਿਰਫ ਤਾਣਾ ਹੀ ਹੋਵੇ ਤਾਂ ਕੱਪੜਾ ਨਹੀਂ ਬਣੇਗਾ। ਸਿਰਫ ਪੇਟਾ ਹੋਵੇ ਤਾਂ ਵੀ ਕੱਪੜਾ ਨਹੀਂ ਬਣੇਗਾ। ਵਿਰੋਧੀ ਖਿੱਚ ਨੇ ਧਾਗਿਆਂ ਨੂੰ ਤਣ ਕੇ ਰੱਖਿਆ ਹੈ ਤੇ ਕੱਪੜਾ ਬਣਿਆ ਹੈ। ਦੀਵਾਰ ਬਣਾਉਂਦੇ ਕਿਸੇ ਰਾਜ ਨੂੰ ਵੇਖੋ, ਵਿਰੋਧੀ ਖਿੱਚ ਬਣਾ ਕੇ, ਇੱਟਾਂ ਲਗਾ ਰਿਹਾ ਹੈ। ਦੀਵਾਰ ਤਾਂ ਹੀ ਖੜ੍ਹੀ ਹੈ, ਬਿਲਕੁਲ ਸਿੱਧੀਆਂ

ਇੱਟਾਂ ਲਗਾਈ ਜਾਏ ਤਾਂ ਦੀਵਾਰ ਗਿਰ ਜਾਏਗੀ, ਖੜ੍ਹੀ ਨਹੀਂ ਰਹਿ ਸਕਦੀ। ਇਕ ਰੂੰ ਤੋਂ ਧਾਗੇ ਬਣੇ ਹਨ। ਇਕ ਮਿੱਟੀ ਤੋਂ ਹੀ ਇੱਟਾਂ ਬਣੀਆਂ ਹਨ, ਪਰ ਲਗਾਈਆਂ ਇਸ ਢੰਗ ਨਾਲ ਹਨ ਕਿ ਖਿੱਚ ਕਾਇਮ ਰਹੇ। ਇਸੇ ਤਰ੍ਹਾਂ ਹੀ ਭਲਾ ਜੇਕਰ ਤਾਣਾ ਹੈ ਤਾਂ ਬੁਰਾ ਪੇਟਾ ਹੈ। ਜ਼ਰਾ ਧਿਆਨ ਨਾਲ ਵੇਖੀਏ, ਜਦੋਂ ਦੁਸਹਿਰੇ ਦਾ ਤਿਉਹਾਰ ਆਉਂਦਾ ਹੈ ਤਾਂ ਉਸ ਤੋਂ ਪਹਿਲਾਂ ਰਾਮਲੀਲ੍ਹਾ ਹੁੰਦੀ ਹੈ। ਜੇ ਬੁਰਿਆਈ ਏਨੀ ਹੀ ਬੁਰੀ ਹੈ, ਤਾਂ ਫਿਰ ਸਾਨੂੰ ਸਿਰਫ ਰਾਮ ਹੀ ਚੁਣਨਾ ਚਾਹੀਦਾ ਹੈ, ਰਾਵਣ ਨਹੀਂ। ਪਰ ਸਾਨੂੰ ਪਤਾ ਹੈ ਕਿ ਇਕ ਰਾਮ ਨਾਲ ਰਾਮਲੀਲ੍ਹਾ ਨਹੀਂ ਹੋ ਸਕੇਗੀ। ਰਾਵਣ ਦੀ ਸ਼ਕਲ ਨਾਲ ਮਿਲਦਾ ਬੰਦਾ ਲੱਭਣਾ ਪੈਂਦਾ ਹੈ। ਫਿਰ ਰਾਮ ਦਾ ਰੋਲ ਤਾਂ ਇਕ ਬੰਦਾ ਹੀ ਤੋੜ ਤੱਕ ਕਰ ਜਾਂਦਾ ਹੈ, ਪਰ ਰਾਵਣ ਦਾ ਰੋਲ ਇਕ ਬੰਦਾ ਨਹੀਂ ਨਿਭਾ ਸਕਿਆ। ਅਖੀਰ ਬੰਦੇ ਜਿੱਡੇ ਰਾਵਣ ਨਾਲ ਕੋਈ ਰਸ ਨਹੀਂ ਬਣਿਆ। ਬੜਾ ਭਿਅੰਕਰ ਤੇ ਸੈਂਕੜਿਆਂ ਬੰਦਿਆਂ ਜਿੱਡਾ ਆਕਾਸ਼ ਨੂੰ ਛੂੰਹਦਾ ਹੋਇਆ ਕਾਗਜ਼ਾਂ ਦਾ ਰਾਵਣ ਬਣਾਉਣਾ ਪੈਂਦਾ ਹੈ। ਹਰ ਸਾਲ ਬਣਾਉਂਦੇ ਹਾਂ। ਇਕੱਲੀ ਰਾਵਣ ਦੀ ਕੋਈ ਲੀਲ੍ਹਾ ਨਹੀਂ। ਜਾਂ ਤਾਂ ਨੇਕੀ ਬਦੀ ਦੋਵਾਂ ਤੋਂ ਖਿਮਾ ਮੰਗਣੀ ਪਵੇਗੀ, ਫਿਰ ਲੀਲ੍ਹਾ ਬੰਦ ਹੋਵੇਗੀ। ਜੇ ਲੀਲ੍ਹਾ ਚਲਾਉਣੀ ਹੈ ਤਾਂ ਫਿਰ ਰਾਮ ਰਾਵਣ ਦੋਵੇਂ ਹੀ ਹੋਣਗੇ। ਫਿਰ ਜੀਵਨ ਖੇਡ ਵਿਚ ਨੇਕੀ ਵੀ ਹੋਵੇਗੀ ਤੇ ਬਦੀ ਵੀ ਹੋਵੇਗੀ। ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਜਿੱਡਾ ਵੱਡਾ ਰਾਵਣ ਹੋਵੇਗਾ ਉੱਨੀ ਵੱਡੀ ਰਾਮ ਦੀ ਮਹਿਮਾ ਹੋਵੇਗੀ। ਰਾਮ ਦੀ ਸੋਨੇ ਦੀ ਅਯੁੱਧਿਆ ਕਿਸੇ ਰਾਮਾਇਣ ਵਿਚ ਨਹੀਂ ਲਿਖੀ ਪਰ ਰਾਵਣ ਦੀ ਸੋਨੇ ਦੀ ਲੰਕਾ ਲਿਖੀ ਮਿਲਦੀ ਹੈ। ਰਾਵਣ ਦੇ ਘਰ ਚੰਦ ਸੂਰਜ ਰਸੋਈ ਕਰਦੇ ਹਨ ਪਰ ਰਾਮ ਦੇ ਘਰ ਨਹੀਂ। ਰਾਵਨ ਦੀ ਅਸ਼ੋਕ ਵਾਟਿਕਾ ਹੈ, ਪਰ ਰਾਮ ਦੀ ਕਿਸੇ ਬਗੀਚੀ ਦਾ ਜ਼ਿਕਰ ਨਹੀਂ। ਰਾਵਨ ਦਾ ਲੱਖ ਪੁੱਤਰ ਸਵਾ ਲੱਖ ਨਾਤੀ ਹੈ। ਰਾਮ ਦਾ ਨਹੀਂ, ਨਾ ਹੀ ਰਾਮ ਦੇ ਬਾਪ ਦਾ। ਭਾਵ ਸਪੱਸ਼ਟ ਹੈ ਕਿ ਜਿੱਡਾ ਵੱਡਾ ਰਾਵਣ ਹੈ ਉੱਨੀ ਵੱਡੀ ਰਾਮ ਦੀ ਮਹਿਮਾ ਹੈ। ਕਦੀ ਅੰਦਾਜ਼ਾ ਲਗਾਇਆ ਹੋਵੇਗਾ ਕਿ ਰਾਮ ਨੇ ਇਕ ਧੋਬੀ ਦੇ ਬੋਲੀ ਮਾਰਨ ਤੇ ਸੀਤਾ ਨੂੰ ਬਨਵਾਸ ਦੇ ਦਿਤਾ। ਸੀਤਾ ਨੇ ਕਿਸ ਹਾਲਤ ਵਿਚ ਬਾਲਮੀਕ ਰਿਸ਼ੀ ਦੇ ਆਸ਼ਰਮ ਵਿਚ ਦਿਨ ਕੱਟੇ।

ਦੋਹਾਂ ਬੱਚਿਆਂ ਨੂੰ ਜਨਮ ਦਿੱਤਾ। ਉਹੀ ਸੀਤਾ ਹੈ, ਜਿਸ ਵਾਸਤੇ ਰਾਵਣ ਨਾਲ ਯੁੱਧ ਕਰ ਕੇ ਉਸ ਨੂੰ ਰਾਮ ਵਾਪਸ ਲਿਆਉਂਦੇ ਹਨ। ਸੱਚ ਤਾਂ ਇਹ ਹੈ ਕਿ ਧੋਬੀ ਵੱਡੇ ਤੋਂ ਵੱਡਾ ਗੁਨਾਹ ਵੀ ਕਰ ਦਿੰਦਾ, ਰਾਮ ਉਸ ਨੂੰ ਮੁਆਫ ਕਰ ਦਿੰਦੇ। ਧੋਬੀ ਨੇ ਰਾਵਣ ਵਰਗਾ ਗੁਨਾਹ ਵੀ ਕੀਤਾ ਹੁੰਦਾ ਤਾਂ ਰਾਮ ਉਸ ਨੂੰ ਮੁਆਫ਼ ਕਰ ਦਿੰਦੇ। ਇਕ ਵਿਚਾਰੇ ਧੋਬੀ ਨੂੰ ਮਾਰਨ ਨਾਲ ਕੀ ਮਹਿਮਾ ਬਣ ਸਕਦੀ ਹੈ। ਧੋਬੀ ਨੂੰ ਮੁਆਫ਼ ਕਰਨ ਵਿਚ ਮਹਿਮਾ ਹੈ। ਧੋਬੀ ਦੀ ਬੋਲੀ ਨੂੰ ਏਨਾ ਵਜ਼ਨ ਦੇ ਦੇਣਾ, ਏਨਾ ਮਹੱਤਵ ਦੇ ਦੇਣਾ, ਕਿ ਪਤਨੀ ਹੀ ਘਰੋਂ ਬਾਹਰ ਕੱਢ ਦੇਣੀ। ਇਸ ਵਿਚ ਕਿੰਨੀ ਮਹਿਮਾ ਹੈ। ਧੋਬੀ ਨੇ ਉਹ ਕੰਮ ਕੀਤਾ ਹੈ, ਉਹ ਗੁਨਾਹ ਕੀਤਾ ਹੈ, ਜਿਹੜਾ ਰਾਵਣ ਵੀ ਨਹੀਂ ਕਰ ਸਕਿਆ। ਰਾਵਨ ਕੋਲ ਬਹਾਨਾ ਵੀ ਸੀ, ਸ਼ਕਤੀ ਵੀ ਸੀ। ਬਹਾਨਾ ਸੀ ਕਿ ਉਸਦੀ ਭੈਣ ਦਾ ਨੱਕ ਕੱਟਿਆ ਹੈ। ਸ਼ਕਤੀ ਹੈ, ਉਹ ਰਾਜਾ ਹੈ, ਪਰ ਧੋਬੀ ਕੋਲ ਨਾ ਹੀ ਕੋਈ ਬਹਾਨਾ ਹੈ, ਨਾ ਹੀ ਸ਼ਕਤੀ ਹੈ। ਪਰ ਧੋਬੀ ਕਮਾਲ ਕਰ ਗਿਆ। ਉਸ ਨੇ ਰਾਵਨ ਤੋਂ ਵੱਡਾ ਗੁਨਾਹ ਕੀਤਾ ਹੈ। ਰਾਵਨ ਸੀਤਾ ਉਠਾ ਕੇ ਜ਼ਰੂਰ ਲੈ ਗਿਆ ਸੀ, ਪਰ ਰਾਮ ਤੋਂ ਸੀਤਾ ਨੂੰ ਦਿਲ ਕਰ ਕੇ ਦੂਰ ਨਹੀਂ ਕਰ ਸਕਿਆ। ਕਿੰਨਾ ਸੁੰਦਰ ਖ਼ਿਆਲ ਹੈ ਕਿ ਹਨੂੰਮਾਨ ਨੂੰ ਰਾਮ ਪੁੱਛਦੇ ਹਨ, ਸੀਤਾ ਦਾ ਇਸ ਪ੍ਰਿਥਵੀ ਤੇ ਕੋਈ ਪਤਾ ਲੱਗਾ ਹੈ। ਹਨੂੰਮਾਨ ਕਹਿੰਦੇ ਹਨ, ਹਾਂ ਪਤਾ ਲੱਗਾ ਹੈ। ਮੈਂ ਵੇਖ ਕੇ ਆਇਆ ਹਾਂ। ਉਹ ਰਾਵਨ ਦੇ ਸੁੰਦਰ ਬਾਗ ਵਿਚ ਰਹਿ ਰਹੀ ਹੈ। ਰਾਮ ਕਹਿੰਦੇ ਹਨ ਉਹ ਮੇਰੇ ਤੋਂ ਵਿਛੜ ਕੇ ਮਰ ਕਿਉਂ ਨਹੀਂ ਗਈ। ਉਹ ਤਾਂ ਕਹਿੰਦੀ ਸੀ ਮੈਂ ਤੁਹਾਡੇ ਤੋਂ ਵਿਛੜ ਕੇ ਜੀ ਹੀ ਨਹੀਂ ਸਕਦੀ। ਹਨੂੰਮਾਨ ਅੱਗੋਂ ਕਹਿੰਦੇ ਹਨ, ਇਹ ਸੱਚ ਹੈ। ਇਸ ਕਥਨ ਤੇ ਮਾਤਾ ਸੀਤਾ ਅੱਜ ਵੀ ਕਾਇਮ ਹੈ। ਉਸ ਦੇ ਪ੍ਰਾਣ ਤੁਹਾਡੇ ਚਰਨਾਂ ਵਿਚ ਵੱਸਦੇ ਹਨ। ਜਮ ਆਉਂਦੇ ਹਨ, ਪਰ ਸੀਤਾ ਦੀ ਜਾਨ ਨਹੀਂ ਲੱਭਦੀ, ਉਹ ਤੁਹਾਡੇ ਚਰਨਾਂ ਵਿਚ ਹੈ। ਪਤੀ ਪਤਨੀ ਦੇ ਪਿਆਰ ਦੀ ਇਹ ਕਮਾਲ ਕਥਾ ਹੈ:

*ਆਉ ਹਨੂੰ ਸੋ ਕਹਿਉ ਰਘਬੀਰ।*
*ਕੁਛ ਸੁਧ ਹੈ ਸੀਯਾ ਕੀ ਛਿਤ ਮਾਹੀ।*
*ਹੈ ਪ੍ਰਭ ਲੰਕ ਕਲੰਕ ਬਿਨਾ,*

*ਸੁਬ ਸੇ ਤਿਹ ਰਾਵਨ ਬਾਗ ਕੀ ਛਾਹੀ।*
*ਜੀਵਤ ਹੈ, ਕਹਿਬੇ ਹੀ ਕੋ ਨਾਥ,*
*ਵੋਹ ਕਿਯੋ ਨਾ ਮਰੀ ਹਮ ਤੇ ਬਿਛਰਾਹੀ*
*ਪ੍ਰਾਨ ਬਸਹਿ ਪਦ ਪੰਕਜ ਮਹਿ,*
*ਜਮ ਆਵਤ ਹੈ ਪਰ ਪਾਵਤ ਨਾਹੀ।*

ਰਾਵਣ ਨੇ ਸੀਤਾ ਨੂੰ ਸਭ ਤੋਂ ਵਧੀਆ ਥਾਂ ਅਸ਼ੋਕ ਵਾਟਿਕਾ ਵਿਚ ਰੱਖਿਆ। ਹਰ ਤਰ੍ਹਾਂ ਦੀ ਟਹਿਲ ਸੇਵਾ ਕੀਤੀ। ਬੜੀ ਅਧੀਨਗੀ ਨਾਲ ਉਸ ਦੇ ਸਾਹਮਣੇ ਜਾਂਦਾ ਰਿਹਾ, ਪਰ ਸੀਤਾ ਤੇ ਰਾਮ ਨੂੰ ਦਿਲੋਂ ਦੂਰ ਨਹੀਂ ਕਰ ਸਕਿਆ। ਪਰ ਇਕ ਧੋਬੀ ਤੇ ਉਹਦਾ ਬਾਣ ਰਾਵਣ ਦੇ ਬਾਣਾਂ ਨਾਲੋਂ ਵਧੀਕ ਕੰਮ ਕਰ ਗਿਆ। ਉਸਨੇ ਰਾਮ ਤੇ ਸੀਤਾ ਨੂੰ ਇੰਨਾ ਦਿਲੋਂ ਦੂਰ ਕਰ ਦਿਤਾ ਕਿ ਜਿਹੜੇ ਰਾਮ ਸੀਤਾ ਨੂੰ ਜੰਗ ਲੜ ਕੇ ਰਾਵਣ ਨੂੰ ਮਾਰ ਕੇ ਵਾਪਸ ਲਿਆਉਂਦੇ ਹਨ, ਉਹ ਆਪ ਸੀਤਾ ਨੂੰ ਬਨਵਾਸ ਦੇ ਦੇਂਦੇ ਹਨ। ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ। ਸੀਤਾ ਦੀ ਅਗਨ-ਪ੍ਰੀਖਿਆ ਲੈ ਚੁੱਕੇ ਹਨ। ਫਿਰ ਜ਼ਿੰਦਗੀ ਵਿਚ ਕਈ ਸਾਲਾਂ ਵਿਚ ਇਹ ਖਿਆਲ ਤੱਕ ਨਹੀਂ ਆਇਆ ਕਿ ਸੀਤਾ ਵਾਪਸ ਆ ਜਾਏ ਜਾਂ ਇਸ ਧੋਬੀ ਨੇ ਬੁਰਾ ਕੀਤਾ ਹੈ। ਰਾਵਣ ਦਾ ਤਾਂ ਅਸੀਂ ਸਾਰੇ ਨਾਂ ਜਾਣਦੇ ਹਾਂ ਪਰ ਉਸ ਵਿਚਾਰੇ ਧੋਬੀ ਦਾ ਤਾਂ ਕੋਈ ਨਾਂ ਵੀ ਨਹੀਂ ਜਾਣਦਾ। ਜਾਣ ਕੇ ਵੀ ਕੀ ਕਰਨਾ ਹੈ। ਉਸ ਧੋਬੀ ਨੂੰ ਰਾਮ ਕਿਉਂ ਮਾਰਨ। ਰਾਵਨ ਨੂੰ ਮਾਰਿਆਂ ਮਹਿਮਾ ਬਣਦੀ ਹੈ। ਧੋਬੀ ਮਾਰਿਆਂ ਕੀ ਮਹਿਮਾ ਬਣੇਗੀ। ਕੁਝ ਵੀ ਨਹੀਂ। ਇਸੇ ਵਾਸਤੇ ਅਸੀਂ ਵੀ ਧੋਬੀ ਨੂੰ ਮੁਆਫ਼ ਕਰ ਦਿੱਤਾ ਹੈ। ਪਰ ਰਾਵਣ ਨੂੰ ਅਸੀਂ ਅੱਜ ਤੱਕ ਮੁਆਫ਼ ਨਹੀਂ ਕੀਤਾ। ਜੇਕਰ ਧੋਬੀ ਕੋਲ ਸ਼ਕਤੀ ਹੁੰਦੀ ਤਾਂ ਜਾਂ ਤਾਂ ਉਹ ਰਾਮ ਤੇ ਸੀਤਾ ਦੋਹਾਂ ਨੂੰ ਮਾਰ ਦਿੰਦਾ ਜਾਂ ਘੱਟੋ ਘੱਟ ਆਪਣੇ ਰਾਜ ਵਿਚੋਂ ਜ਼ਰੂਰ ਬਾਹਰ ਕੱਢ ਦਿੰਦਾ। ਪਰ ਉਸ ਕੋਲ ਕੋਈ ਸ਼ਕਤੀ ਨਹੀਂ, ਜਿੰਨਾ ਕੁ ਕੰਮ ਉਹ ਕਰ ਸਕਦਾ ਸੀ, ਉਸ ਨੇ ਉਹ ਵਿੱਤੋਂ ਵੱਧ ਕੀਤਾ ਹੈ। ਪਰ ਰਾਮ ਉਸ ਨੂੰ ਮੁਆਫ਼ ਕਰ ਦਿੰਦੇ ਹਨ। ਰਾਮਾਇਣ ਦਾ ਇਕ ਨੁਕਤਾ ਹੋਰ ਇਸ ਵਿਸ਼ੇ ਤੇ ਹੈ। ਪਰਸ ਰਾਮ ਤੇ ਲਛਮਣ ਦਾ

ਝਗੜਾ ਹੋ ਜਾਂਦਾ ਹੈ। ਲਛਮਣ ਕਹਿੰਦੇ ਹਨ, ਹੇ ਬ੍ਰਾਹਮਣ ਜੇ ਤੁਹਾਨੂੰ ਮਾਰ ਦੇਈਏ ਤਾਂ ਸਾਨੂੰ ਪਾਪ ਲਗਦਾ ਹੈ, ਜੇ ਤੁਹਾਡੇ ਤੋਂ ਹਾਰ ਜਾਂਦੇ ਹਾਂ ਤਾਂ ਸਾਡੀ ਛੱਤਰੀਆਂ ਦੀ ਨਿੰਦਾ ਹੁੰਦੀ ਹੈ। ਇਸ ਲਈ ਦੋਹਾਂ ਹਾਲਤਾਂ ਵਿਚ ਹੀ ਤੁਹਾਡੇ ਨਾਲ ਲੜਨਾ ਮੈਂ ਠੀਕ ਨਹੀਂ ਸਮਝਦਾ।

*ਬਧੇ ਪਾਪ ਅਪਕੀਰਤ ਹਾਰੇ।*
*ਮਾਰਤ ਹੂ ਪਾਪਰਿਯੇ ਤੁਮਾਰੇ॥*

ਧੋਬੀ ਮਰ ਵੀ ਜਾਂਦਾ ਤਾਂ ਅੱਜ ਰਾਵਣ ਦੀ ਥਾਂ ਕਿਸ ਨੇ ਧੋਬੀ ਦਾ ਬੁੱਤ ਬਣਾਉਣਾ ਸੀ। ਰਾਵਣ ਨੂੰ ਸਭ ਜਾਣਦੇ ਹਨ। ਧੋਬੀ ਨੂੰ ਕੌਣ ਜਾਣਦਾ ਹੈ। ਇੰਨਾ ਹੀ ਪਤਾ ਹੈ ਕਿ ਧੋਬੀ ਸੀ। ਦੋ ਨਾਂ ਰਾਮ ਤੇ ਰਾਵਣ ਨੇਕੀ ਬਦੀ ਦੇ ਪ੍ਰਤੀਕ ਬਣ ਗਏ ਹਨ। ਜਿੰਨੀ ਵੱਡੀ ਬਦੀ ਨੂੰ ਜਿੱਤਿਆ ਹੈ, ਜਿੰਨੀ ਵੱਡੀ ਬਦੀ ਮੁਕਾਬਲੇ ਤੇ ਹੈ, ਉੱਨੀ ਵੱਡੀ ਹੀ ਨੇਕੀ ਦੀ ਮਹਿਮਾ ਹੈ। ਸੱਚ ਤਾਂ ਇਹ ਹੈ ਕਿ ਨੇਕੀ ਇਸ ਖੇਡ ਰੂਪ ਕੱਪੜੇ ਦਾ ਤਾਣਾ ਹੈ, ਤਾਂ ਬਦੀ ਇਸ ਦਾ ਪੇਟਾ ਹੈ, ਇਹ ਕਪੜਾ ਤਾਂ ਹੀ ਉਣਿਆ ਜਾ ਸਕਦਾ ਹੈ। ਕੁਝ ਸਿਆਣਿਆਂ ਦਾ ਮੱਤ ਹੈ ਕਿ ਜਿਵੇਂ ਬਲੈਕ ਬੋਰਡ ਜਾਂ ਕਾਲੇ ਫੱਟੇ ਤੇ ਸੁਫੈਦ ਅੱਖਰ ਨਜ਼ਰ ਆਉਂਦੇ ਹਨ ਤੇ ਸੁਫੈਦ ਫੱਟੇ ਤੇ ਸੁਫੈਦ ਅੱਖਰ ਨਜ਼ਰ ਨਹੀਂ ਆਉਂਦੇ, ਦਿਨ ਦੀ ਸੁਫੈਦੀ ਵਿਚ ਤਾਰੇ ਨਜ਼ਰ ਨਹੀਂ ਆਉਂਦੇ, ਇਸੇ ਤਰ੍ਹਾਂ ਭਲਿਆਈ ਦੇ ਫੱਟੇ ਤੇ ਭਲਿਆਈ ਦੇ ਅੱਖਰ ਨਜ਼ਰ ਨਹੀਂ ਆਉਣਗੇ। ਬੁਰਿਆਈ ਦੇ ਫੱਟੇ ਤੇ ਭਲਿਆਈ ਦੇ ਅੱਖਰ ਨਜ਼ਰ ਆਉਂਦੇ ਹਨ। ਅਸੀਂ ਜ਼ਰਾ ਰਾਵਣ ਰੂਪੀ ਫੱਟਾ ਪਾਸੇ ਕਰ ਦੇਈਏ, ਉਸ ਦੇ ਮੁਕਾਬਲੇ ਤੇ ਕ੍ਰਿਸ਼ਨ ਜੀ ਨੂੰ ਖੜ੍ਹਾ ਕਰ ਦੇਈਏ। ਇੰਜ ਸਮਝੋ ਕਿ ਕ੍ਰਿਸ਼ਨ ਲੰਕਾ ਦੇ ਰਾਜੇ ਹਨ, ਰਾਮ ਬਨਵਾਸ ਕੱਟਣ ਗਏ ਹਨ। ਕ੍ਰਿਸ਼ਨ ਅੱਗੋਂ ਆ ਕੇ ਲੈ ਜਾਣਗੇ। ਉਹ ਸੀਤਾ ਰਾਮ ਲਛਮਣ ਸਾਰਿਆਂ ਨੂੰ ਲੈ ਜਾਣਗੇ, ਸੇਵਾ ਕਰਨਗੇ। ਚੌਦਾਂ ਸਾਲ ਚੌਦਾਂ ਪਲਾਂ ਵਾਂਗੂੰ ਬਤੀਤ ਹੋ ਜਾਣਗੇ, ਪਤਾ ਹੀ ਨਹੀਂ ਲੱਗੇਗਾ, ਕਦੋਂ ਰਾਮ ਗਏ ਤੇ ਕਦੋਂ ਆਏ। ਇੰਜ ਸਮਝਣਾ ਦੋਵੇਂ ਤਾਣੇ ਦੇ ਧਾਗੇ ਹਨ, ਪੇਟਾ ਹੈ ਹੀ ਨਹੀਂ। ਰਾਮ ਕ੍ਰਿਸ਼ਨ ਇਕੱਠੇ ਹੋਣ ਕੋਈ ਰਾਮਾਇਣ ਨਹੀਂ ਬਣੇਗੀ। ਫਿਰ ਮੈਂ ਕੀ ਕਹਿਣਾ ਚਾਹੁੰਦਾ ਹਾਂ ਕਿ ਬਦੀ ਜ਼ਰੂਰੀ ਚਾਹੀਦੀ ਹੈ, ਮੈਂ ਬਦੀ ਦਾ ਹਾਮੀ

ਨਹੀਂ। ਮੈਂ ਬੇਸ਼ਕ ਕਹਾਂ ਤੇ ਕਹਿੰਦਾ ਰਹਾਂ ਬਦੀ ਨਹੀਂ ਚਾਹੀਦੀ। ਅਨੇਕਾਂ ਕਹਿ ਰਹੇ ਹਨ ਤੇ ਅਨੇਕਾਂ ਮੇਰੇ ਤੋਂ ਪਹਿਲਾਂ ਕਹਿ ਗਏ ਹਨ ਕਿ ਬਦੀ ਨਹੀਂ ਚਾਹੀਦੀ। ਅਸੀਂ ਬਦੀ ਮਿਟਾ ਕੇ ਹੀ ਰਹਾਂਗੇ ਪਰ ਹੈਰਾਨਕੁੰਨ ਗੱਲ ਹੈ ਕਿ ਇਹ ਕਹਿਣ ਵਾਲੇ ਚਲੇ ਗਏ ਹਨ, ਪਰ ਬਦੀ ਅਜੇ ਤੱਕ ਉਸੇ ਤਰ੍ਹਾਂ ਹੀ ਕਾਇਮ ਹੈ। ਸਾਰੇ ਸਾਧੂ ਸੰਤ ਬਦੀ ਦੇ ਖਿਲਾਫ਼ ਲੜ ਰਹੇ ਹਨ। ਸਾਧੂ ਸੰਤਾਂ ਦੀਆਂ ਅਰਥੀਆਂ ਉਠ ਜਾਂਦੀਆਂ ਹਨ, ਪਰ ਬਦੀ ਉਸੇ ਤਰ੍ਹਾਂ ਹੀ ਖੜ੍ਹੀ ਹੈ। ਕੀ ਕਿਤੇ ਐਸਾ ਤੇ ਨਹੀਂ ਕਿ ਜਿਸ ਢੰਗ ਨਾਲ ਅਸੀਂ ਬਦੀ ਨੂੰ ਸਮਝਿਆ ਹੈ, ਉਸ ਢੰਗ ਵਿਚ ਹੀ ਕੁਝ ਫ਼ਰਕ ਹੋਵੇ। ਜੇ ਬੁਰਿਆਈ ਬਾਰੇ ਅਸੀਂ ਇੰਜ ਸਮਝੀਏ ਕਿ ਬੁਰਾ ਕਰਨ ਵਾਲਾ ਵੀ ਇਕ ਖਿਡਾਰੀ ਦੀ ਤਰ੍ਹਾਂ ਹੈ। ਬੰਦੇ ਦਾ ਸੁਭਾ ਬੁਰਾ ਭਲਾ ਨਹੀਂ। 'ਸੁਭਾ ਤਾਂ ਰਾਗ ਦ੍ਵੈਸ਼ ਤੋਂ ਪਾਰ ਹੈ।' ਪ੍ਰਮਾਤਮਾ ਦੀ ਅੰਸ ਪ੍ਰਮਾਤਮਾ ਵਰਗੀ ਹੀ ਹੋਵੇਗੀ। ਇਹ ਇਸਦਾ ਸਵਾਂਗ ਹੀ ਹੈ। ਪ੍ਰਮਾਤਮਾ ਨੇ ਖੇਡ ਇਸਦੇ ਜ਼ੁੰਮੇ ਲਾਈ ਹੈ। ਰਾਮ-ਲੀਲ੍ਹਾ ਦਾ ਰਾਵਣ ਉਹ ਸਾਰੇ ਕੰਮ ਕਰਦਾ ਹੈ ਜੋ ਰਾਵਣ ਨੇ ਕੀਤੇ ਸਨ ਪਰ ਉਸ ਨੂੰ ਅਸੀਂ ਬੁਰਾ ਨਹੀਂ ਕਹਿੰਦੇ। ਉਹ ਲੀਲ੍ਹਾ ਦਾ ਰਾਵਣ ਹੈ। ਸਤਿਗੁਰੂ ਦੀ ਮਤਿ ਅਨੁਸਾਰ ਬੰਦਾ ਕਦੀ ਇਸ ਗੱਲ ਨੂੰ ਸਮਝ ਜਾਏ :

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥*
*ਤਿਸਕੈ ਭਾਣੈ ਕੋਇ ਨਾ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥*

ਸੋਰਠਿ ਮ: ੫ ਪੰਨਾ ੬੧੦

ਜੀਵਨ ਨੂੰ ਲੀਲ੍ਹਾ ਸਮਝਿਆ ਜਾਏ ਤੇ ਹਰ ਬੁਰੇ ਭਲੇ ਦੇ ਕੰਨਾਂ ਵਿਚ ਇਹ ਵਿਚਾਰ ਪੈਣ ਕਿ ਤੁਸੀਂ ਸਵਾਂਗ ਕਰ ਰਹੇ ਹੋ। ਭਲਾ ਭਲਿਆਈ ਦਾ ਸਵਾਂਗ ਤੇ ਬੁਰਾ ਬੁਰਿਆਈ ਦਾ ਸਵਾਂਗ ਕਰ ਰਿਹਾ ਹੈ। ਭਲੇ ਨੂੰ ਰੱਬ ਨੇ ਜਿੱਤਣ ਵਾਲੇ ਪਾਸੇ ਖੜ੍ਹਾ ਕੀਤਾ ਹੈ। ਬੁਰੇ ਨੂੰ ਰੱਬ ਨੇ ਹਾਰਨ ਵਾਲੇ ਪਾਸੇ ਖੜ੍ਹਾ ਕੀਤਾ ਹੈ। ਬੰਦੇ ਦੀ ਅਵਸਥਾ ਸਹਿਜ ਦੀ ਅਵਸਥਾ ਬਣ ਸਕਦੀ ਹੈ। ਸਹਿਜ ਵਿਚ ਵਿਚਰਨ ਵਾਲਾ ਮਨੁੱਖ ਭਲੇ ਬੁਰੇ ਨੂੰ ਇਕ ਖੇਡ ਸਮਝਦਾ ਹੈ। ਉਸਦੀ ਆਤਮਿਕ ਅਵਸਥਾ ਅਨੰਦ ਦੀ ਹੈ। ਸੱਚ

ਇਹ ਹੈ ਕਿ ਜਿਨ੍ਹਾਂ ਬੰਦਿਆਂ ਨੇ ਕਿਸੇ ਨੂੰ ਸੌ ਰੁਪਿਆ ਦੇ ਕੇ ਇਹ ਨਹੀਂ ਸਮਝਿਆ ਕਿ ਮੈਂ ਦਾਨ ਕੀਤਾ ਹੈ, ਸਗੋਂ ਇਸ ਨੂੰ ਇਕ ਖੇਲ੍ਹ ਹੀ ਸਮਝਿਆ ਹੈ। ਉਨ੍ਹਾਂ ਦਾ ਸੌ ਰੁਪਿਆ ਕੋਈ ਚੋਰੀ ਕਰ ਕੇ ਵੀ ਲੈ ਗਿਆ ਹੈ ਤਾਂ ਉਨ੍ਹਾਂ ਉਸ ਨੂੰ ਵੀ ਇਕ ਖੇਡ ਹੀ ਸਮਝਿਆ ਹੈ। ਜਿੱਥੇ ਤੱਕ ਸੌ ਰੁਪਏ ਦਾ ਸਵਾਲ ਹੈ ਉਹ ਤਾਂ ਬਰਾਬਰ ਹੈ, ਪਰ ਅਵਸਥਾ ਦਾ ਬੜਾ ਫ਼ਰਕ ਹੈ। ਜਿਹੜਾ ਦਾਨ ਨੂੰ ਮਹਾਨਤਾ ਦੇਵੇਗਾ, ਉਸ ਨੂੰ ਚੋਰੀ ਨੂੰ ਮਹਾਨਤਾ ਦੇਣੀ ਹੀ ਪਵੇਗੀ। ਜਿਹੜਾ ਧਨ ਨੂੰ ਹੀ ਮਹਾਨਤਾ ਨਹੀਂ ਦੇ ਰਿਹਾ, ਐਸਾ ਬੰਦਾ ਨਾ ਦਾਨ ਨੂੰ ਮਹਾਨਤਾ ਦੇਵੇਗਾ, ਨਾ ਹੀ ਚੋਰੀ ਨੂੰ। ਅਸੀਂ ਨੇਕੀ ਨੂੰ ਮਹਾਨਤਾ ਦੇਵਾਂਗੇ ਤਾਂ ਬਦੀ ਨੂੰ ਮਹਾਨਤਾ ਦੇਣੀ ਹੀ ਪਵੇਗੀ। ਪਰ ਜਦੋਂ ਨੇਕੀ ਨੂੰ ਖੇਡ ਸਮਝਾਂਗੇ ਤਾਂ ਬਦੀ ਵੀ ਇਕ ਖੇਡ ਹੋ ਜਾਵੇਗੀ। ਇਕ ਪ੍ਰਸ਼ਨ ਇਸ ਗੱਲ ਤੋਂ ਆਮ ਕਰ ਕੇ ਉੱਠਦਾ ਹੈ, ਉਹ ਇਹ ਹੈ ਕਿ ਫਿਰ ਤਾਂ ਬੁਰਾ ਹੋਰ ਬੁਰਾ ਹੀ ਕਰੀ ਜਾਵੇਗਾ? ਸੱਚ ਤਾਂ ਇਹ ਹੈ ਕਿ ਰੋਕ ਰੋਕ ਕੇ ਵੀ ਅਸੀਂ ਨਹੀਂ ਰੋਕ ਸਕੇ। ਉਸ ਦਾ ਕਾਰਨ ਇਹੀ ਹੈ ਕਿ ਅਸੀਂ ਬੁਰਿਆਈ ਨੂੰ ਬਹੁਤ ਵੱਡੀ ਮਹਾਨਤਾ ਦੇ ਲਈ ਹੈ।

ਜਦੋਂ ਅਸੀਂ ਬੁਰੇ ਭਲੇ ਨੂੰ ਖਿਡਾਰੀ ਸਮਝਾਂਗੇ, ਖੇਡ ਤੋਂ ਜ਼ਿਆਦਾ ਇਸ ਗੱਲ ਨੂੰ ਮਹਾਨਤਾ ਨਾ ਦਿਆਂਗੇ, ਤਾਂ ਇਹ ਸੱਚ ਹੈ ਕਿ ਸੰਸਾਰ ਵਿਚ ਨਾ ਬੁਰਾ ਬੰਦਾ ਲਭੇਗਾ, ਨਾ ਹੀ ਭਲਾ ਬੰਦਾ ਲਭੇਗਾ। ਸੰਸਾਰ ਵਿਚ ਸਿਰਫ ਅਨੰਦਤ ਬੰਦੇ ਲੱਭਣਗੇ।

ਸੰਸਾਰ ਵਿਚ ਬੁਰਿਆਈ ਤੇ ਭਲਿਆਈ ਇਕ ਖੇਡ ਦੀ ਤਰ੍ਹਾਂ ਹੋਵੇਗੀ। ਐਸੀ ਬੁਰਿਆਈ ਨਾਲ ਕਿਸੇ ਨੂੰ ਦੁੱਖ ਨਹੀਂ ਪੁੱਜੇਗਾ।

ਐਸੀ ਭਲਿਆਈ ਨਾਲ ਕਿਸੇ ਦਾ ਹੰਕਾਰ ਨਹੀਂ ਵਧੇਗਾ। ਅਸਲ ਵਿਚ ਭਲਾ ਤੇ ਬੁਰਾ ਦੋ ਦੀਵੇ ਹਨ, ਇਨ੍ਹਾਂ ਦੀ ਜੋਤ ਇਕ ਹੈ। ਇਸ ਰੋਸ਼ਨੀ ਨੂੰ ਪ੍ਰਮਾਤਮਾ ਨੇ ਇਸ ਲਈ ਰੱਖਿਆ ਹੈ ਕਿ ਜੀਵਨ ਖੇਡ ਖੇਡੀ ਜਾਏ, ਤੇ ਵੇਖਣ ਵਾਲੇ ਅਨੰਦ ਮਾਣ ਸਕਣ।

# 10

ਬੰਦੇ ਨੇ ਬੰਦੇ ਦੇ ਘਰਾਂ ਨੂੰ ਤਾਂ ਸਾੜਿਆ ਹੈ, ਉਸ ਦਾ ਕਾਰਨ ਆਪਸੀ ਦੁਸ਼ਮਣੀ ਹੋਵੇਗੀ, ਪਰ ਹੈਰਾਨਕੁੰਨ ਗੱਲ ਇਹ ਹੈ ਕਿ ਬੰਦੇ ਨੇ ਰੱਬ ਦੇ ਘਰ ਨੂੰ ਵੀ ਸਾੜਿਆ ਹੈ। ਪਤਾ ਨਹੀਂ ਬੰਦੇ ਨੂੰ ਪ੍ਰਮਾਤਮਾ ਨਾਲ ਕੀ ਦੁਸ਼ਮਣੀ ਹੈ। ਬੰਦੇ ਨੇ ਧਾਰਮਕ ਗ੍ਰੰਥਾਂ ਨੂੰ ਪਾੜਿਆ ਹੈ, ਸਾੜਿਆ ਹੈ, ਤੇ ਹੈਰਾਨਕੁੰਨ ਗੱਲ ਹੈ ਕਿ ਐਸਾ ਕਰਨ ਵਾਲੇ ਬੰਦੇ ਵੀ ਸਮਝਦੇ ਹਨ ਕਿ ਅਸੀਂ ਬੜਾ ਹੀ ਧਾਰਮਕ ਕੰਮ ਕੀਤਾ ਹੈ। ਪਰ ਐਸਾ ਕੰਮ ਉਹੀ ਬੰਦਾ ਕਰ ਸਕਦਾ ਹੈ ਜਿਸ ਨੇ ਉਹ ਧਾਰਮਕ ਗ੍ਰੰਥ ਪੜ੍ਹਿਆ ਨਹੀਂ, ਜੇ ਪੜ੍ਹਿਆ ਹੁੰਦਾ, ਸਮਝਿਆ ਹੁੰਦਾ, ਤਾਂ ਉਹ ਕਦੀ ਵੀ ਐਸਾ ਨਹੀਂ ਸੀ ਕਰ ਸਕਦਾ। ਸਮਝਣ ਨਾਲ ਤਾਂ ਧਾਰਮਕ ਗ੍ਰੰਥਾਂ ਦਾ ਸਤਿਕਾਰ ਕਰੇਗਾ, ਫਿਰ ਤਾਂ ਬੰਦਾ ਬੇ-ਅਦਬੀ ਨਹੀਂ ਕਰ ਸਕਦਾ। ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਹੈ, ਉਹ ਕਿਵੇਂ ਜਲਾ ਸਕੇਗਾ। ਉਹ ਤਾਂ ਸਨਮਾਨ ਨਾਲ ਮੱਥਾ ਟੇਕੇਗਾ। ਜੋ ਤਿੰਨ ਸੌ ਦੇ ਕਰੀਬ ਧਰਮ ਹਨ, ਉਨ੍ਹਾਂ ਸਾਰਿਆਂ ਦੇ ਆਪੋ ਆਪਣੇ ਗ੍ਰੰਥ ਹਨ। ਸੱਚ ਤਾਂ ਇਹ ਹੈ ਕਿ ਕਿਸੇ ਵੀ ਧਾਰਮਕ ਗ੍ਰੰਥ ਵਿਚ ਐਸਾ ਨਹੀਂ ਕਿ ਉਹ ਜਲਾਉਣ-ਯੋਗ-ਹੋਵੇ। ਜਿਨ੍ਹਾਂ ਨੇ ਧਾਰਮਕ ਗ੍ਰੰਥਾਂ ਦਾ ਅਧਿਐਨ ਕੀਤਾ, ਉਨ੍ਹਾਂ ਕਿਹਾ ਹੈ ਸਾਰੇ ਧਾਰਮਕ ਗ੍ਰੰਥਾਂ ਦਾ ਤੱਤਸਾਰ ਇਕ ਹੀ ਹੈ ਕਿ ਬੰਦੇ ਦਾ ਮਨ ਨਿਰਮਲ ਹੋਵੇ, ਬੰਦਾ ਰੱਬ ਵਰਗਾ ਪਵਿੱਤਰ ਹੋਵੇ। ਇਸ ਦੇ ਸ਼ੁਭ ਕਰਮ ਹੋਣ। ਭਾਸ਼ਾ ਆਪੋ ਆਪਣੀ ਹੈ। ਕਹਿਣ ਦਾ ਢੰਗ ਆਪੋ ਆਪਣਾ ਹੈ। ਸਾਧਨਾ ਆਪੋ ਆਪਣੀ ਹੈ, ਪਰ ਹੈ ਤਾਂ ਸਭ ਕੁਝ ਸਾਰਿਆਂ ਦੇ ਭਲੇ ਵਾਸਤੇ ਹੀ। ਧਾਰਮਕ ਗ੍ਰੰਥਾਂ ਵਿਚ ਕਿਸੇ ਦਾ ਬੁਰਾ ਕਿਸੇ ਨੂੰ ਨਹੀਂ ਸਿਖਾਇਆ ਗਿਆ। ਭਾਸ਼ਾ ਦਾ ਫਰਕ ਜਾਂ ਪ੍ਰਮਾਣਾਂ ਦਾ ਫਰਕ ਸਮਝਾਉਣ ਦਾ ਢੰਗ ਵੱਖ-ਵੱਖ ਜਾਂ ਸਿਧਾਂਤਾਂ ਦਾ ਵਖੇਵਾਂ ਕੋਈ ਫਰਕ ਨਹੀਂ ਪਾਉਂਦਾ। ਗੁਰੂ ਨਾਨਕ ਦੇਵ ਜੀ ਨੇ ਇਸ

ਬਾਰੇ ਕਿੰਨਾ ਸੁੰਦਰ ਬਚਨ ਕਿਹਾ ਹੈ ਕਿ ਛੇ ਦਰਸ਼ਨ ਸ਼ਾਸਤਰ ਹਨ, ਛੇ ਹੀ ਉਨ੍ਹਾਂ ਦੇ ਕਰਤਾ ਹਨ, ਉਨ੍ਹਾਂ ਦੇ ਉਪਦੇਸ਼ ਸਿਧਾਂਤ ਵੀ ਛੇ ਹਨ। ਸਿਧਾਂਤ ਵੱਖ-ਵੱਖ ਹਨ, ਪਰ ਇਕ ਏਕਤਾ ਹੈ, ਉੱਥੇ ਜਾ ਕੇ ਉਹ ਸਾਰੇ ਹੀ ਇਕ ਹਨ। ਇਨ੍ਹਾਂ ਸਾਰੇ ਸ਼ਾਸਤਰਾਂ ਦੇ ਜੋ ਕਰਤੇ ਹਨ, ਉਨ੍ਹਾਂ ਦਾ ਗੁਰੂ ਉਨ੍ਹਾਂ ਨੂੰ ਸੋਝੀ ਦੇਣ ਵਾਲਾ, ਮੱਤ ਦੇਣ ਵਾਲਾ, ਪ੍ਰਮਾਤਮਾ ਇਕ ਹੈ, ਵਖੇਵਾਂ ਵੇਸਾਂ ਦਾ ਹੈ। ਵੇਸ ਪਹਿਨਣ ਵਾਲਾ ਇਕ ਹੈ। ਗੱਲ ਇਕ ਦੀ ਹੈ। ਕੋਈ ਸਫੈਦ ਰੰਗ ਦਾ ਕਹੇ, ਕੋਈ ਪੀਲੇ ਦਾ, ਕੋਈ ਬਖਸ਼ੰਦ ਕਹੇ, ਕੋਈ ਇਨਸਾਫ਼ ਨਿਆਂ ਵਾਲਾ ਕਹੇ, ਗੱਲ ਇਕ ਦੀ ਹੈ।

*ਛਿਅ ਘਰ ਛਿਅ ਗੁਰ ਛਿਅ ਉਪਦੇਸ।*
*ਗੁਰੁ ਗੁਰੁ ਏਕੋ ਵੇਸ ਅਨੇਕ॥*

ਰਾਗ ਆਸਾ ਮ: ੧ ਪੰਨਾ ੧੨

*ਅਲਹ ਅਭੇਖ ਸ਼ੋਈ ਪੁਰਾਨ ਔ ਕੁਰਾਨ ਓਹੀ*
*ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।*

ਦਸਮ ਗ੍ਰੰਥ

ਧਾਰਮਕ ਗ੍ਰੰਥਾਂ ਬਾਰੇ ਦੂਸਰਿਆਂ ਨੂੰ ਭੜਕਾਉਣਾ ਜਾਂ ਉਨ੍ਹਾਂ ਦੀ ਗਲਤ ਵਰਤੋਂ ਕਰਨੀ, ਇਹ ਧਾਰਮਕ ਬੰਦਿਆਂ ਦਾ ਕੰਮ ਨਹੀਂ। ਇਹ ਘਟੀਆ ਰਾਜਨੀਤਕ ਬੰਦਿਆਂ ਦਾ ਕੰਮ ਹੈ। ਸਿੱਖ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਹੈ ਕਿ ਸਰਹਿੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸੂਬਾ ਵਜ਼ੀਰ ਖਾਂ ਦੀ ਕਚਹਿਰੀ ਵਿਚ ਖੜ੍ਹੇ ਹਨ। ਵਜ਼ੀਰ ਖਾਂ ਸਤਿਗੁਰਾਂ ਦੀ ਮਾਤਾ ਤੇ ਬੱਚਿਆਂ ਨੂੰ ਮਾਰਨਾ ਚਾਹੁੰਦਾ ਸੀ, ਪਰ ਰਾਜਨੀਤਕ ਬੰਦਾ ਸੀ, ਉਸਨੇ ਚਾਹਿਆ ਕਿ ਮੈਂ ਇਨ੍ਹਾਂ ਨੂੰ ਮਾਰ ਵੀ ਦੇਵਾਂ ਤੇ ਚੰਗਾ ਹੋਵੇ, ਕਿ ਮੇਰੀ ਇਸ ਵਿਚ ਬਦਨਾਮੀ ਵੀ ਨਾ ਹੋਵੇ।

ਉਸਨੇ ਕਾਜ਼ੀ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਇਸਲਾਮ ਪ੍ਰਚਾਰਨ ਲਈ ਸਾਡੇ ਆਗੂ ਹੋ। ਗੁਰੂ ਗੋਬਿੰਦ ਸਿੰਘ ਇਸਲਾਮ ਦੇ ਰਸਤੇ ਵਿਚ ਰੋੜਾ ਹਨ। ਹਾਲਾਂਕਿ ਇਹ ਗੱਲ ਬਿਲਕੁਲ ਹੀ ਗਲਤ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਮੁਸਲਮਾਨ ਨੂੰ ਮਸੀਤੇ ਜਾਣ ਤੋਂ ਨਹੀਂ ਰੋਕਿਆ। ਨਾ

ਹੀ ਪੂਰੀ ਜ਼ਿੰਦਗੀ ਵਿਚ ਕੋਈ ਮਸਜਿਦ ਢਾਹੀ ਹੈ। ਨਾ ਹੀ ਕਦੀ ਇਸਲਾਮ ਦੇ ਧਾਰਮਕ ਗ੍ਰੰਥ ਕੁਰਾਨ ਸ਼ਰੀਫ ਦਾ ਅਨਾਦਰ ਕੀਤਾ। ਇਥੋਂ ਤੱਕ ਕਿ ਉਨ੍ਹਾਂ ਦੀ ਬਾਣੀ ਵਿਚ ਵੀ ਕੋਈ ਐਸਾ ਸ਼ਬਦ ਨਹੀਂ ਜੋ ਕੁਰਾਨ ਦਾ ਅਨਾਦਰ ਕਰਦਾ ਹੋਵੇ। ਪਰ ਰਾਜਨੀਤਕ ਬੰਦਿਆਂ ਦੀ ਆਪਣੇ ਮਤਲਬ ਦੀ ਵਿਆਖਿਆ ਹੁੰਦੀ ਹੈ। ਵਜ਼ੀਰ ਖਾਂ ਨੇ ਕਿਹਾ, ਇਹ ਬੱਚੇ ਇਸਲਾਮ ਲਈ ਖਤਰਾ ਹਨ, ਕਿਉਂਕਿ ਇਨ੍ਹਾਂ ਦਾ ਬਾਪ ਖਤਰਾ ਹੈ। ਇਨ੍ਹਾਂ ਨੂੰ ਮਾਰ ਦੇਣ ਲਈ ਫੈਸਲਾ ਅਸੀਂ ਆਪ ਪਾਸੋਂ ਚਾਹੁੰਦੇ ਹਾਂ। ਉਸ ਨੂੰ ਪੂਰੀ ਉਮੀਦ ਸੀ ਕਿ ਕਾਜ਼ੀ ਸਾਹਿਬ ਖਿੜੇ ਮੱਥੇ ਕਹਿਣਗੇ ਕਿ ਜੇ ਇਹ ਇਸਲਾਮ ਲਈ ਖਤਰਾ ਹਨ, ਤਾਂ ਕੁਰਾਨ ਆਗਿਆ ਦਿੰਦਾ ਹੈ ਕਿ ਇਨ੍ਹਾਂ ਨੂੰ ਮਾਰ ਦਿਤਾ ਜਾਵੇ। ਪਰ ਉਦੋਂ ਸਾਰਿਆਂ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਕਾਜ਼ੀ ਨੇ ਇਹ ਗੱਲ ਕਹੀ ਕਿ ਕੁਰਾਨ ਮਾਸੂਮਾਂ ਨੂੰ ਮਾਰਨ ਦੀ ਆਗਿਆ ਨਹੀਂ ਦਿੰਦਾ। ਕੁਰਾਨ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਤੇ ਮਾਤਾ ਜੀ ਨੂੰ ਰਿਹਾ ਕਰ ਦੇਣਾ ਚਾਹੀਦਾ ਹੈ। ਸੁੱਚਾ ਨੰਦ ਨੇ ਜੋ ਦਲੀਲਾਂ ਦਿੱਤੀਆਂ ਸਨ ਤੇ ਵਜ਼ੀਰ ਖਾਂ ਨੂੰ ਪ੍ਰੇਰਿਆ ਸੀ ਤੇ ਫਿਰ ਕਾਜ਼ੀ ਕੋਲੋਂ ਜੋ ਫਤਵਾ ਲਿਆ ਗਿਆ ਸੀ ਕਿ ਇਨ੍ਹਾਂ ਬੱਚਿਆਂ ਨੂੰ ਦੀਵਾਰਾਂ ਵਿਚ ਚਿਣ ਦਿਤਾ ਜਾਵੇ, ਇਕ ਗੱਲ ਕਦੀ ਨਹੀਂ ਭੁਲਣੀ ਚਾਹੀਦੀ ਕਿ ਇਹ ਫੈਸਲਾ ਧਾਰਮਕ ਨਹੀਂ ਸੀ, ਇਹ ਫੈਸਲਾ ਨਿਰੋਲ ਰਾਜਨੀਤਕ ਸੀ। ਕੁਰਾਨ ਨੇ ਇਹ ਆਗਿਆ ਨਹੀਂ ਦਿਤੀ। ਇਹ ਵਜ਼ੀਰ ਖਾਂ ਤੇ ਉਸਦੇ ਦਰਬਾਰੀਆਂ ਦੀ ਮਰਜ਼ੀ ਅਨੁਸਾਰ ਸ਼ਹਾਦਤ ਹੋਈ ਸੀ। ਕੁਰਾਨ ਅਨੁਸਾਰ ਨਹੀਂ ਸੀ ਹੋਈ। ਧਾਰਮਕ ਗ੍ਰੰਥਾਂ ਨੂੰ ਅੱਗੇ ਰੱਖ ਕੇ ਝਗੜਾ ਹੋ ਹੀ ਨਹੀਂ ਸਕਦਾ, ਇਹ ਝਗੜੇ ਰਾਜਨੀਤਕ ਬੰਦੇ ਕਰਵਾਉਂਦੇ ਹਨ ਤੇ ਵਰਤਦੇ ਹਨ ਉਨ੍ਹਾਂ ਬੰਦਿਆਂ ਨੂੰ ਜਿਨ੍ਹਾਂ ਨੂੰ ਧਾਰਮਕ ਗ੍ਰੰਥਾਂ ਬਾਰੇ ਕੋਈ ਸੋਝੀ ਨਹੀਂ। ਰਾਜਨੀਤਕ ਬੰਦਾ ਚੰਗੀ ਤਰ੍ਹਾਂ ਸਮਝਦਾ ਹੈ ਕਿ ਸਿਆਣਾ ਤੇ ਸੂਝਵਾਨ ਬੰਦਾ ਐਸੇ ਕੰਮ ਨਹੀਂ ਆ ਸਕਦਾ ਕਿ ਕਿਸੇ ਧਾਰਮਕ ਗ੍ਰੰਥ ਨੂੰ ਸਾੜ ਦੇਵੇ ਜਾਂ ਧਾਰਮਕ ਅਸਥਾਨ ਨੂੰ ਸਾੜ ਦੇਵੇ। ਰਾਜਨੀਤਕ ਬੰਦਾ ਦੂਸਰੇ ਨੂੰ ਕਿਵੇਂ ਭੁਲੇਖਾ ਪਾ ਕੇ ਝਗੜੇ ਲਈ ਉਤੇਜਤ ਕਰਦਾ ਹੈ। ਉਸ ਦਾ ਢੰਗ ਇਹ ਹੈ ਕਿ ਜੇ ਤੁਸੀਂ ਦੂਸਰੇ ਦਾ ਧਾਰਮਕ ਗ੍ਰੰਥ ਨਾ ਸਾੜਿਆ ਤਾਂ ਤੁਹਾਡਾ ਗ੍ਰੰਥ ਖਤਰੇ ਵਿਚ ਹੈ। ਜੇ ਤੁਸੀਂ

ਦੂਸਰੇ ਦੇ ਧਾਰਮਕ ਅਸਥਾਨ ਨੂੰ ਨਾ ਸਾੜਿਆ ਤਾਂ ਤੁਹਾਡਾ ਧਾਰਮਕ ਅਸਥਾਨ ਖਤਰੇ ਵਿਚ ਹੈ। ਗੁਰੂ ਨਾਨਕ ਦੇਵ ਜੀ ਇਥੋਂ ਤੱਕ ਕਹਿੰਦੇ ਹਨ ਕਿ ਧਾਰਮਕ ਗ੍ਰੰਥਾਂ ਤੇ ਪੋਥੀਆਂ ਦੇ ਬਚਨਾਂ ਨੂੰ ਜੇ ਮੰਨ ਕੇ ਕਮਾਈ ਕਰੀਏ, ਤਾਂ ਰੱਬ ਦਾ ਭੈਅ ਹਿਰਦੇ ਵਿਚ ਪੈਦਾ ਹੁੰਦਾ ਹੈ। ਫਿਰ ਸੱਚ ਨਾਲ ਸਾਂਝ ਬਣਦੀ ਹੈ ਤੇ ਹਿਰਦੇ ਵਿਚ ਇਕ ਐਸਾ ਦੀਵਾ ਜਗ ਜਾਂਦਾ ਹੈ ਜਿਸ ਨਾਲ ਆਤਮਕ ਸੂਝ ਵਿਚ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ, ਰੱਬ ਮਿਲਦਾ ਹੈ।

ਸਾਹਿਬ ਫਰਮਾਉਂਦੇ ਨੇ :

*ਪੋਥੀ ਪੁਰਾਣ ਕਮਾਈਐ॥*
*ਭਉ ਵਟੀ ਇਤੁ ਤਨਿ ਪਾਈਐ॥*
*ਸਚ ਬੂਝਣੁ ਆਣਿ ਜਲਾਈਐ॥*
*ਇਹੁ ਤੇਲੁ ਦੀਵਾ ਇਉਂ ਜਲੈ।*
*ਕਰਿ ਚਾਨਣੁ ਸਾਹਿਬ ਤਉ ਮਿਲੈ।*

ਸਿਰੀ ਰਾਗ ਮ: ੧ ਪੰਨਾ ੨੫

ਇਕ ਇਤਿਹਾਸਕ ਘਟਨਾ ਹੈ ਕਿ ਸਿਕੰਦਰੀਆ ਵਿਚ ਇਕ ਖਲੀਫ਼ਾ ਪੁੱਜਦਾ ਹੈ ਤੇ ਜਾ ਕੇ ਲਾਇਬ੍ਰੇਰੀਅਨ ਨੂੰ ਕਹਿੰਦਾ ਹੈ ਕਿ ਜੋ ਤੇਰੇ ਗ੍ਰੰਥਾਂ ਵਿਚ ਹੈ, ਮੈਂ ਸਮਝਣਾ ਚਾਹੁੰਦਾ ਹਾਂ। ਅੱਗੋਂ ਲਾਇਬ੍ਰੇਰੀਅਨ ਨੇ ਉੱਤਰ ਦਿੱਤਾ, ਕਿ ਜੋ ਕੁਰਾਨ ਵਿਚ ਹੈ ਸਭ ਕੁਝ ਇਨ੍ਹਾਂ ਕਿਤਾਬਾਂ ਵਿਚ ਹੈ। ਲਾਇਬ੍ਰੇਰੀਅਨ ਚੰਗੀ ਤਰ੍ਹਾਂ ਸਮਝਦਾ ਸੀ ਕਿ ਇਸ ਸੱਜਣ ਦੇ ਇਕ ਹੱਥ ਵਿਚ ਕੁਰਾਨ ਹੈ ਦੂਸਰੇ ਹੱਥ ਵਿਚ ਬਲਦੀ ਮਸ਼ਾਲ ਹੈ। ਇਹਨਾਂ ਕਿਤਾਬਾਂ ਦੀ ਖੈਰ ਨਹੀਂ। ਉਹ ਸਮਝਦਾ ਸੀ ਕਿ ਹਰ ਕਿਤਾਬ ਦੀ ਆਪਣੀ ਵਿਲੱਖਣਤਾ ਹੈ, ਆਪਣੀ ਖੂਬੀ ਹੈ। ਪਰ ਉਸਨੇ ਉਹ ਪੁਸਤਕਾਂ ਬਚਾਉਣ ਲਈ ਕਿਹਾ। ਹਾਂ ਜੋ ਕੁਰਾਨ ਵਿਚ ਹੈ, ਉਹੀ ਕੁਝ ਇਨ੍ਹਾਂ ਕਿਤਾਬਾਂ ਵਿਚ ਹੈ। ਖਲੀਫੇ ਨੇ ਕਿਹਾ ਫਿਰ ਇੰਨੀਆਂ ਕਿਤਾਬਾਂ ਦੀ ਲੋੜ ਨਹੀਂ, ਇਕ ਹੀ ਕਾਫੀ ਹੈ। ਜੇ ਇਨ੍ਹਾਂ ਵਿਚ ਉਹ ਕੁਝ ਨਹੀਂ ਜੋ ਕੁਰਾਨ ਵਿਚ ਹੈ ਤਾਂ ਵੀ ਇਨ੍ਹਾਂ ਦੀ ਲੋੜ ਨਹੀਂ। ਦੋਹਾਂ ਹਾਲਤਾਂ ਵਿਚ ਹੀ ਇਨ੍ਹਾਂ ਨੂੰ ਸਾੜ ਦਿਤਾ ਜਾਏਗਾ। ਉਸਨੇ ਲਾਇਬ੍ਰੇਰੀ ਨੂੰ ਅੱਗ ਲਾ ਦਿਤੀ ਜੋ ਕਿ ਇਤਿਹਾਸਕਾਰਾਂ

ਦੇ ਕਥਨ ਅਨੁਸਾਰ ਛੇ ਮਹੀਨੇ ਤੱਕ ਸੜਦੀ ਰਹੀ। ਸਾਰੀ ਦੁਨੀਆ ਦੇ ਜਿੰਨੇ ਧਾਰਮਕ ਗ੍ਰੰਥ ਹਨ, ਇਨ੍ਹਾਂ ਨੂੰ ਇਕ ਥਾਂ ਤੇ ਰੱਖ ਦਿਓ ਤਾਂ ਇਨ੍ਹਾਂ ਦਾ ਕੋਈ ਝਗੜਾ ਨਹੀਂ। ਝਗੜਾ ਜੇਕਰ ਕੋਈ ਹੈ ਤਾਂ ਉਹ ਬੰਦਿਆਂ ਦੇ ਹੰਕਾਰ ਦਾ ਹੈ। ਬੰਦਾ ਹੰਕਾਰ ਵਿਚ ਏਨਾ ਅੰਨ੍ਹਾ-ਬੋਲਾ ਹੋ ਜਾਂਦਾ ਹੈ ਕਿ ਉਹ ਇਕ ਸ਼ਬਦ ਵੀ ਸੁਣਦਾ ਨਹੀਂ। ਇਸ ਦੇ ਅੰਦਰ ਸਤ ਦੀ ਸੋਝੀ ਨਹੀਂ ਹੁੰਦੀ, ਸਗੋਂ ਰੌਲਾ-ਗੌਲਾ ਹੀ ਹੁੰਦਾ ਹੈ। ਹੰਕਾਰੀ ਤੇ ਮਾਇਆਧਾਰੀ ਬਾਰੇ ਬਾਣੀ ਵਿਚ ਲਿਖਿਆ ਹੈ :

*ਮਾਇਆਧਾਰੀ ਅਤਿ ਅੰਨਾ ਬੋਲਾ।*
*ਸਬਦੁ ਨਾ ਸੁਣਈ ਬਹੁ ਰੋਲ ਘਚੋਲਾ।।*

ਮ: ੩ ਗਉੜੀ ਕੀ ਵਾਰ ਪੰਨਾ ੩੧੩

ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿਚ ਕਿੰਨੀ ਵਿਸ਼ਾਲਤਾ ਹੈ, ਉਹ ਸ਼ਬਦ ਨੂੰ ਸੁਣਦੇ ਹਨ, ਸੁਣਾਉਂਦੇ ਹਨ, ਸਮਝਦੇ ਹਨ। ਸਾਂਖ ਸ਼ਾਸਤਰ ਦਾ ਕਰਤਾ ਰੱਬ ਨੂੰ ਮੰਨਦਾ ਹੀ ਨਹੀਂ, ਕਪਲ ਮਨੁੱਖ ਦੀ ਸਾਧਨਾ ਤੇ ਜ਼ੋਰ ਦੇਂਦਾ ਹੈ। ਉਹ ਹਰ ਗੱਲ ਦੋ ਤੇ ਦੋ ਚਾਰ ਵਾਂਗੂੰ ਕਰਦਾ ਹੈ। ਸਾਂਖ ਦਾ ਅਰਥ ਹੀ ਹੈ ਸੰਖਿਆ। ਲੇਖਾ-ਪੱਤਾ ਗਿਣਤੀ। ਉਥੇ ਰੱਬ ਲਈ ਕੋਈ ਥਾਂ ਹੀ ਨਹੀਂ। ਬਿਆਸ ਵਿਦਾਂਤ ਵਿਚ ਕਹਿੰਦਾ ਹੈ, ਰੱਬ ਹੈ, ਰੱਬ ਤੋਂ ਬਿਨਾਂ ਕੁਝ ਹੈ ਹੀ ਨਹੀਂ, ਬਾਕੀ ਸਭ ਮਿਥਿਆ ਹੈ। ਭਰਮ ਭੁਲੇਖਾ ਹੈ। ਗੁਰੂ ਨਾਨਕ ਦੇਵ ਕਹਿੰਦੇ ਹਨ, ਦੋਵੇਂ ਇਕ ਦੇ ਬੋਲਾਇ ਹੀ ਬੋਲਦੇ ਹਨ। ਗੁਰੂ ਸਾਹਿਬ ਤਾਂ ਆਸਤਕ ਗ੍ਰੰਥ ਨੂੰ ਤੇ ਨਾਸਤਕ ਗ੍ਰੰਥ ਦੋਵਾਂ ਨੂੰ ਹੀ ਦੋ ਦੀਵੇ ਸਮਝਦੇ ਹਨ। ਜਿਨ੍ਹਾਂ ਦੀ ਰੌਸ਼ਨੀ ਇਕ ਹੈ। ਨਾਸਤਕ ਗ੍ਰੰਥ ਕਹਿੰਦਾ ਹੈ, ਰੱਬ ਕਿੱਥੇ ਹੈ। ਆਖਰ ਇਹ ਕਹਿਣਾ ਵੀ ਤਾਂ ਰੱਬ ਦੀ ਖੋਜ ਵੱਲ ਪ੍ਰੇਰਣਾ ਦਿੰਦਾ ਹੈ। ਚੁਣੌਤੀ ਦਿੰਦਾ ਹੈ ਕਿ ਕੋਈ ਖੋਜੇ ਕਿ ਰੱਬ ਕਿੱਥੇ ਹੈ। ਨਾਸਤਕ ਇਹੀ ਕਹਿੰਦਾ ਹੈ, ਕਿੱਥੇ ਹੈ ਤੁਹਾਡਾ ਰੱਬ। ਇਸ ਚੁਣੌਤੀ ਨੂੰ ਪ੍ਰਵਾਨ ਕਰ ਕੇ ਕੋਈ ਖੋਜ ਵੱਲ ਪੈ ਗਿਆ ਤੇ ਪ੍ਰਾਪਤੀ ਹੋ ਗਈ। ਉਸ ਨੇ ਕਹਿ ਦਿੱਤਾ ਕਿ ਉਹ ਕਿਹੜੀ ਥਾਂ ਹੈ, ਜਿੱਥੇ ਰੱਬ ਨਹੀਂ। ਪਹਿਲਾ ਨਾਸਤਕ ਗ੍ਰੰਥ ਪ੍ਰਸ਼ਨ ਹੈ। ਦੂਸਰਾ ਆਸਤਕ ਗ੍ਰੰਥ ਉੱਤਰ ਹੈ।

*ਹਕੀਕਤ ਵਿਚ ਰੱਬ ਤੋਂ ਬਿਨਾਂ ਕੁਝ ਹੋਰ ਵੀ ਹੈ, ਮੈਨੂੰ ਪ੍ਰਵਾਨ ਨਹੀਂ।*
*ਦਰ ਹਕੀਕਤ ਗੈਰ ਹਕ, ਮਨਜ਼ੂਰੇ ਨੇਸਤ।*

ਇਕ ਗ੍ਰੰਥ ਖੋਜ ਵੱਲ ਤੋਰ ਰਿਹਾ ਹੈ, ਇਕ ਦਰਸ਼ਨ ਕਰਵਾ ਰਿਹਾ ਹੈ। ਦੋਵੇਂ ਹੀ ਦੀਵੇ ਹਨ। ਮਕਸਦ ਤਾਂ ਦੋਵਾਂ ਦਾ ਇਕ ਹੈ, ਰੌਸ਼ਨੀ ਤਾਂ ਦੋਵਾਂ ਦੀ ਇਕ ਹੈ। ਬੜੀ ਵਿਚਾਰਨ ਵਾਲੀ ਗੱਲ ਹੈ ਕਿ ਖੋਜ ਤੋਂ ਬਿਨਾਂ, ਅਨੁਭਵ ਤੋਂ ਬਿਨਾਂ, ਕੋਈ ਬੰਦਾ ਕਹਿੰਦਾ ਹੈ ਕਿ ਪ੍ਰਮਾਤਮਾ ਹੈ। ਮੈਂ ਪ੍ਰਮਾਤਮਾ ਨੂੰ ਮੰਨਦਾ ਹਾਂ, ਐਸਾ ਬੰਦਾ ਰੇਤ ਦੀ ਦੀਵਾਰ ਵਾਂਗੂੰ ਹੈ ਜਿਹੜੀ ਕਿਸੇ ਵੇਲੇ ਵੀ ਟੁੱਟ ਸਕਦੀ ਹੈ, ਗਿਰ ਸਕਦੀ ਹੈ। ਜਿਸ ਬੰਦੇ ਦਾ ਕੋਈ ਅਨੁਭਵ ਹੀ ਨਹੀਂ, ਸੁਣੀ ਸੁਣਾਈ ਗੱਲ ਕਰ ਰਿਹਾ ਹੈ, ਕਿਸੇ ਦੂਸਰੇ ਨੇ ਪ੍ਰਬਲ ਦਲੀਲ ਦੇ ਦਿੱਤੀ ਤਾਂ ਪਹਿਲਾ ਵਿਸ਼ਵਾਸ਼ ਗਿਰ ਜਾਏਗਾ। ਪਰ ਅਨੁਭਵ ਤੋਂ ਬਾਅਦ ਜੋ ਸ਼ਰਧਾ ਬਣਦੀ ਹੈ, ਉਸ ਦੇ ਗਿਰਨ ਦਾ, ਟੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਨਾਸਤਕ ਤੇ ਨਾਸਤਕ ਦਾ ਗ੍ਰੰਥ ਜੋ ਕਹਿ ਰਿਹਾ ਹੈ, ਕਿੱਥੇ ਹੈ ਤੁਹਾਡਾ ਰੱਬ, ਇਹ ਤਾਂ ਬੰਦੇ ਨੂੰ ਖੋਜ ਵੱਲ ਤੋਰ ਰਿਹਾ ਹੈ। ਉਹ ਬੰਦਾ ਬੜਾ ਹੀ ਨਿਕੰਮਾ ਹੋਵੇਗਾ, ਜਿਹੜਾ ਐਸੀ ਗੱਲ ਸੁਣ ਕੇ ਜਾਂ ਪੜ੍ਹ ਕੇ ਹੱਥ ਤੇ ਹੱਥ ਧਰ ਕੇ ਬੈਠ ਜਾਏ ਕਿ ਰੱਬ ਹੈ ਹੀ ਨਹੀਂ। ਖੋਜਣ ਦੀ ਕੀ ਲੋੜ ਹੈ। ਧਾਰਮਕ ਬੰਦਾ ਤਾਂ ਇਹ ਗੱਲ ਪੜ੍ਹ ਕੇ ਖੋਜ ਕੇ ਆਪ ਵੀ ਪ੍ਰਤੱਖ ਦਰਸ਼ਨ ਕਰਦਾ ਹੈ, ਤੇ ਦੂਸਰੇ ਨੂੰ ਵੀ ਕਰਾਉਂਦਾ ਹੈ। ਇਹ ਸੱਚ ਹੈ ਕਿ ਹਰਨਾਖਸ਼ ਦੀ ਚੁਣੌਤੀ ਨੇ ਪ੍ਰਹਿਲਾਦ ਨੂੰ ਭਗਤ ਬਣਾ ਦਿੱਤਾ ਤੇ ਪ੍ਰਮਾਤਮਾ ਅੰਗ ਸੰਗ ਨਜ਼ਰ ਆਉਣ ਲੱਗ ਪਿਆ। ਹਰਨਾਖਸ਼ ਕਹਿ ਰਿਹਾ ਸੀ, ਕਿੱਥੇ ਹੈ ਤੇਰਾ ਪ੍ਰਮਾਤਮਾ! ਪ੍ਰਹਿਲਾਦ ਦੀ ਖੋਜ ਨੇ ਦੱਸ ਦਿੱਤਾ ਕਿ ਆਹ ਹੈ ਮੇਰਾ ਪ੍ਰਮਾਤਮਾ।

ਆਸਤਕ ਗ੍ਰੰਥ ਤੇ ਨਾਸਤਕ ਗ੍ਰੰਥ ਕੋਈ ਵੀ ਗ੍ਰੰਥ ਸਾੜਨ ਯੋਗ ਨਹੀਂ, ਬਲਕਿ ਖੋਜਣ ਯੋਗ ਹਨ। ਇਹ ਦੋ ਦੀਵੇ ਹਨ ਜਿਨ੍ਹਾਂ ਦੀ ਜੋਤ ਇਕ ਹੈ।

# 11

ਇਕ ਐਸੀ ਕਹਾਣੀ ਹੈ ਕਿ ਨਰਕ ਸਵਰਗ ਦੋਵੇਂ ਹੀ ਇਕੱਠੇ ਸਨ। ਇਕੱਠੇ ਹੀ ਹੋਣਗੇ। ਕਿਸੇ ਨੇ ਜੇ ਚਿੱਤਰ ਵੀ ਬਣਾਇਆ ਹੈ ਤਾਂ ਨਰਕ ਸਵਰਗ ਦਾ ਇਕੱਠਾ ਹੀ ਬਣਾਇਆ ਹੈ। ਨਰਕ ਤੇ ਸਵਰਗ ਦੇ ਵਿਚ ਇਕ ਦੀਵਾਰ ਸੀ। ਕਿਸੇ ਕਾਰਨ ਦੀਵਾਰ ਢਹਿ ਗਈ। ਦੀਵਾਰ ਦੇ ਢਹਿਣ ਦੀ ਦੇਰ ਸੀ ਜਿੰਨੇ ਨਰਕੀ ਜੀਵ ਸਨ, ਉਹ ਸਾਰੇ ਹੀ ਦੌੜ ਕੇ ਸਵਰਗਾਂ 'ਚ ਅਤੇ ਸਵਰਗਾਂ ਵਾਲੇ ਜਿੰਨੇ ਜੀਵ ਸਨ ਉਹ ਸਾਰੇ ਹੀ ਦੌੜ ਕੇ ਨਰਕਾਂ ਵਿਚ ਚਲੇ ਗਏ, ਕਿਉਂਕਿ ਨਰਕੀਆਂ ਦੇ ਸ਼ੋਰ ਵਿਚ ਸਵਰਗੀ ਕਿਵੇਂ ਰਹਿਣ। ਦੀਵਾਰ ਫਿਰ ਠੀਕ ਹੋ ਗਈ ਪਰ ਹੈਰਾਨੀ ਦੀ ਗੱਲ ਕਿ ਜਿਧਰ ਨਰਕੀ ਆਏ ਉਨ੍ਹਾਂ ਦਾ ਸਾਰਾ ਸਾਮਾਨ ਵੀ ਉੱਧਰ ਪੁੱਜ ਗਿਆ। ਜਿਧਰ ਸਵਰਗੀ ਆਏ ਉਨ੍ਹਾਂ ਦਾ ਸਾਮਾਨ ਉੱਧਰ ਪੁੱਜ ਗਿਆ। ਜਿਧਰ ਨਰਕੀ ਪੁੱਜੇ, ਸਵਰਗ ਨਰਕ ਬਣ ਗਿਆ। ਜਿਧਰ ਸਵਰਗੀ ਪੁੱਜੇ ਸਨ, ਉਹ ਨਰਕ ਫਿਰ ਸਵਰਗ ਬਣ ਗਿਆ।

ਇਹ ਕਹਾਣੀ ਆਪਣੇ ਵਿਚ ਬੜੀ ਵੱਡੀ ਰਮਜ਼ ਲੁਕਾਈ ਬੈਠੀ ਹੈ ਕਿ ਨਰਕ ਤੇ ਸਵਰਗ ਥਾਂ ਨਹੀਂ ਸਗੋਂ ਮਨ ਦੀਆਂ ਦੋ ਹਾਲਤਾਂ ਹਨ। ਨਰਕੀ ਬੰਦਾ ਮਹਾਨ ਦੁਖੀ ਹੈ ਤੇ ਸਵਰਗੀ ਬੰਦਾ ਬਹੁਤ ਹੀ ਸੁਖੀ ਹੈ। ਇਹ ਦੁੱਖ ਤੇ ਸੁੱਖ ਮਨ ਦੀਆਂ ਦੋ ਹਾਲਤਾਂ ਹਨ। ਸਵਰਗੀ ਜਿੱਥੇ ਜਾਏਗਾ ਉਸਦਾ ਮਨ ਤੇ ਮਨ ਦਾ ਸੁੱਖ ਨਾਲ ਹੀ ਜਾਏਗਾ। ਕਿੰਨੇ ਵੀ ਬੁਰੇ ਥਾਂ ਤੇ ਉਸ ਨੂੰ ਬਿਠਾ ਦੇਈਏ ਉਸ ਥਾਂ ਨੂੰ ਵੀ ਉਹ ਆਪਣੇ ਮਨ ਦੇ ਮੁਤਾਬਕ ਸਵਰਗ ਬਣਾ ਦੇਵੇਗਾ। ਨਰਕੀ ਬੰਦਾ ਦੁਖੀ ਬੰਦਾ ਆਪ ਜਿੱਥੇ ਜਾਵੇਗਾ ਉਸਦਾ ਦੁਖੀ ਮਨ ਵੀ ਨਾਲ ਹੀ ਜਾਵੇਗਾ। ਬਹਿਸ਼ਤ ਵਰਗੇ ਥਾਂ ਤੇ ਵੀ ਉਹ ਚਲਾ ਜਾਵੇ ਉਸ, ਥਾਂ ਨੂੰ ਵੀ ਉਹ ਨਰਕ ਬਣਾ ਦੇਵੇਗਾ, ਕਿਉਂਕਿ

ਨਰਕੀ ਮਨ ਉਸਦੇ ਪਾਸ ਹੈ। ਜਿੱਥੇ ਵੀ ਜਾਵੇਗਾ ਉਸ ਦਾ ਦੁੱਖ ਉਸਦੇ ਨਾਲ ਹੀ ਹੋਵੇਗਾ। ਕਹਾਣੀ ਐਸੀ ਹੈ ਕਿ ਧਰਮ ਰਾਜ ਦੇ ਹੁਕਮ ਮੁਤਾਬਿਕ ਜਮਦੂਤਾਂ ਨੇ ਸਵਰਗੀਆਂ ਦਾ ਸਾਮਾਨ ਨਰਕਾਂ ਵਿਚ ਪਹੁੰਚਾ ਦਿੱਤਾ ਤੇ ਨਰਕੀਆਂ ਦਾ ਸਾਮਾਨ ਸਵਰਗਾਂ ਵਿਚ ਪਹੁੰਚਾ ਦਿੱਤਾ। ਪਰ ਜਾਪਦਾ ਇੰਜ ਹੈ ਕਿ ਨਰਕੀ ਤੇ ਸਵਰਗੀ ਆਪਣਾ ਆਪ ਹੀ ਨਾਲ ਲੈ ਜਾਂਦੇ ਹਨ। ਨਰਕੀ ਦਾ ਨਰਕ ਨਾਲ ਹੈ, ਸਵਰਗੀ ਦਾ ਸਵਰਗ ਉਸਦੇ ਨਾਲ ਹੈ। ਨਰਕ ਦੁੱਖ ਹੈ, ਸਵਰਗ ਸੁੱਖ ਹੈ। ਦੁਖ ਸੁਖ ਦੇ ਵੀ ਕੁਝ ਪ੍ਰਕਾਰ ਹਨ। ਨਰਕਾਂ, ਸਵਰਗਾਂ ਦੇ ਵੀ ਕੁਝ ਪ੍ਰਕਾਰ ਹਨ। ਇਸ ਲਈ ਕਿਸੇ ਸੱਤ ਨਰਕ ਕਹੇ ਹਨ, ਕਿਸੇ ਅਠਾਰਾਂ, ਕਿਸੇ ਇੱਕੀ। ਨਰਕ ਦੁਖ ਹੈ। ਦੁਖ ਕੁਝ ਤਨ ਦੇ ਹਨ, ਕੁਝ ਮਨ ਦੇ ਹਨ। ਆਧਿ, ਬਿਆਸੀ, ਉਪਾਸੀ, ਤਿੰਨ ਪ੍ਰਕਾਰ ਦੇ ਦੁੱਖ ਹਨ। ਮਨ ਦੇ ਦੁੱਖ ਤਨ ਦੇ ਦੁੱਖ ਤੇ ਬਾਹਰੋਂ ਕਿਸੇ ਕਲੇਸ਼ ਦਾ ਗਲ ਪੈ ਜਾਣਾ। ਇਹ ਦੁੱਖ ਹਨ ਇਨ੍ਹਾਂ ਨੂੰ ਹੀ ਤਿੰਨ ਤਾਪ ਕਿਹਾ ਹੈ। ਬੰਦਾ ਦੁੱਖ ਤੋਂ ਛੁਟਕਾਰਾ ਚਾਹੁੰਦਾ ਹੈ, ਬੰਦਾ ਨਹੀਂ ਚਾਹੁੰਦਾ ਕਿ ਮੈਂ ਦੁਖੀ ਹੋਵਾਂ ਤੇ ਨਰਕ ਉਹ ਥਾਂ ਹੈ ਜਿਥੇ ਸਿਰਫ਼ ਦੁੱਖ ਹੀ ਦੁੱਖ ਹੈ। ਦੁੱਖ ਤੋਂ ਬਿਨਾਂ ਹੋਰ ਕੁਝ ਨਹੀਂ। ਨਰਕ ਐਸਾ ਦੁੱਖ ਹੈ ਕਿ ਬੰਦਾ ਉਸ ਬਾਰੇ ਸੁਣ ਕੇ ਹੈਰਾਨ ਹੋ ਜਾਂਦਾ ਹੈ। ਸੰਸਾਰ ਵਿਚ ਜਿੰਨਾ ਦੁੱਖ ਹੈ, ਇਨ੍ਹਾਂ ਤੋਂ ਛੁਟਕਾਰੇ ਲਈ ਇਕ ਰਸਤਾ ਹੈ ਕਿ ਬੰਦਾ ਜਦੋਂ ਦੁੱਖ ਬਰਦਾਸ਼ਤ ਨਾ ਕਰ ਸਕੇ ਫਿਰ ਖੁਦਕੁਸ਼ੀ ਕਰ ਲੈਂਦਾ ਹੈ। ਇਹ ਸਮਝਦਾ ਹੈ, ਹੁਣ ਮੇਰਾ ਜੀਵਣਾ ਮੁਸ਼ਕਲ ਹੈ। ਇਸ ਜੀਵਨ ਨਾਲੋਂ ਮਰ ਜਾਣਾ ਹੀ ਚੰਗਾ ਹੈ। ਜੀਵਨ ਵਿਚ ਦੁੱਖ ਹੋਵੇ, ਪਰ ਜੇ ਦੁੱਖ ਤੋਂ ਬਾਅਦ ਸੁੱਖ ਦੀ ਆਸ ਹੋਵੇ ਤਾਂ ਬੰਦਾ ਜ਼ਿੰਦਾ ਰਹਿ ਸਕਦਾ ਹੈ। ਆਸ ਬਣੀ ਰਹੇ ਕਿ ਇਕ ਦਿਨ ਸੁੱਖ ਆਏਗਾ, ਕਲ੍ਹ ਆਏਗਾ, ਅਗਲੇ ਸਾਲ ਆਏਗਾ। ਏਥੋਂ ਤੱਕ ਕਿ ਅਗਲੇ ਜਨਮ ਆਏਗਾ। ਇਸ ਆਸ ਨਾਲ ਵੀ ਕਈ ਬੰਦੇ ਜੀ ਗਏ ਹਨ। ਜਿਨ੍ਹਾਂ ਦੀ ਆਸ ਟੁੱਟ ਗਈ ਜਿਨ੍ਹਾਂ ਸਮਝ ਲਿਆ ਕਿ ਹੁਣ ਸੁੱਖ ਦੀ ਆਸ ਨਹੀਂ ਦੁੱਖ ਦਾ ਹੀ ਸਮੁੰਦਰ ਹੈ, ਜਿਸ ਨੂੰ ਤਰਨਾ ਕਠਨ ਹੈ। ਐਸੇ ਨਿਰਾਸ਼ ਬੰਦਿਆਂ ਨੇ ਕਿਸੇ ਢੰਗ ਨਾਲ ਆਪਣੇ ਆਪ ਨੂੰ ਖਤਮ ਕਰ ਲਿਆ ਹੈ। ਸੰਸਾਰ ਵਿਚੋਂ ਦੁੱਖ ਤੋਂ ਛੁਟਕਾਰਾ ਪਾਉਣ ਲਈ ਇਕ ਦਰਵਾਜ਼ਾ ਹੈ, ਜਿਸਨੂੰ

ਕਹਿੰਦੇ ਹਾਂ ਮੌਤ। ਪਰ ਨਰਕਾਂ ਤੋਂ ਛੁਟਕਾਰਾ ਪਾਉਣ ਲਈ ਤਾਂ ਮੌਤ ਵੀ ਕੰਮ ਨਹੀਂ ਆਉਂਦੀ। ਬੰਦੇ ਨੂੰ ਦੁੱਖ ਹੀ ਦੁੱਖ ਹਨ, ਅੱਗ ਹੈ, ਸੜਦਾ ਹੈ, ਆਰਿਆਂ ਨਾਲ ਚੀਰਿਆ ਜਾ ਰਿਹਾ ਹੈ, ਪਰ ਮਰਦਾ ਨਹੀਂ। ਨਰਕ ਉਹ ਦੁੱਖ ਹੈ ਜਿਥੇ ਬੰਦਾ ਖੁਦਕੁਸ਼ੀ ਵੀ ਨਹੀਂ ਕਰ ਸਕਦਾ। ਇਸੇ ਵਾਸਤੇ ਇਕ ਅਦੀਬ ਨੇ ਕਿਹਾ ਹੈ :

*ਦਿਲ ਦੇ ਤੋ ਇਸ ਮਿਜ਼ਾਜ ਕਾ, ਪਰਵਰਦਗਾਰ ਦੇ।*
*ਜੋ ਰੰਜ ਕੀ ਘੜੀਆਂ ਭੀ, ਖੁਸ਼ੀ ਮੇਂ ਗੁਜ਼ਾਰ ਦੇ।*
*ਅਬ ਤੋ ਘਬਰਾ ਕੇ ਕਹਿਤੇ ਹੈਂ, ਕਿ ਮਰ ਜਾਏਂਗੇ।*
*ਮਰ ਕਰ ਭੀ ਨਾ ਚੈਨ ਪਾਇਆ, ਤੋ ਕਿਧਰ ਜਾਏਂਗੇ।*

ਮਰਨ ਤੋਂ ਬਾਅਦ ਵੀ ਜੇ ਨਰਕ ਆ ਗਿਆ ਫਿਰ ਤਾਂ ਮੌਤ ਦਾ ਰਸਤਾ ਵੀ ਕੰਮ ਨਹੀਂ ਆਏਗਾ।

ਦੁੱਖ ਤੋਂ ਬੰਦਾ ਤੰਗ ਆ ਜਾਂਦਾ ਹੈ, ਪਰ ਇਕ ਸਮਾਂ ਐਸਾ ਹੈ ਜਦੋਂ ਸੁੱਖ ਤੋਂ ਵੀ ਬੰਦਾ ਤੰਗ ਆ ਜਾਂਦਾ ਹੈ। ਫਿਰ ਸੁੱਖ ਵੀ ਬੇਕਾਰ ਹੋ ਜਾਂਦਾ ਹੈ। ਦੁੱਖ ਵੀ ਇਕ ਉਤੇਜਨਾ, ਹੈ ਸੁੱਖ ਵੀ ਇਕ ਉਤੇਜਨਾ ਹੈ। ਸੁੱਖ ਵੀ ਸਦਾ ਰਹੇ ਤਾਂ ਬੰਦਾ ਪ੍ਰੇਸ਼ਾਨ ਹੋ ਜਾਏਗਾ। ਹੈਰਾਨੀ ਦੀ ਗੱਲ ਹੈ ਕਿ ਨਰਕੀ ਤਾਂ ਭੱਜ ਕੇ ਸਵਰਗਾਂ ਵਿਚ ਆ ਗਏ ਪਰ ਸਵਰਗੀ ਭੱਜ ਕੇ ਨਰਕਾਂ ਵਿਚੋਂ ਕਿਉਂ ਚਲੇ ਗਏ। ਕਹਾਣੀ ਲਿਖਣ ਵਾਲੇ ਦਾ ਬੜਾ ਗਹਿਰਾ ਭਾਵ ਹੈ ਕਿ ਸਵਰਗੀ ਵੀ ਉੱਥੋਂ ਉਠ ਗਿਆ ਹੈ। ਵੈਸੇ ਨਰਕੀ ਬੰਦਾ ਏਨੀ ਛੇਤੀ ਪ੍ਰੇਸ਼ਾਨ ਨਹੀਂ ਹੁੰਦਾ। ਉਹ ਦੁੱਖਾਂ ਦਾ ਆਦੀ ਹੋ ਜਾਂਦਾ ਹੈ। ਸਵਰਗੀ ਬੰਦਾ ਬੜਾ ਹੀ ਕਮਜ਼ੋਰ ਹੁੰਦਾ ਹੈ। ਛੋਟੀ ਛੋਟੀ ਗੱਲ ਤੋਂ ਪ੍ਰੇਸ਼ਾਨ ਹੋ ਜਾਂਦਾ ਹੈ। ਇਕ ਵਾਰ ਖੁਰਾਸਾਨ ਵਿਚ ਦੋ ਬੰਦੇ ਫਕੀਰੀ ਲਿਬਾਸ ਵਿਚ ਪਕੜੇ ਗਏ। ਇਨ੍ਹਾਂ ਨੂੰ ਜਾਸੂਸ ਹੋਣ ਦੇ ਸ਼ੱਕ ਵਿਚ ਫੜਿਆ ਗਿਆ। ਦੋਹਾਂ ਨੂੰ ਬੰਦ ਕਰ ਦਿੱਤਾ ਗਿਆ। ਖਾਣ ਨੂੰ ਕੁਝ ਨਾ ਦਿੱਤਾ ਗਿਆ। ਚੌਥੇ ਦਿਨ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਕੀ ਵੇਖਿਆ, ਜਿਹੜਾ ਫਕੀਰ ਬੜਾ ਸੁੰਦਰ ਸੀ, ਮੋਟਾ ਤਾਜ਼ਾ ਸੀ, ਬੜਾ ਸੁਖ ਰਹਿਣਾ ਸੀ, ਉਹ ਮਰ ਚੁਕਾ ਸੀ। ਪਰ ਜਿਹੜਾ ਬੜਾ ਕਮਜ਼ੋਰ ਸੀ, ਹੱਡੀਆਂ ਨਿਕਲੀਆਂ

ਹੋਈਆਂ ਸਨ, ਬੜਾ ਕਰੂਪ ਤੇ ਡਰਾਉਣਾ ਸੀ, ਉਹ ਇਕ ਗੁੱਠੇ ਬੈਠਾ ਹੈ। ਦਰਵਾਜ਼ਾ ਖੋਲ੍ਹਿਆ ਤਾਂ ਕਮਜ਼ੋਰ ਫ਼ਕੀਰ ਬਾਹਰ ਆ ਗਿਆ। ਦੂਸਰੇ ਦੀ ਲਾਸ਼ ਨੂੰ ਚੁੱਕ ਕੇ ਬਾਹਰ ਲਿਆਉਣਾ ਪਿਆ। ਸਾਅਦੀ ਨੇ ਇਹ ਘਟਨਾ ਲਿਖੀ ਹੈ ਤੇ ਕਿਹਾ ਹੈ ਕਿ ਕਮਜ਼ੋਰ ਫ਼ਕੀਰ ਦੁੱਖ ਸਹਿਣ ਦਾ ਆਦੀ ਸੀ। ਪਰ ਸੁਖੀ ਫ਼ਕੀਰ ਬੜਾ ਕਮਜ਼ੋਰ ਸੀ। ਦੁਖੀ ਬੰਦਾ ਦੁਖ ਵਿਚ ਦੁਖੀ ਹੁੰਦਾ ਹੈ, ਪਰ ਸੁਖੀ ਬੰਦਾ ਦੁਖ ਵਿਚ ਤਾਂ ਦੁਖੀ ਹੁੰਦਾ ਹੈ, ਉਹ ਸੁਖ ਵਿਚ ਵੀ ਪ੍ਰੇਸ਼ਾਨ ਹੋ ਜਾਂਦਾ ਹੈ ਤੇ ਉਸਦਾ ਕਹਿਣਾ ਹੁੰਦਾ ਹੈ ਕਿ ਜੈਸਾ ਸੁਖ ਮੈਂ ਚਾਹੁੰਦਾ ਹਾਂ, ਮੈਨੂੰ ਨਹੀਂ ਮਿਲਿਆ। ਬਹੁਤ ਜ਼ਿਆਦਾ ਸੁਖ ਵਿਚ ਵੀ ਬੰਦਾ ਮਰ ਜਾਂਦਾ ਹੈ। ਖੁਸ਼ੀ ਵੀ ਹੱਦੋਂ ਜ਼ਿਆਦਾ ਹੋ ਜਾਵੇ ਤਾਂ ਬੰਦੇ ਦੀ ਜਾਨ ਲੈ ਲੈਂਦੀ ਹੈ। ਇਸ ਲਈ ਨਾ ਬੰਦਾ ਸੁੱਖ ਵਿਚ ਟਿਕ ਸਕਦਾ ਹੈ, ਨਾ ਹੀ ਦੁੱਖ ਵਿਚ। ਨਾ ਹੀ ਪੱਕਾ ਟਿਕਾਣਾ ਨਰਕ ਹੈ, ਨਾ ਹੀ ਸਵਰਗ ਹੈ। ਇਕ ਫ਼ਕੀਰ ਦਾ ਕਥਨ ਹੈ ਕਿ ਮੇਰੀ ਮੰਜ਼ਲ ਨਰਕ ਨਹੀਂ ਤੇ ਸਵਰਗ ਵੀ ਨਹੀਂ। ਨਾ ਹੀ ਮੈਂ ਦੋਜ਼ਖ ਵਿਚ ਟਿਕਣਾ ਹੈ, ਨਾ ਹੀ ਮੈਂ ਬਹਿਸ਼ਤ ਵਿਚ ਰਹਿਣਾ ਹੈ। ਇਹ ਥੱਕਿਆ ਹੋਇਆਂ ਦੀ ਅਰਾਮਗਾਹ ਹੈ। ਮੈਂ ਤਾਂ ਪ੍ਰਮਾਤਮਾ ਦੇ ਚਰਨਾਂ ਤੱਕ ਪੁੱਜਣਾ ਹੈ।

*ਬਾਗ਼ੇ ਫਰਦੌਸ ਹੈ ਮੰਜ਼ਲ, ਕੁਛ ਥਕੇ ਹਾਰੋਂ ਕੀ,*
*ਯੇ ਠਹਿਰਨੇ ਵਾਲੇ ਠਹਿਰ ਜਾਏਂ*
*ਹਮ ਚਲਨੇ ਵਾਲੇ ਚਲਤੇ ਹੈਂ।*

ਕਬੀਰ ਸਾਹਿਬ ਫਰਮਾਉਂਦੇ ਹਨ :

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ।*
*ਹਮ ਕਾਹੂ ਕੀ ਕਾਣਿ ਕਢਤੇ ਅਪਨੇ ਗੁਰ ਪਰਸਾਦੇ।*

ਰਾਮਕਲੀ ਕਬੀਰ ਜੀ, ਪੰਨਾ ੯੬੯

ਜਿਨ੍ਹਾਂ ਦਾ ਟਿਕਾਣਾ ਸੱਚ ਖੰਡ ਹੈ, ਉਨ੍ਹਾਂ ਨੇ ਨਰਕ ਤਾਂ ਵਿਹਲੇ ਕੀਤੇ ਹਨ। ਇਹਨਾਂ ਸਵਰਗ ਵੀ ਵਿਹਲੇ ਕਰ ਦਿੱਤੇ ਹਨ। ਰਾਜੇ ਜਨਕ ਬਾਰੇ ਪ੍ਰਚਲਤ ਕਥਾ ਹੈ ਕਿ ਉਸ ਨੇ ਨਰਕਾਂ ਤੋਂ ਜਿੰਨੇ ਪਾਪੀ ਸਨ ਉਹ ਬਾਹਰ ਕਢਵਾ ਲਏ ਸਨ। ਉਸਦੀ ਸਿਫਾਰਸ਼ ਤੇ ਨਰਕ ਵਿਹਲੇ ਹੋ ਗਏ

ਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੀਏ ਤਾਂ ਪਤਾ ਲਗਦਾ ਹੈ, ਇਹਨਾਂ ਨੇ ਸਵਰਗੀਆਂ ਨੂੰ ਵੀ ਕਿਹਾ ਹੈ, ਤੁਸੀਂ ਵੀ ਬਾਹਰ ਆ ਜਾਓ। ਨਰਕਾਂ ਵਿਚ ਨਹੀਂ ਰਹਿਣਾ। ਆਪਾਂ ਸਵਰਗਾਂ ਵਿਚ ਵੀ ਨਹੀਂ ਰਹਿਣਾ। ਅਸੀਂ ਪ੍ਰਮਾਤਮਾ ਦੀ ਹਜ਼ੂਰੀ ਤੱਕ ਪੁੱਜਣਾ ਹੈ :

*ਕਬੀਰ ਸੁਰਗ ਨਰਕ ਤੇ ਮੈਂ ਰਹਿਓ ਸਤਿਗੁਰ ਕੇ ਪਰਸਾਦਿ॥*
*ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥੧੨੦॥*
*ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥*
*ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ॥੧੨੧॥*

ਪੰਨਾ ੧੩੭੦

ਅਸਲ ਵਿਚ ਦੁੱਖ ਤੇ ਸੁੱਖ ਹੀ ਨਰਕ ਸਵਰਗ ਹਨ ਤੇ ਇਹ ਨਰਕ ਸਵਰਗ ਦੋ ਦੀਵੇ ਹਨ। ਇਨ੍ਹਾਂ ਦੀ ਜੋਤ ਇਕ ਹੀ ਹੈ। ਨਰਕ ਦਾ ਦੀਵਾ ਪ੍ਰੇਰਣਾ ਦਿੰਦਾ ਹੈ, ਅੱਗੇ ਸਵਰਗਾਂ ਵੱਲ ਜਾ, ਨਹੀਂ ਤਾਂ ਤੂੰ ਦੁਖੀ ਹੋਵੇਂਗਾ। ਸਵਰਗਾਂ ਦਾ ਦੀਵਾ ਅੱਗੇ ਜਾਣ ਲਈ ਪ੍ਰੇਰਨਾ ਦਿੰਦਾ ਹੈ ਕਿ ਘੜੀ ਆਰਾਮ ਚਾਹੁੰਦਾ ਹੈਂ ਤਾਂ ਕਰ ਲੈ, ਨਹੀਂ ਤਾਂ ਤੇਰੇ ਪੁੰਨ ਮੁੱਕ ਗਏ ਤਾਂ ਫਿਰ ਵਾਪਸ ਹੋ ਜਾਏਂਗਾ। ਅੱਗੇ ਚੱਲ ਤੇਰਾ ਟਿਕਾਣਾ ਏਥੇ ਨਹੀਂ,

*ਤੇਰੀ ਮੰਜ਼ਲ ਲਈ ਇਥੇ ਸਹੂਲਤ ਹੈ, ਪਰ ਮੰਜ਼ਲ ਨਹੀਂ।*

ਮੰਜ਼ਲ ਅੱਗੇ ਹੈ ਪਰ ਮਨੁੱਖ ਐਸਾ ਭੁਲੱਕੜ ਹੈ ਕਿ ਇਨ੍ਹਾਂ ਦੀਵਿਆਂ ਦੀ ਰੋਸ਼ਨੀ ਤੋਂ ਫਾਇਦਾ ਨਹੀਂ ਉਠਾਉਂਦਾ। ਇਹ ਕਦੀ ਸਵਰਗਾਂ ਵਿਚ, ਫਿਰ ਉਥੋਂ ਨਰਕਾਂ ਵਿਚ। ਫਿਰ ਸਵਰਗਾਂ ਵਿਚ, ਫਿਰ ਨਰਕਾਂ ਵਿਚ। ਧੁੱਪ ਤੋਂ ਛਾਂ ਵਿਚ, ਛਾਂ ਤੋਂ ਧੁੱਪ ਵਿਚ। ਗਰਮੀ ਤੋਂ ਸਰਦੀ ਵਿਚ, ਸਰਦੀ ਤੋਂ ਗਰਮੀ ਵਿਚ। ਦੁੱਖ ਤੋਂ ਸੁੱਖ ਤੱਕ, ਫਿਰ ਸੁੱਖ ਤੋਂ ਦੁੱਖ ਤੱਕ। ਇਹ ਸਾਰੀ ਉਮਰ ਰਸਤੇ ਹੀ ਬਦਲਦਾ ਰਹਿੰਦਾ ਹੈ। ਰਸਤੇ ਵਿਚ ਹੀ ਜੀਵਨ ਰੂਪੀ ਰਾਤ ਗੁਜ਼ਰ ਜਾਂਦੀ ਹੈ, ਮੰਜ਼ਲ ਤੱਕ ਪੁੱਜਦਾ ਨਹੀਂ। ਸੁੱਖ ਦੁੱਖ ਆਉਂਦੇ ਹਨ, ਨਰਕ ਆਉਂਦੇ ਹਨ, ਇਹ ਅੱਗੇ ਚਲਾ ਜਾਂਦਾ, ਸਵਰਗ ਆਉਂਦੇ ਪਰ ਇਹ ਅੱਗੇ ਚਲਾ ਜਾਂਦਾ ਤਾਂ ਮੰਜ਼ਲ ਤੱਕ ਜਾ ਪੁੱਜਦਾ। ਪਰ ਇਸ ਦੀ ਹਾਲਤ ਇਕ ਸ਼ਾਇਰ ਐਸੀ ਲਿਖਦੇ ਹਨ :

*ਕੁਛ ਰੋਤੇ ਮੇਂ ਕੱਟ ਗਈ ਕੁਛ ਆਹੋਂ ਮੇਂ ਕਟ ਗਈ,*
*ਕੁਛ ਸੋਤੇ ਮੇਂ ਕਟ ਗਈ, ਕੁਛ ਗੁਨਾਹੋਂ ਮੇਂ ਕਟ ਗਈ।*
*ਮੰਜ਼ਲ ਪੇ ਚਲਨੇ ਵਾਲੇ ਮੰਜ਼ਲ ਪੇ ਜਾ ਲਗੇ,*
*ਰਾਹੇਂ ਬਦਲਨੇ ਵਾਲੋਂ ਕੀ ਰਾਹੋਂ ਮੇਂ ਕਟ ਗਈ।*

ਜਿਨ੍ਹਾਂ ਨੂੰ ਪ੍ਰਮਾਤਮਾ ਤੱਕ ਜਾਣ ਦਾ ਚਾਅ ਹੈ ਉਹ ਕਹਿੰਦੇ ਹਨ:

*ਮੈਂ ਮਾਯੂਸ ਹੂੰ ਅਬ ਇਸ ਜਹਾਂ ਸੇ,*
*ਤੇਰੇ ਪਾਸ ਆਨੇ ਕੋ ਜੀ ਚਾਹਤਾ ਹੈ।*
*ਖਿਲੌਨੇ ਤੇਰੇ ਮੇਂ ਨਹੀਂ ਦਿਲ ਲਗਾ,*
*ਤੇਰੀ ਗੋਦ ਪਾਨੇ ਕੋ ਜੀ ਚਾਹਤਾ ਹੈ।*

ਨਰਕ ਤੋਂ ਡਰਨ ਦੀ ਲੋੜ ਨਹੀਂ, ਸਵਰਗ ਦਾ ਲੋਭ ਕਰਨ ਦੀ ਲੋੜ ਨਹੀਂ। ਸਤਿਗੁਰੂ ਦਾ ਸਿੱਖ ਲੋਭ ਤੇ ਭੈ ਦੋਹਾਂ ਵਿਚ ਨਹੀਂ ਅਟਕਦਾ। ਇਹ ਤਾਂ ਸਮਝਦਾ ਹੈ, ਨਰਕ ਤੇ ਸਵਰਗ ਦੋਵੇਂ ਦੀਵੇ ਹਨ ਜੋ ਰੌਸ਼ਨੀ ਇਕ ਹੀ ਦੇ ਰਹੇ ਹਨ। ਉਸ ਰੌਸ਼ਨੀ ਵਿਚ ਤੁਰਨਾ ਹੈ, ਨਰਕ ਦੀ ਰੌਸ਼ਨੀ ਵਿਚ ਸਵਰਗ ਤੱਕ ਤੇ ਸਵਰਗ ਦੀ ਰੌਸ਼ਨੀ ਵਿਚ ਸੱਚਖੰਡ ਤੱਕ ਪੁੱਜਣਾ ਹੈ।

# 12

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਆਕਾਸ਼ ਥਾਲ ਹੈ ਤੇ ਸੂਰਜ, ਚੰਦ੍ਰਮਾ ਦੋ ਦੀਵੇ ਹਨ। ਸੂਰਜ ਵੀ ਰੌਸ਼ਨੀ ਦਿੰਦਾ ਹੈ। ਚੰਦ੍ਰਮਾ ਵੀ ਰੌਸ਼ਨੀ ਦਿੰਦਾ ਹੈ। ਸੂਰਜ ਦੀ ਰੌਸ਼ਨੀ ਦਿਨੇ ਹੈ। ਚੰਦ੍ਰਮਾ ਦੀ ਰੌਸ਼ਨੀ ਰਾਤ ਨੂੰ ਹੈ। ਸੂਰਜ ਦੀ ਰੌਸ਼ਨੀ ਵਿਚ ਅਸੀਂ ਕੁਝ ਵੇਖਦੇ ਹਾਂ। ਸੂਰਜ ਵੱਲ ਵੇਖਣਾ ਮੁਸ਼ਕਲ ਹੈ। ਸੂਰਜ ਤਾਂ ਬੜਾ ਤੇਜ਼ ਹੈ, ਸੂਰਜ ਵੱਲ ਵੇਖਿਆਂ ਅੱਖਾਂ ਦਾ ਨੁਕਸਾਨ ਹੋ ਸਕਦਾ ਹੈ। ਸ਼ਾਇਦ ਇਸੇ ਲਈ ਇਹ ਕਹਾਣੀ ਹੈ ਕਿ ਵਿਸ਼ਕਰਮਾ ਦੀ ਪੁਤਰੀ ਜਿਸ ਦਾ ਨਾਂ ਸੰਜਨਾ ਸੀ, ਇਹ ਸੂਰਜ ਦੀ ਪਤਨੀ ਸੀ। ਇਹ ਸੂਰਜ ਦਾ ਤੇਜ਼ ਨਾ ਸਹਾਰ ਸਕੀ। ਵਿਸ਼ਕਰਮਾ ਨੇ ਕਿਹਾ ਬੇਟੀ ਕੋਈ ਫ਼ਿਕਰ ਵਾਲੀ ਗੱਲ ਨਹੀਂ। ਉਨ੍ਹਾਂ ਸੂਰਜ ਨੂੰ ਫੜਿਆ ਤੇ ਖਰਾਦ ਤੇ ਚੜ੍ਹਾ ਦਿੱਤਾ। ਉਪਰੋਂ ਉਪਰੋਂ ਇਸ ਨੂੰ ਅੱਠਵਾਂ ਹਿਸਾ ਖਰਾਦ ਦਿੱਤਾ। ਫਿਰ ਇਸ ਦਾ ਤੇਜ਼ ਸੰਜਨਾ ਬਰਦਾਸ਼ਤ ਕਰ ਸਕੀ। ਜੇ ਸਾਨੂੰ ਮਾਤ ਲੋਕ ਦੇ ਬੰਦਿਆਂ ਨੂੰ ਸੂਰਜ ਦੇ ਪਾਸ ਰਹਿਣਾ ਪਵੇ, ਫਿਰ ਤਾਂ ਜਾਪਦਾ ਹੈ ਕਿ ਵਿਸ਼ਕਰਮਾ ਨੂੰ ਹੋਰ ਮਿਹਨਤ ਕਰਨੀ ਪਵੇਗੀ, ਸੂਰਜ ਨੂੰ ਹੋਰ ਖਰਾਦਣਾ ਪਵੇਗਾ। ਅਸੀਂ ਤਾਂ ਇੰਨੀ ਦੂਰ ਬੈਠੇ, ਇਸ ਦੀ ਗਰਮੀ ਬਰਦਾਸ਼ਤ ਨਹੀਂ ਕਰ ਸਕਦੇ। ਕੋਲ ਹੋਵਾਂਗੇ ਤਾਂ ਫਿਰ ਸਾਡਾ ਪਤਾ ਨਹੀਂ ਕੀ ਹਾਲ ਹੋਵੇਗਾ। ਇਸ ਕਹਾਣੀ ਤੋਂ ਇਕ ਪਤਾ ਲਗਦਾ ਹੈ ਕਿ ਸੂਰਜ ਤੋਂ ਵੀ ਵੱਡੇ ਵੱਡੇ ਬੈਠੇ ਹਨ, ਜੋ ਸੂਰਜ ਨੂੰ ਵੀ ਠੀਕ ਕਰ ਸਕਦੇ ਹਨ। ਸੂਰਜ ਦੀ ਵੀ ਛਿੱਲ ਉਤਾਰ ਸਕਦੇ ਹਨ। ਲਿਖਿਆ ਮਿਲਦਾ ਹੈ, ਜੋ ਸੂਰਜ ਤੋਂ ਛਿਲਕੇ ਉੱਤਰੇ ਉਨ੍ਹਾਂ ਤੋਂ ਵਿਸ਼ਕਰਮਾ ਨੇ ਸ਼ਿਵ ਦਾ ਤਰਸ਼ੂਲ ਬਣਾਇਆ, ਵਿਸ਼ਨੂੰ ਦਾ ਸੁਦਰਸ਼ਨ ਚੱਕਰ ਬਣਾਇਆ ਤੇ ਕਾਰਤੀਕੇਯ ਦੀ ਬਰਛੀ ਬਣਾਈ ਅਤੇ ਹੋਰ ਕਾਫ਼ੀ ਦੇਵਤਿਆਂ ਦੇ ਸ਼ਸਤਰ ਤਿਆਰ ਕੀਤੇ, ਸੂਰਜ ਦਾ ਬੜਾ ਤੇਜ਼ ਹੈ।

ਵਿਗਿਆਨਕ ਕਹਿੰਦਾ ਹੈ ਸੂਰਜ ਅਗਨੀ ਦਾ ਗੋਲਾ ਹੈ। ਵਿਗਿਆਨ ਐਸਾ ਮੰਨਦਾ ਹੈ ਕਿ ਪ੍ਰਿਥਵੀ ਤੇ ਜੋ ਜੀਵਨ ਹੈ ਉਹ ਸੂਰਜ ਦੀ ਬਦੌਲਤ ਹੈ। ਜੇ ਸੂਰਜ ਠੰਢਾ ਹੋ ਜਾਏ ਤਾਂ ਅੱਜ ਹੀ ਪ੍ਰਿਥਵੀ ਦਾ ਸਾਰਾ ਜੀਵਨ ਠੰਢਾ ਹੋ ਜਾਏ। ਸੂਰਜ ਐਸਾ ਦੀਵਾ ਹੈ ਜੋ ਸਮੁੱਚੇ ਜੀਵਨ ਨੂੰ ਰੁਸ਼ਨਾ ਰਿਹਾ ਹੈ। ਖੇਤੀਆਂ ਇਸ ਦੇ ਸਹਾਰੇ ਪੱਕਦੀਆਂ ਹਨ। ਬਨਾਸਪਤੀ ਦੇ ਫੁੱਲ ਇਸ ਦੇ ਸਹਾਰੇ ਖਿੜਦੇ ਹਨ। ਦੂਸਰਾ ਦੀਵਾ ਹੈ ਚੰਦ੍ਰਮਾ ਜਿਸ ਦੀ ਬੜੀ ਸੁੰਦਰ ਚਾਂਦਨੀ ਹੈ। ਰਸਕ ਪੁਰਸ਼ਾਂ ਨੇ ਚੰਦ੍ਰਮਾ ਦੀ ਬੜੀ ਮਹਿਮਾ ਕੀਤੀ ਹੈ। ਚੰਦ੍ਰਮਾ ਦੀ ਚਾਂਦਨੀ ਵੀ ਵੇਖਦੇ ਹਾਂ ਤੇ ਅਸੀਂ ਸਿੱਧਾ ਚੰਦ ਵੱਲ ਵੇਖ ਸਕਦੇ ਹਾਂ। ਅੱਖਾਂ ਨੂੰ ਬੜਾ ਪਿਆਰਾ ਲਗਦਾ ਹੈ। ਚੰਦ ਵੱਲ ਵੇਖਣ ਨਾਲ ਸੂਰਜ ਵਾਲਾ ਖਤਰਾ ਨਹੀਂ। ਚੰਦ ਨੂੰ ਕਵੀਆਂ ਨੇ ਸੁਹਣਿਆਂ ਦਾ ਸਰਦਾਰ ਕਿਹਾ ਹੈ। ਜਿਸਨੂੰ ਬੜਾ ਹੀ ਸੁਹਣਾ ਕਹਿਣਾ ਹੋਵੇ, ਕਹਿੰਦੇ ਹਾਂ ਇਹ ਤਾਂ ਚੰਦ ਵਰਗਾ ਸੁਹਣਾ ਹੈ। ਇਕ ਅਦੀਬ ਦਾ ਕਥਨ ਹੈ:

*ਨਹੀਂ ਮੁਹਤਾਜ਼ ਜ਼ੇਵਰ ਕਾ, ਜਿਸੇ ਖ਼ੂਬੀ ਖ਼ੁਦਾ ਨੇ ਦੀ,*
*ਕਿ ਦੇਖੋ ਚਾਂਦ ਕੈਸਾ ਖੁਸ਼ਨੁਮਾ ਲਗਤਾ ਹੈ ਬਿਨ ਗਹਿਣੇ।*

ਸੂਰਜ ਨਾਲ ਕੋਈ ਐਸੀ ਕਹਾਣੀ ਵੀ ਨਹੀਂ ਜੁੜੀ ਜੈਸੀ ਕਿ ਅਹਿਲਿਆ ਦੀ ਕਹਾਣੀ ਚੰਦ ਨਾਲ ਜੁੜੀ ਹੈ ਤੇ ਇਸ ਨੂੰ ਦਾਗ ਲੱਗੇ ਹਨ। ਪਰ ਫਿਰ ਵੀ ਸੂਰਜ ਨੂੰ ਕਿਸੇ ਸੁਹਣਿਆਂ ਦਾ ਸਰਦਾਰ ਨਹੀਂ ਕਿਹਾ। ਚੰਦ ਨੂੰ ਹੀ ਸਾਰੇ ਸੁਹਣਿਆਂ ਦਾ ਸਰਦਾਰ ਕਹਿੰਦੇ ਹਨ। ਮਨ ਨੂੰ ਸਾਧਣ ਵਾਸਤੇ ਕੁਝ ਸਾਧਕਾਂ ਨੇ ਸੂਰਜ ਚੰਦ੍ਰਮਾ ਨੂੰ ਪ੍ਰਤੀਕ ਮੰਨਿਆ ਹੈ। ਅੰਦਰ ਦੇ ਤੇਜ਼ ਤੇ ਅੰਦਰ ਦੀ ਸ਼ਾਂਤੀ ਦੇ ਦੋ ਪ੍ਰਤੀਕ ਹਨ, ਸੂਰਜ ਤੇ ਚੰਦ੍ਰਮਾ। ਕਈਆਂ ਨੇ ਤੇਜ਼ ਨੂੰ ਪ੍ਰਵਾਨ ਨਹੀਂ ਕੀਤਾ। ਉਨ੍ਹਾਂ ਨੇ ਕਿਹਾ ਹੈ ਕਿ ਅੰਦਰ ਚੰਦ ਵਰਗੀ ਮਿੱਠੀ ਮਿੱਠੀ ਚਾਂਦਨੀ ਚਾਹੀਦੀ ਹੈ। ਅੰਦਰ ਤਪਸ਼ ਨਹੀਂ ਚਾਹੀਦੀ। ਕਈਆਂ ਤਪੱਸਵੀਆਂ ਨੇ ਕਿਹਾ ਹੈ ਕਿ ਸੂਰਜ ਵਰਗਾ ਤੇਜ਼ ਚਾਹੀਦਾ ਹੈ। ਇਸੇ ਵਾਸਤੇ ਉਹ ਆਪਣੇ ਆਲੇ ਦੁਆਲੇ ਅੱਗ ਬਾਲ ਕੇ ਬੈਠ ਗਏ ਸਨ। ਜਿਸ ਨੇ ਚੰਦ ਵਰਗੀ ਸ਼ਾਂਤੀ ਚਾਹੀ ਹੈ, ਉਹ ਏਨਾ ਸ਼ਾਂਤ ਹੋ ਗਿਆ ਕਿ ਕੋਈ ਕੁਝ ਵੀ ਕਹਿ ਜਾਏ, ਉਸ ਨੇ ਬੋਲਣਾ ਹੀ

ਨਹੀਂ। ਕੋਈ ਏਨਾ ਤੇਜ਼ ਹੈ ਕਿ ਛੋਟੀ ਛੋਟੀ ਗੱਲ ਤੋਂ ਨਾਰਾਜ਼ ਹੋ ਜਾਂਦਾ ਹੈ ਅਤੇ ਜਿਸ ਉੱਤੇ ਨਾਰਾਜ਼ ਹੋ ਜਾਣਾ ਹੈ ਉਸ ਨੂੰ ਏਨੀ ਸਜ਼ਾ ਦੇ ਦੇਣੀ ਹੈ ਕਿ ਉਸ ਦੀ ਕੁਲ ਹੀ ਨਾਸ਼ ਕਰ ਦੇਣ ਦਾ ਸਰਾਪ ਦੇ ਦੇਣਾ ਹੈ। ਐਸੇ ਬੰਦਿਆਂ ਦੇ ਜੀਵਨ ਵਿਚ ਸਿਰਫ਼ ਇਕ ਦੀਵਾ ਜਗਿਆ ਹੈ ਤੇ ਦੀਵੇ ਜਗਦੇ ਨੂੰ ਵੇਖੋ, ਜੇ ਇਕ ਦੀਵਾ ਹੈ ਤਾਂ ਉਸਦੇ ਆਪਣੇ ਥੱਲੇ ਅੰਧੇਰਾ ਹੀ ਹੋਵੇਗਾ। ਪਰ ਜੇ ਆਮ੍ਹੋ-ਸਾਹਮਣੇ ਦੋ ਦੀਵੇ ਜਗਦੇ ਹੋਣ ਤਾਂ ਫਿਰ ਉਨ੍ਹਾਂ ਦੇ ਥੱਲੇ ਵੀ ਅੰਧੇਰਾ ਨਹੀਂ ਹੋਵੇਗਾ। ਉਹ ਇਕ ਦੂਸਰੇ ਦਾ ਅੰਧੇਰਾ ਦੂਰ ਕਰਦੇ ਰਹਿਣਗੇ। ਰਾਜਾ ਅੰਬਰੀਕ, ਚੰਦ ਵਾਂਗੂੰ ਸ਼ਾਂਤ ਹੈ। ਦੁਰਵਾਸ਼ਾ ਰਿਸ਼ੀ ਸੂਰਜ ਵਾਂਗੂੰ ਗਰਮ ਹੈ। ਸਾਡੇ ਸਤਿਗੁਰੂ ਸਿੱਖ ਦੇ ਜੀਵਨ ਵਿਚ ਦੋਹਾਂ ਹੀ ਦੀਵਿਆਂ ਨੂੰ ਪ੍ਰਵਾਨ ਕਰਦੇ ਹਨ, ਕਿਉਂਕਿ ਸਾਡੇ ਜੀਵਨ ਵਿਚ ਦਿਨ ਵੀ ਆਉਂਦਾ ਹੈ, ਰਾਤ ਵੀ ਆਉਂਦੀ ਹੈ। ਕਰਤੇ ਨੇ ਕੁਦਰਤ ਵਿਚ ਦਿਨ ਵੀ ਬਣਾਇਆ ਹੈ, ਰਾਤ ਵੀ। ਦਿਨ ਦਾ ਦੀਵਾ ਸੂਰਜ ਹੈ, ਰਾਤ ਦਾ ਦੀਵਾ ਚੰਦ ਹੈ। ਫਿਰ ਸਾਡੇ ਜੀਵਨ ਵਿਚ ਜੇ ਦਿਨ ਤੇ ਰਾਤ ਹਨ, ਫਿਰ ਸੂਰਜ ਵੀ ਹੋਵੇਗਾ ਤੇ ਚੰਦ ਵੀ ਹੋਵੇਗਾ। ਜਿਹੜਾ ਮਨੁੱਖ ਰਾਤ ਦੇ ਦੀਵੇ ਚੰਦ੍ਰਮਾ ਦੀ ਚਾਂਦਨੀ ਨਾ ਵੇਖ ਸਕੇ, ਉਹ ਦਿਨ ਦੇ ਸੂਰਜ ਦੀ ਰੌਸ਼ਨੀ ਕਿਵੇਂ ਵੇਖ ਸਕੇਗਾ। ਨਵੇਂ ਜਨਮੇ ਬੱਚੇ ਨੂੰ ਮਾਤਾ ਥੋੜ੍ਹੀ ਦੇਰ ਬਾਅਦ ਕਹਿ ਦੇਂਦੀ ਹੈ, ਉਹ ਵੇਖ ਚੰਦ ਮਾਮਾ, ਪਰ ਅੱਜ ਤੱਕ ਕਿਸੇ ਇਹ ਨਹੀਂ ਕਿਹਾ ਔਹ ਵੇਖ ਸੂਰਜ ਮਾਮਾ। ਮਾਂ ਸਮਝਦੀ ਹੈ, ਇਹ ਅਜੇ ਸੂਰਜ ਦੀ ਤਾਬ ਨਹੀਂ ਲਿਆ ਸਕੇਗਾ। ਸੂਰਜ ਦੀ ਤ੍ਰਿੱਖੀ ਰੌਸ਼ਨੀ ਇਸ ਦੀਆਂ ਅੱਖਾਂ ਬਰਦਾਸ਼ਤ ਨਹੀਂ ਕਰ ਸਕਣਗੀਆਂ। ਅਧਿਆਤਮਕ ਤੌਰ ਤੇ ਜਦੋਂ ਰਾਤ ਹੈ, ਫਿਰ ਚੰਦ ਦੀ ਚਾਂਦਨੀ ਹੈ, ਜੋ ਧਰਮ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਸੁਣਾਵੇ। ਪਰ ਜਦੋਂ ਬੰਦਾ ਚੰਦ ਦੀ ਚਾਂਦਨੀ ਬਰਦਾਸ਼ਤ ਕਰ ਲਵੇ, ਫਿਰ ਐਸਾ ਸੂਰਜ ਚੜ੍ਹਨਾ ਚਾਹੀਦਾ ਹੈ, ਜੋ ਸਾਰਾ ਅੰਧਕਾਰ ਮਿਟਾ ਦੇਵੇ। ਗੁਰੂ ਦੇ ਵੀ ਦੋ ਰੂਪ ਹਨ। ਇਕ ਰੂਪ ਹੈ ਸੂਰਜ, ਇਕ ਰੂਪ ਹੈ ਚੰਦ੍ਰਮਾ। ਇਹ ਦੋ ਰੂਪ ਪ੍ਰਮਾਤਮਾ ਦੇ ਹਨ, ਤੇ ਪ੍ਰਮਾਤਮਾ ਪਾਸੋਂ ਹੀ ਲਏ ਹਨ :

*ਹੇ ਰਵਿ ਹੇ ਸਸਿ ਹੇ ਕਰੁਣਾ ਨਿਧਿ,*
*ਮੇਰੀ ਅਬੈ ਬੇਨਤੀ ਸੁਣ ਲੀਜੈ।*

ਦਸਮ ਗ੍ਰੰਥ

ਇਕ ਹੈ ਚੰਦ ਰੂਪ ਭਗਤੀ, ਦੂਸਰਾ ਹੈ ਸੂਰਜ ਰੂਪ ਸ਼ਕਤੀ। ਸ਼ਕਤੀ ਤੇ ਭਗਤੀ ਦੋ ਦੀਵੇ ਹਨ। ਜੋ ਮਨੁੱਖ ਨੂੰ ਇਸ ਯੋਗ ਬਣਾਉਂਦੇ ਹਨ ਕਿ ਇਹ ਪ੍ਰਮਾਤਮਾ ਦੇ ਦਰਸ਼ਨ ਕਰ ਸਕੇ।

ਵਿਗਿਆਨ ਨੇ ਸਿੱਧ ਕੀਤਾ ਹੈ ਕਿ ਇਨ੍ਹਾਂ ਦੋਹਾਂ ਦੀਵਿਆਂ ਦੀ ਇਕ ਹੀ ਜੋਤ ਹੈ, ਕਿਉਂਕਿ ਚੰਦ ਦੀ ਆਪਣੀ ਰੌਸ਼ਨੀ ਨਹੀਂ। ਇਹ ਰੌਸ਼ਨੀ ਵੀ ਸੂਰਜ ਦੀ ਹੀ ਰੌਸ਼ਨੀ ਹੈ। ਇਹ ਸੂਰਜ ਦੀ ਰੌਸ਼ਨੀ ਨਾਲ ਹੀ ਚਮਕਦਾ ਹੈ। ਫਿਰ ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਭਗਤੀ ਰੂਪੀ ਚੰਦ ਵਿਚ ਜੋ ਸੀਤਲਤਾ ਤੇ ਮਿਠਾਸ ਹੈ, ਉਹ ਉਸੇ ਸੂਰਜ ਦੀ ਹੈ। ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨਮਸਕਾਰ ਕੀਤੀ ਹੈ ਤੇ ਕਿਹਾ ਹੈ, ਤੇਰੇ ਦੋ ਰੂਪ ਹਨ, ਦੋਵੇਂ ਹੀ ਸਾਨੂੰ ਪ੍ਰਵਾਨ ਹਨ :

*ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ।*

ਜਾਪੁ ਸਾਹਿਬ

ਤੂੰ ਸ਼ਾਂਤ ਸਰੂਪ ਹੈਂ, ਤੈਨੂੰ ਨਮੋ ਹੈ, ਤੂੰ ਆਪ ਹੀ ਤੇਜ਼ ਰੂਪ ਹੈਂ, ਸੂਰਜ ਰੂਪ ਹੈਂ, ਤੈਨੂੰ ਸਾਡੀ ਨਮਸਕਾਰ ਹੈ।

ਕਬੀਰ ਸਾਹਿਬ ਨੇ ਵੀ ਇਨ੍ਹਾਂ ਦੋ ਦੀਵਿਆਂ ਦੀ ਇਕੋ ਹੀ ਜੋਤ ਦੱਸੀ ਹੈ :

*ਸੂਰਜ ਚੰਦੁ ਕਰਹਿ ਉਜੀਆਰਾ।*
*ਸਭ ਮਹਿ ਪਸਰਿਆ ਬ੍ਰਹਮ ਪਸਾਰਾ।*

ਗਉੜੀ ਕਬੀਰ ਜੀ ਪੰਨਾ ੩੨੯

ਸੂਰਜ ਤੋਂ ਬਿਨਾਂ ਚੰਦ ਕੁਝ ਨਹੀਂ ਤੇ ਜੇ ਨਿਰਾ ਸੂਰਜ ਹੀ ਹੋਵੇ, ਫਿਰ ਰਾਤ ਦੀ ਕੋਈ ਰੌਣਕ ਨਹੀਂ ਰਹਿ ਜਾਂਦੀ। ਰੌਣਕ ਤੇ ਰਸ ਤਾਂ ਚੰਦ੍ਰਮਾ ਨੇ ਦੇਣਾ ਹੈ, ਜੀਵਨ ਤੇ ਤੇਜ਼ ਸੂਰਜ ਨੇ ਦੇਣਾ ਹੈ।

ਇਹ ਦੋ ਦੀਵੇ ਹਨ ਸ਼ਕਤੀ ਤੇ ਭਗਤੀ ਦੇ, ਇਨ੍ਹਾਂ ਦੀ ਰੌਸ਼ਨੀ ਸਾਡੇ ਲਈ ਹੈ। ਜਦੋਂ ਇਨ੍ਹਾਂ ਦੀਵਿਆਂ ਦੀ ਰੌਸ਼ਨੀ ਵਿਚ ਤੁਰਾਂਗੇ ਤਾਂ ਉਸ ਪ੍ਰਮਾਤਮਾ ਤੱਕ ਜਾ ਪੁੱਜਾਂਗੇ, ਜੋ ਤੇਜ਼ ਦਾ ਭੰਡਾਰ ਹੈ, ਜੋ ਸ਼ਾਂਤੀ ਦਾ ਭੰਡਾਰ ਹੈ। ਉਸਦੇ ਹੁਕਮ ਕੀ ਕੀ ਹਨ?

ਭਾਈ ਗੁਰਦਾਸ ਜੀ ਲਿਖਦੇ ਹਨ :

*ਸਤਿਗੁਰ ਸੱਚਾ ਸ਼ਾਹ ਹੈ ਤ੍ਰਿਭਵਨ ਜਗ ਤਿਸ ਦਾ ਵਨਜਾਰਾ।*
*ਰਤਨ ਪਦਾਰਥ ਬੇਸ਼ੁਮਾਰ ਭਾਉ ਭਗਤ ਲਖ ਭਰੇ ਭੰਡਾਰਾ।*
*ਲਖਮੀਆਂ ਲਖ ਗੋਲੀਆ, ਪਾਰਸ ਦੇ ਪਰਬਤ ਅੰਬਾਰਾ।*
*ਪਾਰਜਾਤ ਲਖ ਬਾਗ ਵਿਚ ਕਾਮ ਧੇਨ ਦੇ ਵਗ ਹਜ਼ਾਰਾ।*
*ਲਖ ਅੰਮ੍ਰਿਤ ਲਖ ਇੰਦ੍ਰ ਲੈ ਹੋਇ ਸਕੇ ਛਿੜਕਨ ਦਰਬਾਰਾ।*
*ਸੂਰਜ ਚੰਦ ਚਰਾਗ ਲਖ ਰਿਧ ਸਿਧ ਨਿਧ ਬੋਹਲ ਅੰਬਾਰਾ।*
*ਸਭੇ ਵੰਡ ਵੰਡ ਦਿਤੀਅਨ ਭਾਇ ਭਗਤ ਕਰ ਸਚ ਪਿਆਰਾ।*
*ਭਗਤ ਵਛਲ ਸਤਿਗੁਰ ਨਿਰੰਕਾਰਾ।*

ਸੂਰਜ ਚੰਦ ਦੋ ਦੀਵੇ ਹਨ, ਜੋ ਆਕਾਸ਼ ਵਿਚੋਂ ਪ੍ਰਕਾਸ਼ ਦੇ ਰਹੇ ਹਨ। ਭਗਤੀ ਤੇ ਸ਼ਕਤੀ ਦੋ ਦੀਵੇ ਮਨੁੱਖ ਦੇ ਹਿਰਦੇ ਵਿਚ ਹਨ। ਦੋਵੇਂ ਹੀ ਜ਼ਰੂਰੀ ਹਨ। ਇਹ ਦੋ ਦੀਵੇ ਹਨ ਪਰ ਇਨ੍ਹਾਂ ਦੀ ਜੋਤ ਇਕ ਹੈ।

# 13

ਕਿਸੇ ਬੇੜੀ ਤੇ ਵੀ ਬੈਠ ਜਾਓ, ਬੇੜੀ ਠੀਕ ਹੋਵੇ ਤੇ ਮਲਾਹ ਸਿਆਣਾ ਹੋਵੇ ਤਾਂ ਬੇੜੀ ਪਾਰ ਲੰਘ ਹੀ ਜਾਂਦੀ ਹੈ। ਪਰ ਜੇ ਬੇੜੀ ਟੁੱਟੀ ਫੁੱਟੀ ਹੋਵੇ ਤੇ ਮਲਾਹ ਅਣਜਾਣ ਹੋਵੇ ਤਾਂ ਫਿਰ ਕੋਈ ਵੀ ਬੇੜੀ ਡੁੱਬ ਸਕਦੀ ਹੈ। ਕੋਈ ਸੱਜਣ ਰਸਤਾ ਪੁੱਛਦਾ ਹੈ ਤਾਂ ਬੇਸ਼ਕ ਰਸਤਾ ਦੱਸਣ ਵਾਲਾ ਕੋਈ ਵੀ ਹੋਵੇ ਜੇ ਉਸ ਨੂੰ ਰਸਤੇ ਦਾ ਪਤਾ ਹੈ ਤਾਂ ਤੁਰਨ ਵਾਲਾ ਮੰਜ਼ਲ ਤੇ ਪੁੱਜ ਹੀ ਜਾਵੇਗਾ। ਭੋਜਨ ਕਿਸੇ ਦੇਸ਼ ਵਿਚ ਵੀ ਪੈਦਾ ਹੋਇਆ ਹੋਵੇ ਠੀਕ ਢੰਗ ਨਾਲ ਕੋਈ ਵੀ ਪਕਾਵੇ, ਖਾਣ ਵਾਲੇ ਦੀ ਭੁੱਖ ਮੁੱਕ ਹੀ ਜਾਵੇਗੀ।

ਇਹੀ ਹਾਲ ਧਰਮ ਦਾ ਹੈ, ਧਾਰਮਕ ਬਣਨ ਵਾਸਤੇ ਕੁਛ ਮਰਯਾਦਾ ਹੈ, ਕੁਛ ਜੁਗਤੀ ਹੈ। ਜਿਵੇਂ ਬੇੜੀ ਤੇ ਸਫਰ ਕਰਨ ਦੀ ਮਰਯਾਦਾ ਹੈ, ਜਿਵੇਂ ਰਸਤੇ ਤੇ ਤੁਰਨ ਦੀ ਮਰਯਾਦਾ ਹੈ। ਜਿਵੇਂ ਖਾਣ ਪਕਾਉਣ ਦੀ ਮਰਯਾਦਾ ਹੈ। ਇਸੇ ਤਰ੍ਹਾਂ ਧਰਮ ਦੀ ਵੀ ਮਰਯਾਦਾ ਹੈ। ਕੋਈ ਵੀ ਇਮਾਨਦਾਰੀ ਨਾਲ ਉਸ ਮਰਯਾਦਾ ਨੂੰ ਦੱਸੇ, ਕੋਈ ਉਸ ਮਰਯਾਦਾ ਨੂੰ ਸਮਝੇ, ਜ਼ਰੂਰ ਹੀ ਮਨੁੱਖ ਪ੍ਰਮਾਤਮਾ ਤੱਕ ਪੁੱਜ ਜਾਂਦਾ ਹੈ। ਜਿੰਨੀਆਂ ਧਾਰਮਕ ਬੇੜੀਆਂ ਹਨ, ਇਨ੍ਹਾਂ ਦਾ ਨਾਂ ਹੀ ਮਜ਼ਬ ਹੈ। ਇਹ ਸਭ ਬੇੜੀਆਂ ਭਵਜਲ ਤੋਂ ਪਾਰ ਪ੍ਰਮਾਤਮਾ ਤੱਕ ਪਹੁੰਚਾਉਂਦੀਆਂ ਹਨ। ਭਾਈ ਗੁਰਦਾਸ ਜੀ ਸਾਰੇ ਧਰਮਾਂ ਦਾ, ਸਭ ਧਰਮ ਰੂਪ ਬੇੜੀਆਂ ਦਾ ਸਨਮਾਨ ਕਰਦੇ ਹੋਏ ਇਕ ਕਬਿੱਤ ਲਿਖਦੇ ਹਨ।

ਜਿਵੇਂ ਆਪਣਾ ਪੁੱਤਰ ਮਨ ਵਿਚ ਪਿਆਰਾ ਲਗਦਾ ਹੈ, ਪੁੱਤਰ ਨੂੰ ਪਿਆਰਾ ਜਾਣਦੇ ਹਾਂ, ਉਸੇ ਤਰ੍ਹਾਂ ਸਾਰੇ ਜਗਤ ਨੂੰ ਪਿਆਰ ਕਰਨਾ ਚਾਹੀਦਾ ਹੈ। ਜਿਵੇਂ ਆਪਣਾ ਧਨ ਬੰਦਾ ਬੜੇ ਜਤਨ ਨਾਲ ਬਚਾ ਬਚਾ ਕੇ ਰੱਖਦਾ ਹੈ, ਇਸੇ ਤਰ੍ਹਾਂ ਸਾਰੇ ਜਗਤ ਦੇ ਵਿਵਹਾਰ ਦਾ ਧਿਆਨ ਰੱਖਣਾ ਚਾਹੀਦਾ

ਹੈ ਕਿ ਮੇਰੇ ਕਾਰਨ ਕਿਸੇ ਦਾ ਵਿਹਾਰ ਖਰਾਬ ਨਾ ਹੋਵੇ। ਜਿਵੇਂ ਆਪਣੀ ਉਸਤਤ ਸਾਨੂੰ ਚੰਗੀ ਲਗਦੀ ਹੈ ਨਿੰਦਾ ਨਾਲ ਮਨ ਦੁਖਦਾ ਹੈ, ਇਹ ਦੁਖ ਸੁੱਖ ਹਰਖ ਸ਼ੋਕ ਦੂਸਰੇ ਨੂੰ ਵੀ ਪੁਜਦਾ ਹੈ। ਜੇ ਅਸੀਂ ਕਿਸੇ ਦੀ ਤਾਰੀਫ ਕਰ ਕੇ ਸੁੱਖ ਨਹੀਂ ਪਹੁੰਚਾ ਸਕਦੇ ਤਾਂ ਨਿੰਦਾ ਕਰ ਕੇ ਦੁਖ ਵੀ ਨਾ ਪਹੁੰਚਾਈਏ। ਇਸੇ ਤਰ੍ਹਾਂ ਹੀ ਹਰ ਇਕ ਦਾ ਕੁਲ ਧਰਮ ਜਾਂ ਉਸ ਦੇ ਕਰਮ ਹਨ ਕਿਸੇ ਨੂੰ ਨਿੰਦ ਕੇ ਉਸਦਾ ਦਿਲ ਨਹੀਂ ਦੁਖਾਉਣਾ ਚਾਹੀਦਾ। ਸਗੋਂ ਇਹ ਖਿਆਲ ਕਰਨਾ ਚਾਹੀਦਾ ਹੈ ਕਿ ਹਰ ਇਕ ਦਾ ਧਰਮ ਉਸ ਲਈ ਉੱਤਮ ਹੈ। ਇਹ ਸਾਰਾ ਪਸਾਰਾ ਬ੍ਰਹਮ ਦਾ ਹੀ ਹੈ।

*ਆਪਨੇ ਸੁਅੰਨ ਜੈਸੇ ਲਾਗਤ ਪਿਆਰੇ ਜੀਅ,*
*ਜਾਨੀਐ ਵੈਸੋ ਈ ਪਯਾਰੋ ਸਗਲ ਸੰਸਾਰ ਕੋ।*
*ਆਪਨੋ ਦਰਬ ਜੈਸੋ ਰਾਖੀਐ ਜਤਨ ਕਰ,*
*ਵੈਸੋ ਈ ਸਮਝ ਸਭ ਕਾਹੂ ਕੇ ਬਿਹਾਰ ਕੋ।*
*ਉਸਤਤ ਨਿੰਦਾ ਸੁਨਿ ਬਯਾਪਤ ਹਰਖ ਸੋਗ,*
*ਵੈਸੇ ਈ ਲਗਤ ਜਗ ਅਨਿਕ ਪ੍ਰਕਾਰ ਕੋ।*
*ਤੈਸ ਕੁਲ ਧਰਮ ਕਰਮ ਜੈਸੋ ਜੈਸੋ ਜਾਂਕੋ,*
*ਉਤਮ ਕੈ ਮਾਨ ਜਾਨ ਬ੍ਰਹਮ ਬਿਸਥਾਰ ਕੋ।*

ਕੋਈ ਮਲਾਹ ਇਹ ਗੱਲ ਕਹੇ ਕਿ ਸਿਰਫ਼ ਮੇਰੀ ਬੇੜੀ ਹੀ ਮੁਸਾਫ਼ਰ ਨੂੰ ਪਾਰ ਕਰਦੀ ਹੈ। ਬਾਕੀ ਕੋਈ ਬੇੜੀ ਪਾਰ ਨਹੀਂ ਕਰਦੀ, ਇਹ ਦਾਅਵਾ ਸੱਚਾ ਨਹੀਂ। ਕੋਈ ਬਾਵਰਚੀ ਕਹੇ ਕਿ ਸਿਰਫ਼ ਮੇਰਾ ਬਣਾਇਆ ਭੋਜਨ ਹੀ ਭੁੱਖ ਮਿਟਾਉਂਦਾ ਹੈ, ਹੋਰ ਕਿਸੇ ਦਾ ਬਣਾਇਆ ਭੋਜਨ ਭੁੱਖ ਹੀ ਨਹੀਂ ਮਿਟਾ ਸਕਦਾ। ਹਰ ਕੋਈ ਇਹ ਗੱਲ ਸੋਚੇਗਾ ਕਿ ਇਹ ਕੀ ਕਹਿ ਰਿਹਾ ਹੈ। ਕੋਈ ਪਰੋਸਣ ਵਾਲਾ ਆਖੇ ਜੋ ਮੇਰੇ ਬਰਤਨਾਂ ਵਿਚ ਪ੍ਰਸ਼ਾਦਾ ਛਕੇਗਾ, ਉਸਦੀ ਹੀ ਭੁੱਖ ਮੁੱਕੇਗੀ, ਇਹ ਗੱਲ ਬੜੀ ਹੀ ਹਾਸੋਹੀਣੀ ਹੋਵੇਗੀ। ਤ੍ਰਿਪਤੀ ਭੋਜਨ ਨਾਲ ਹੋਣੀ ਹੈ, ਪਿਆਸ ਪਾਣੀ ਨਾਲ ਬੁਝਣੀ ਹੈ। ਬਰਤਨ ਕਿਸੇ ਦੇਸ਼ ਦਾ ਵੀ ਹੋਵੇ, ਕਿਸੇ ਧਾਤੂ ਦਾ ਬਣਿਆ ਹੋਵੇ। ਭਾਵੇਂ ਪਿੱਤਲ ਦਾ, ਕੈਂਹ ਦਾ, ਚਾਂਦੀ ਦਾ, ਸੋਨੇ ਦਾ ਬਰਤਨ ਖਾਲੀ ਹੋਵੇ ਤਾਂ ਨਾ ਹੀ ਭੁੱਖ

ਮੁੱਕੇਗੀ, ਨਾ ਹੀ ਪਿਆਸ ਮੁੱਕੇਗੀ। ਭੁੱਖ ਮਿਟਾਉਣ ਲਈ ਭੋਜਨ ਚਾਹੀਦਾ ਹੈ, ਪਿਆਸ ਮੁਕਾਉਣ ਲਈ ਪਾਣੀ ਚਾਹੀਦਾ ਹੈ। ਭੋਜਨ ਤੇ ਪਾਣੀ ਹੋਵੇ ਤਾਂ ਬੇਸ਼ਕ ਬਰਤਨ ਮਿੱਟੀ ਦੇ ਹੀ ਹੋਣ, ਬੰਦੇ ਦੀ ਤ੍ਰਿਪਤੀ ਹੋ ਜਾਵੇਗੀ। ਕੋਈ ਵੀ ਬਰਤਨ ਨਾ ਹੋਵੇ, ਹੱਥਾਂ ਉੱਤੇ ਹੀ ਕੋਈ ਰੋਟੀ ਰੱਖੇ ਤੇ ਖਾ ਲਵੇ, ਬੁੱਕ ਵਿਚ ਭਰ ਕੇ ਪਾਣੀ ਪੀ ਲਵੇ, ਪਿਆਸ ਬੁੱਝ ਜਾਏਗੀ। ਇਸ ਤਰ੍ਹਾਂ ਹੀ ਮਨੁੱਖ ਦੀ ਤ੍ਰਿਪਤੀ ਹੋਣੀ ਹੈ ਨਾਮ ਨਾਲ। ਭੁੱਖ ਪਿਆਸ ਨਾਮ ਨਾਲ ਬੁੱਝਣੀ ਹੈ। ਨਾਮ ਸਰਵ ਵਿਆਪਕ ਹੈ। ਜਿਵੇਂ ਪਾਣੀ ਹਰ ਦੇਸ਼ ਵਿਚ ਮਿਲ ਹੀ ਜਾਂਦਾ ਹੈ। ਫਿਰ ਵੀ ਹੋ ਸਕਦਾ ਹੈ ਕਿਸੇ ਥਾਂ ਤੇ ਪਾਣੀ ਨਾ ਮਿਲਦਾ ਹੋਵੇ ਪਰ ਐਸਾ ਕੋਈ ਥਾਂ ਨਹੀਂ ਜਿਥੇ ਪ੍ਰਮਾਤਮਾ ਨਾ ਮਿਲਦਾ ਹੋਵੇ। ਪਾਣੀ ਦੇ ਪਿਆਉ ਉਪਕਾਰੀ ਸੱਜਣਾਂ ਨੇ ਲਗਾਏ ਹਨ। ਆਏ ਗਿਆਂ ਨੂੰ ਜਲ ਛਕਾਉਂਦੇ ਹਨ, ਪਰ ਇਹ ਕਿਸੇ ਪਿਆਉ ਵਾਲੇ ਕੋਲੋਂ ਮੈਂ ਅੱਜ ਤੱਕ ਨਹੀਂ ਸੁਣਿਆ ਕਿ ਸਿਰਫ ਉਸੇ ਦੀ ਪਿਆਸ ਬੁਝੇਗੀ, ਜੋ ਮੇਰੇ ਪਿਆਉ ਤੋਂ ਪਾਣੀ ਪੀਵੇਗਾ। ਇਹ ਵੀ ਕਿਸੇ ਨਹੀਂ ਕਿਹਾ ਕਿ ਮੇਰਾ ਹੀ ਪਾਣੀ ਅਸਲੀ ਹੈ, ਬਾਕੀ ਪਾਣੀ ਨਕਲੀ ਹਨ। ਪਰ ਧਰਮਾਂ ਦਾ ਪ੍ਰਚਾਰ ਕਰਨ ਵਾਲਿਆਂ ਦਾ ਤਾਂ ਪਹਿਲਾ ਦਾਅਵਾ ਹੀ ਇਹ ਹੈ ਕਿ ਜਿਹੜਾ ਮੇਰੇ ਮਜ਼੍ਹਬ ਨੂੰ ਧਾਰਨ ਕਰੇਗਾ, ਉਹ ਤਰ ਜਾਏਗਾ, ਬਾਕੀ ਸਾਰੇ ਡੁੱਬ ਜਾਣਗੇ। ਪਿਆਸ ਬੁਝੇਗੀ ਤਾਂ ਸਿਰਫ ਮੇਰੇ ਪਿਆਉ ਤੋਂ, ਬਾਕੀ ਤਾਂ ਸਾਰੇ ਧਰਮ ਨਕਲੀ ਹਨ। ਮਨੁੱਖ ਜਦੋਂ ਗੱਲ ਸ਼ੁਰੂ ਹੀ ਇਥੋਂ ਕਰੇ ਕਿ ਬਾਕੀ ਸਭ ਨਕਲੀ ਹਨ, ਅਸਲੀ ਮੈਂ ਹਾਂ ਤੇ ਅਸਲੀ ਮੇਰਾ ਧਰਮ ਹੈ, ਫਿਰ ਉਹ ਦੂਸਰੇ ਧਰਮਾਂ ਦਾ ਸਨਮਾਨ ਕਿਵੇਂ ਕਰ ਸਕੇਗਾ। ਨਕਲੀ ਚੀਜ਼ ਦਾ ਕੌਣ ਸਨਮਾਨ ਕਰੇਗਾ। ਸਿੱਖ ਇਤਿਹਾਸ ਦਾ ਇਹ ਬਚਨ ਬੜਾ ਹੀ ਕੀਮਤੀ ਹੈ ਕਿ ਇਕ ਮੁਸਲਮਾਨ ਫ਼ਕੀਰ ਗੁਰੂ ਨਾਨਕ ਦੇਵ ਜੀ ਨੂੰ ਕਹਿੰਦਾ ਹੈ :

*ਅਵਲ ਨਾਉ ਖੁਦਾਇ ਦਾ ਦੂਜਾ ਨਬੀ ਰਸੂਲ।*
*ਨਾਨਕ ਕਲਮਾ ਜੇ ਪੜਹਿ ਤਾਂ ਦਰਗਹ ਪਵਹਿ ਕਬੂਲ।*

ਸਤਿਗੁਰੂ ਉਸ ਨੂੰ ਉੱਤਰ ਦਿੰਦੇ ਹਨ ਕਿ ਤੇਰੀ ਪਹਿਲੀ ਗੱਲ ਠੀਕ ਹੈ ਕਿ ਸਭ ਤੋਂ ਪਹਿਲੇ ਨਾਂ ਰੱਬ ਦਾ ਹੀ ਹੈ ਤੇ ਇਹ ਵੀ ਸੱਚ ਹੈ ਕਿ

ਆਖਰੀ ਨਾਂ ਵੀ ਉਸੇ ਦਾ ਹੋਵੇਗਾ, ਜੋ ਅੱਵਲ ਹੈ, ਉਹ ਆਖਰੀ ਹੈ। ਪਰ ਤੇਰੀ ਦੂਜੀ ਗੱਲ ਨਾਲ ਮੈਂ ਸਹਿਮਤ ਨਹੀਂ ਕਿ ਦੂਜਾ ਨਾਮ ਰਸੂਲ ਦਾ ਹੈ। ਭਾਵ ਹਜ਼ਰਤ ਮੁਹੰਮਦ ਸਾਹਿਬ ਦਾ ਹੈ। ਉਸ ਦਾ ਭਾਵ ਸੀ ਕਿ ਦੋ ਹੀ ਨਾਂ ਇਸ ਦੁਨੀਆ ਵਿਚ ਹਨ। ਤੀਜਾ ਨਾਂ ਕੋਈ ਨਹੀਂ। ਇਕ ਰੱਬ ਦਾ ਤੇ ਦੂਜਾ ਰਸੂਲ ਦਾ। ਸਤਿਗੁਰੂ ਕਹਿਣ ਲੱਗੇ ਰਸੂਲ ਬਹੁਤ ਆਏ ਹਨ ਤੇ ਬਹੁਤ ਆਉਣਗੇ, ਉਸ ਦੀ ਗੱਲ ਮੁੱਕ ਨਹੀਂ ਗਈ।

*ਅਵਲ ਨਾਉ ਖ਼ੁਦਾਇ ਦਾ ਕੇਤੇ ਨਬੀ ਰਸੂਲ।*
*ਸ਼ੇਖਾ ਨੀਯਤ ਰਾਸ ਕਰ ਤਾਂ ਦਰਗਹ ਪਵਹਿ ਕਬੂਲ।*

ਹਰ ਧਰਮ ਵਾਲਾ ਦੂਸਰੇ ਧਰਮ ਨੂੰ ਨਿੰਦਦਾ ਸੀ। ਮਜ਼੍ਹਬ ਦੇ ਨਾ ਤੇ ਹੀ ਲੋਕ ਗਲਮੇ-ਗਲਮੀ ਹੋ ਰਹੇ ਹਨ। ਕਾਰਨ ਇਕੋ ਹੈ ਕਿ ਰੱਬ ਦਾ ਜ਼ਿਕਰ ਤੇ ਹੈ ਪਰ ਰੱਬ ਦਾ ਭੈ ਹਿਰਦੇ ਵਿਚ ਨਹੀਂ :

*ਖ਼ੁਦਾ ਕੇ ਨਾਮ ਪਰ ਦਸਤੇ ਗਿਰੇਬਾਂ ਹੈਂ, ਖ਼ੁਦਾ ਵਾਲੇ,*
*ਬਹੁਤ ਜਿਸ ਕਦਰ ਜ਼ਿਕਰੇ ਖ਼ੁਦਾ ਹੈ ਖੌਫੇ ਖ਼ੁਦਾ ਕਮ ਹੈ।*

ਕਿਸੇ ਨੇ ਆਪਣੇ ਧਰਮ ਵਿਚ ਦੂਸਰੇ ਧਰਮ ਦੇ ਮੰਨਣ ਵਾਲੇ ਨੂੰ ਮਹੱਤਵਪੂਰਨ ਥਾਂ ਦਿੱਤੀ ਹੋਵੇ, ਐਸਾ ਕਿਤੇ ਇਤਿਹਾਸ ਵਿਚ ਲੱਭਣਾ ਹੋਵੇ ਤਾਂ ਸਿਰਫ ਸਿੱਖ ਇਤਿਹਾਸ ਵਿਚ ਹੀ ਐਸਾ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਪਰੰਪਰਾ ਨੂੰ ਉਸ ਵੇਲੇ ਚੂਰ-ਚੂਰ ਕਰ ਦਿੱਤਾ ਜਦੋਂ ਕਿ ਅਮਲੀ ਤੌਰ ਤੇ ਉਨ੍ਹਾਂ ਉਹ ਮਹਲ ਉਸਾਰ ਦਿਤਾ ਜਿਸਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਉਨ੍ਹਾਂ ਬੜੇ ਸਨਮਾਨ ਨਾਲ ਭਗਤ ਬਾਣੀ ਇਕੱਤਰ ਕੀਤੀ ਸੀ। ਗੁਰੂ ਅਰਜਨ ਦੇਵ ਜੀ ਨੇ ਉਸ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿਤਾ। ਮੰਦਰਾਂ ਵਿਚ ਗਿਆਂ ਭਗਤਾਂ ਨੂੰ ਧੱਕੇ ਪਏ ਸਨ ਕਿ ਇਹ ਸ਼ੂਦਰ ਹਨ, ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਰਚਨਾ ਨੂੰ ਆਪਣੇ ਬਰਾਬਰ ਬਿਠਾ ਕੇ ਮੱਥਾ ਟਿਕਾ ਦਿੱਤਾ ਤੇ ਭਗਤ ਬਾਣੀ ਨੂੰ ਅੱਜ ਸਾਰਾ ਸਿੱਖ ਜਗਤ ਤੇ ਹੋਰ ਵੀ ਅਨੇਕਾਂ ਧਰਮਾਂ ਵਾਲੇ ਸ਼ਰਧਾ ਤੇ ਭਾਵਨਾ ਨਾਲ ਮੱਥਾ ਟੇਕਦੇ ਹਨ। ਉਨ੍ਹਾਂ ਨੇ ਸਿਰਫ ਹਿੰਦੂ ਧਰਮ ਵਿਚੋਂ ਆਏ ਭਗਤ ਦੀ ਬਾਣੀ ਹੀ ਦਰਜ ਨਹੀਂ ਕੀਤੀ, ਸਗੋਂ

ਸ਼ੇਖ਼ ਫ਼ਰੀਦ ਜੋ ਮੁਸਲਮਾਨ ਹਨ ਤੇ ਸ਼ਰ੍ਹਾ ਦੇ ਪਾਬੰਦ ਹਨ, ਉਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿਤੀ ਤੇ ਜਗਤ ਨੂੰ ਸਮਝਾ ਦਿਤਾ ਕਿ ਇਹ ਭੋਜਨ, ਇਹ ਪਾਣੀ, ਜੋ ਬਾਬਾ ਫ਼ਰੀਦ ਜੀ ਪਾਸ ਹੈ, ਭਗਤਾਂ ਦੇ ਪਾਸ ਹੈ, ਇਹ ਵੀ ਅਸਲੀ ਹੈ, ਇਹ ਵੀ ਮਨ ਦੀ ਭੁੱਖ ਤੇ ਪਿਆਸ ਮਿਟਾਉਂਦਾ ਹੈ। ਇਹ ਜੀਵਾਂ ਦੇ ਉੱਧਾਰ ਦੀ ਸਮਰੱਥਾ ਰੱਖਣ ਵਾਲੀ ਬਾਣੀ ਹੈ। ਸਿੱਖ ਜਦੋਂ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦਾ ਹੈ। ਭਾਵੇਂ ਕਿਸੇ ਛੋਟੇ ਜਿਹੇ ਨਗਰ ਦੇ ਗੁਰਦੁਆਰੇ ਵਿਚ ਹੋਵੇ ਤੇ ਭਾਵੇਂ ਕਿਸੇ ਮਹਾਨ ਇਤਿਹਾਸਕ ਗੁਰਦੁਆਰੇ ਵਿਚ ਹੋਵੇ, ਜਿਵੇਂ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਹੈ, ਜਾਂ ਹੋਰ ਇਤਿਹਾਸਕ ਗੁਰਦੁਆਰੇ ਹਨ। ਪ੍ਰਕਾਸ਼ ਤੋਂ ਉਪਰੰਤ ਹੁਕਮ ਲੈਣ ਦੀ ਪਰੰਪਰਾ ਹੈ। ਅਸੀਂ ਗੁਰਦੁਆਰਾ ਸਾਹਿਬ ਦੇ ਬਾਹਰ ਬਲੈਕ ਬੋਰਡ ਤੇ ਉਹ ਹੁਕਮ ਲਿਖ ਵੀ ਦੇਂਦੇ ਹਾਂ। ਸਾਡਾ ਵਿਸ਼ਵਾਸ ਹੈ, ਸਾਡੀ ਸ਼ਰਧਾ ਵੀ ਹੈ ਕਿ ਹੁਕਮ ਹਰ ਸਿੱਖ ਨੇ ਸੁਣਨਾ ਹੈ, ਜੇ ਸੁਣਨ ਦੇ ਵੇਲੇ ਨਹੀਂ ਆ ਸਕਿਆ ਤਾਂ ਲਿਖਿਆ ਹੁਕਮ ਉਹ ਪੜ੍ਹ ਲਵੇ ਤੇ ਸਾਰਾ ਦਿਨ ਅਸੀਂ ਉਸ ਹੁਕਮ ਅਨੁਸਾਰ ਕਰਮ ਕਰਨੇ ਹਨ। ਆਪਣਾ ਕੰਮ ਧੰਦਾ ਕਰਦਿਆਂ ਇਹ ਯਾਦ ਰੱਖਣਾ ਹੈ ਕਿ ਅੱਜ ਸਤਿਗੁਰਾਂ ਦਾ ਕੀ ਹੁਕਮ ਹੈ। ਇਹ ਹੁਕਮ ਕਈ ਵਾਰ ਗੁਰੂਆਂ ਦੀ ਬਾਣੀ ਵਿਚੋਂ ਹੁੰਦਾ ਹੈ। ਕਈ ਵਾਰ ਭਗਤ ਬਾਣੀ ਵਿਚੋਂ ਹੁੰਦਾ ਹੈ। ਕਿਸੇ ਸਿੱਖ ਨੇ ਕਦੀ ਐਸਾ ਨਹੀਂ ਕਿਹਾ ਕਿ ਮੈਂ ਗੁਰੂ ਨਾਨਕ ਦੇਵ ਜਾਂ ਬਾਕੀ ਗੁਰੂ ਸਾਹਿਬਾਨ ਦੇ ਉਚਾਰਨ ਕੀਤੇ ਹੋਏ ਸ਼ਬਦਾਂ ਨੂੰ ਤਾਂ ਹੁਕਮ ਮੰਨਾਂਗਾ, ਮੈਂ ਬਾਕੀ ਭਗਤਾਂ ਦੇ ਸ਼ਬਦਾਂ ਨੂੰ, ਜਿਨ੍ਹਾਂ ਨੂੰ ਮੰਦਰਾਂ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਸੀ, ਉਨ੍ਹਾਂ ਦਾ ਹੁਕਮ ਕਿਉਂ ਮੰਨਾਂ? ਸਿੱਖਾਂ ਦੇ ਮਨ ਵਿਚ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਸ਼ਰਧਾ ਹੈ। ਇਹ ਸ਼ਰਧਾ ਗੁਰੂ ਅਰਜਨ ਦੇਵ ਜੀ ਦੇ ਹੁਕਮ ਪ੍ਰਤੀ ਹੈ ਕਿ ਸਤਿਗੁਰੂ ਅਰਜਨ ਦੇਵ ਜੀ ਨੇ ਜੋ ਦਿਲ ਦੀ ਵਿਸ਼ਾਲਤਾ ਵਿਖਾਈ ਹੈ, ਜੋ ਧਰਮ ਪ੍ਰਤੀ ਉਦਾਰਤਾ ਵਿਖਾਈ ਹੈ, ਉਸ ਅੱਗੇ ਸਾਰੇ ਜਗਤ ਦਾ ਸਿਰ ਪਿਆ ਝੁਕਦਾ ਹੈ। ਉਨ੍ਹਾਂ ਦੇ ਮਨ ਵਿਚ ਹਰ ਧਰਮ ਪ੍ਰਤੀ ਸ਼ਰਧਾ ਸੀ। ਉਹ ਸੱਚਾ ਧਰਮੀ ਹੋਵੇ ਸਹੀ, ਭਾਵੇਂ ਕਿਸੇ ਧਰਮ ਦਾ

ਹੋਵੇ, ਉਸਦੀ ਕਿੰਨੀ ਕਦਰ ਕਰਦੇ ਸਨ, ਇਕ ਘਟਨਾ ਨੂੰ ਧਿਆਨ ਨਾਲ ਪੜ੍ਹੀਏ ਤਾਂ ਸਪੱਸ਼ਟ ਹੋ ਜਾਂਦਾ ਹੈ। ਉਨ੍ਹਾਂ ਧਰਮ ਦੀ ਅਸਲੀਅਤ ਨੂੰ ਸਮਝਿਆ ਹੈ ਤੇ ਸਮਝ ਕੇ ਪ੍ਰਚਾਰਿਆ ਹੈ ਉਹ ਇਹ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫ਼ਕੀਰ ਮੀਆਂ ਮੀਰ ਜੀ ਪਾਸੋਂ ਰਖਵਾ ਦਿਤੀ। ਇਕ ਅਦੀਬ ਲਿਖਦੇ ਹਨ :

*ਥਾ ਮਜ਼ਹਬ ਮੁੱਖਤਲਿਫ*
*ਲੇਕਿਨ ਦਿਲੋਂ ਮੇਂ ਯੇ ਸਫਾਈ ਥੀ।*
*ਮੀਆਂ ਮੀਰ ਗੁਰੂ ਅਰਜਨ ਮੇ*
*ਬਾਮ ਆਸ਼ਨਾਈ ਥੀ।*
*ਮਰੇ ਲਾਹੌਰ ਕੇ ਲਬ ਪੇ*
*ਅਭੀ ਤਕ ਹੈ ਯੇ ਅਫ਼ਸਾਨਾ*
*ਕਿ ਦੋ ਅਹਿਲੇ ਮਜ਼ਾਹਬ ਮੇਂ*
*ਮੁਹੱਬਤ ਮੁਸਕਰਾਈ ਥੀ।*
*ਹੈ ਹਰਿਮੰਦਰ ਕੀ ਬੁਨਿਯਾਦੇ ਹੁਸੀਂ ਮੇਂ*
*ਖਿਸ਼ਤ ਵੋਹ ਅਬ ਤਕ।*
*ਜੋ ਮੀਆਂ ਜੀ ਕੀ ਵਫ਼ਾਓਂ ਨੇ*
*ਉਲਫਤ ਸੇ ਸਜਾਈ ਥੀ।*

ਸਾਈਂ ਮੀਆਂ ਮੀਰ ਜੀ ਅੰਮ੍ਰਿਤਸਰ ਵੀ ਆਉਂਦੇ ਰਹੇ। ਗੁਰੂ ਅਰਜਨ ਦੇਵ ਜੀ ਉਨ੍ਹਾਂ ਨੂੰ ਲਾਹੌਰ ਵੀ ਮਿਲਦੇ ਰਹੇ। ਸਾਈਂ ਮੀਆਂ ਮੀਰ ਦੀਆਂ ਹੋਰ ਬੜੀਆਂ ਵਡਿਆਈਆਂ ਵਿਦਵਾਨਾਂ ਨੇ ਲਿਖੀਆਂ ਹਨ। ਪਰ ਉਨ੍ਹਾਂ ਦੀ ਸਭ ਤੋਂ ਵੱਡੀ ਵਡਿਆਈ ਇਹ ਸੀ ਕਿ ਧਰਮ ਦੀ ਗੱਲ ਨੂੰ ਉਨ੍ਹਾਂ ਨੇ ਸਮਝ ਲਿਆ ਸੀ। ਅਸਲ ਗੱਲ ਜਿਹੜੀ ਉਨ੍ਹਾਂ ਸਮਝੀ ਸੀ ਉਹ ਇਹ ਸੀ ਕਿ ਮੇਰੀ ਬੇੜੀ ਹੀ ਨਹੀਂ ਸਗੋਂ ਹੋਰ ਬੇੜੀਆਂ ਵੀ ਭਵਜਲ ਤੋਂ ਪਾਰ ਕਰਦੀਆਂ ਹਨ। ਇਸਲਾਮ ਦੇ ਇਕ ਮਹਾਨ ਪ੍ਰਚਾਰਕ ਦਾ ਇਕ ਗੱਲ ਨੂੰ ਅਮਲੀ ਤੌਰ ਤੇ ਮੰਨ ਲੈਣਾ ਕਿ ਗੁਰੂ ਨਾਨਕ ਦਾ ਬੇੜਾ ਵੀ ਠੀਕ ਹੈ, ਇਸ ਬੇੜੇ ਤੇ ਜੋ ਬੈਠਣਗੇ ਉਹ ਵੀ ਭਵਸਾਗਰ ਤੋਂ ਪਾਰ ਹੋਣਗੇ,

ਇਹ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਜਿੱਥੇ ਸਮੇਂ ਦੇ ਮੁਸਲਮਾਨ ਬਾਦਸ਼ਾਹ ਦੂਸਰੇ ਧਰਮ ਵਾਲਿਆਂ ਦੇ ਮੰਦਰਾਂ ਨੂੰ ਗਿਰਾ ਰਹੇ ਸਨ, ਉੱਥੇ ਦੂਸਰੇ ਧਰਮ ਦੇ ਮੰਦਰ ਦੀ ਨੀਂਹ ਰੱਖਣੀ ਇਸ ਗੱਲ ਦਾ ਸਬੂਤ ਹੈ ਕਿ ਉਹ ਮਜ਼ਬੀ ਤੁਅੱਸਬ ਤੋਂ ਉੱਪਰ ਸਨ। ਉਨ੍ਹਾਂ ਇਹ ਕਰ ਕੇ ਸਪੱਸ਼ਟ ਤੌਰ ਤੇ ਸਬੂਤ ਦੇ ਦਿਤਾ ਕਿ ਮਸੀਤ ਹੀ ਨਹੀਂ, ਗੁਰਦੁਆਰਾ ਵੀ ਪਾਰ ਲੰਘਾਏਗਾ। ਦੋ ਧਾਰਮਕ ਅਸਥਾਨ, ਕੀ ਗੁਰਦਵਾਰਾ ਤੇ ਕੀ ਮਸੀਤ, ਇਹ ਧਾਰਮਕ ਅਸਥਾਨ ਤਾਂ ਦੀਵੇ ਹਨ। ਦੋ ਮਜ਼੍ਹਬ ਤਾਂ ਦੋ ਦੀਵੇ ਹਨ, ਦੋ ਧਾਰਮਕ ਗ੍ਰੰਥ ਤਾਂ ਦੋ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

*ਦੇਹੁਰਾ ਮਸੀਤ ਸੋਈ ਪੂਜਾ ਔ ਨਮਾਜ਼ ਓਈ,*
*ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ।*
*ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬੈਨ,*
*ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,*
*ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ।*

ਭਾਈ ਨੰਦ ਲਾਲ ਜੀ ਨੇ ਬੜਾ ਸੁੰਦਰ ਫਰਮਾਇਆ ਹੈ ਕਿ ਬ੍ਰਾਹਮਣ ਮੂਰਤੀ ਦਾ ਚਾਹਵਾਨ ਹੈ, ਉਸਦਾ ਭਗਵਾਨ ਮੂਰਤੀ ਹੈ। ਜ਼ਾਹਿਦ, ਮੁਸਲਮਾਨ ਉਪਦੇਸ਼ਕ ਖਾਨਕਾਹ ਤੋਂ ਫ਼ਿਦਾ ਹੈ ਪਰ ਮੈਨੂੰ ਤਾਂ ਉਸਦੇ ਪਿਆਰ ਦਾ ਭਰਿਆ ਹੋਇਆ ਜਾਮ, ਪਿਆਲਾ ਹੀ ਹਰ ਥਾਂ ਨਜ਼ਰ ਆਉਂਦਾ ਹੈ:

ਬ੍ਰਾਹਮਨ ਮੁਸ਼ਤਾਕਿ ਬੁਤ, ਜ਼ਾਹਿਦ ਫ਼ਿਦਾਏ ਖਾਨਕਾਹ,
ਹਰ ਕੁਜਾ ਜਾਮਿ ਮੁਹੱਬਤ ਦੀਦਾਅਮ ਸਰਸ਼ਾਰ ਅਸਤ।

# 14

*ਅਨੇਕ ਹੈ॥ ਫਿਰਿ ਏਕ ਹੈ॥*

ਜਾਪੁ ਸਾਹਿਬ

ਜੀਵਨ ਵਿਚ ਇਕਸਾਰਤਾ ਹੈ, ਕਿਤੇ ਵੀ ਕੋਈ ਵਖੇਵਾਂ ਨਹੀਂ। ਇਕ ਦਾ ਬਣਾਇਆ ਹੋਇਆ ਜੀਵਨ ਹੈ, ਇਕ ਤੋਂ ਪੈਦਾ ਹੋਇਆ ਹੈ, ਵਖੇਵਾਂ ਤਾਂ ਬਣਾਉਣ ਵਾਲੇ ਦੀ ਕਲਾ ਹੈ। ਵਖੇਵਾਂ ਤਾਂ ਇਸ ਜਗਤ ਦੀ ਰੌਣਕ ਹੈ, ਵਖੇਵਾਂ ਤਾਂ ਇਸਦੀ ਪਹਿਚਾਣ ਹੈ। ਵਖੇਵਾਂ ਤਾਂ ਇਸਦੀ ਉੱਨਤੀ ਹੈ। ਵਖੇਵੇਂ ਦਾ ਭਰਮ ਮਨੁੱਖ ਦੇ ਮਨ ਵਿਚ ਹੈ। ਬਾਕੀ ਜਗਤ ਵੀ ਇਕ ਹੈ, ਜਗਤ ਦਾ ਕਰਤਾ ਵੀ ਇਕ ਹੈ। ਕੋਈ ਐਸਾ ਵਖੇਵਾਂ ਨਹੀਂ, ਜਿਸ ਨਾਲ ਇਸ ਜਗਤ ਦਾ ਬੁਰਾ ਹੁੰਦਾ ਹੋਵੇ।

ਮਨੁੱਖ ਦੇ ਮਨ ਵਿਚ ਜੋ ਪ੍ਰੇਸ਼ਾਨੀ ਹੈ, ਉਹ ਇਸ ਲਈ ਨਹੀਂ ਕਿ ਜਗਤ ਵਿਚ ਅਨੇਕਤਾ ਹੈ। ਪ੍ਰੇਸ਼ਾਨੀ ਦਾ ਕਾਰਨ ਇਹ ਹੈ ਕਿ ਅਨੇਕਤਾ ਤੇ ਹਰ ਚੀਜ਼ ਦੀ ਵਿਲੱਖਣਤਾ ਮਨੁੱਖ ਦੀ ਸਮਝ ਵਿਚ ਨਹੀਂ ਆ ਰਹੀ।

ਕਦੀ ਇਹ ਗੱਲ ਸਮਝ ਵਿਚ ਆ ਜਾਏ ਕਿ ਜਗਤ ਦੀ ਅਨੇਕਤਾ ਢਾਹੂ ਨਹੀਂ, ਉਸਾਰੂ ਹੈ। ਅਨੇਕਤਾ ਵਿਚ ਜੋ ਵਿਰੋਧਤਾ ਹੈ, ਇਹ ਕਰਤੇ ਨੇ ਆਪ ਰੱਖੀ ਹੈ ਤੇ ਇਹ ਵਿਰੋਧਤਾ ਉਸਾਰੂ ਹੈ। ਇਸ ਨਾਲ ਕੁਝ ਬਣ ਰਿਹਾ ਹੈ ਕੁਝ ਉੱਸਰ ਰਿਹਾ ਹੈ, ਕੁਝ ਕਾਇਮ ਹੈ ਜਾਂ ਫਿਰ ਇਸ ਵਿਰੋਧਤਾ ਦੇ ਕਾਰਨ ਜਗਤ ਦਾ ਕੂੜਾ ਕਚਰਾ ਹੂੰਝਿਆ ਜਾ ਰਿਹਾ ਹੈ। ਮਨੁੱਖ ਦੇ ਮਨ ਦੀ ਪ੍ਰੇਸ਼ਾਨੀ ਦਾ ਕਾਰਨ ਇਹ ਹੈ ਕਿ ਮਨੁੱਖ ਸਮਾਨਤਾ ਚਾਹੁੰਦਾ ਹੈ। ਪਰ ਕੁਦਰਤ ਸਮਾਨਤਾ ਨਹੀਂ ਚਾਹੁੰਦੀ। ਮਨੁੱਖ ਨੇ ਜੋ ਆਪਣੇ ਹੱਥਾਂ ਨਾਲ ਚੀਜ਼ਾਂ ਬਣਾਈਆਂ ਹਨ, ਉਹ ਇਕ ਆਕਾਰ ਦੀਆਂ ਹਨ, ਇਕ

ਵਜ਼ਨ ਦੀਆਂ ਹਨ, ਇਕ ਨਮੂਨੇ ਦੀਆਂ ਹਨ। ਪਰ ਕੁਦਰਤ ਐਸਾ ਨਹੀਂ ਕਰਦੀ, ਉਸ ਨੇ ਇਕ ਚੀਜ਼ ਵਰਗੀ ਦੂਸਰੀ ਚੀਜ਼ ਨਹੀਂ ਬਣਾਈ। ਇਕ ਮਨੁੱਖ ਵਰਗਾ ਦੂਸਰਾ ਮਨੁੱਖ ਨਹੀਂ ਬਣਾਇਆ। ਇਕ ਨਾਲ ਦੂਸਰੇ ਦਾ ਚਿਹਰਾ ਨਹੀਂ ਮਿਲਦਾ, ਇਕ ਨਾਲ ਦੂਸਰੇ ਦਾ ਕੋਈ ਅੰਗ ਨਹੀਂ ਮਿਲਦਾ, ਉਂਗਲੀਆਂ ਦੇ ਨਿਸ਼ਾਨ ਨਹੀਂ ਮਿਲਦੇ। ਏਥੇ ਤੱਕ ਕਿ ਇਕ ਨਾਲ ਦੂਸਰੇ ਦੀ ਆਵਾਜ਼ ਨਹੀਂ ਮਿਲਦੀ। ਹਜ਼ਾਰਾਂ ਬੰਦਿਆਂ ਵਿਚੋਂ ਬੋਲਦਾ ਆਪਣਾ ਜਾਣਕਾਰ ਬੰਦਾ ਪਹਿਚਾਣਿਆ ਜਾਂਦਾ ਹੈ। ਵਿਲੱਖਣਤਾ ਦਾ ਜ਼ਰੂਰ ਕੋਈ ਰਾਜ਼ ਹੈ। ਬੰਦਾ ਵੀ ਇਕੋ ਜਿਹੀਆਂ ਚੀਜ਼ਾਂ ਬਣਾ ਕੇ ਫਿਰ ਰੰਗ ਵੱਖ ਵੱਖ ਕਰ ਦਿੰਦਾ ਹੈ। ਆਖਰ ਵਿਲੱਖਣਤਾ ਦੀ ਕੋਈ ਚਾਹਤ ਮਨੁੱਖ ਦੇ ਮਨ ਵਿਚ ਵੀ ਹੈ। ਬੰਦਾ ਦੂਸਰੇ ਬੰਦੇ ਨਾਲੋਂ ਆਪਣੀ ਹਰ ਚੀਜ਼ ਦਾ ਫਰਕ ਚਾਹੁੰਦਾ ਹੈ। ਇਸ ਫਰਕ ਦੀ ਸਮਝ ਆ ਜਾਏ ਕਿ ਇਹ ਫਰਕ ਬੜਾ ਉਸਾਰੂ ਹੈ, ਤਾਂ ਬੰਦਾ ਇਸ ਫਰਕ ਨਾਲ ਸਹਿਯੋਗੀ ਹੋਵੇਗਾ। ਪਰ ਜੇ ਇਸ ਫਰਕ ਦੀ ਸਮਝ ਨਾ ਆਵੇ ਤਾਂ ਬੰਦੇ ਦੇ ਅੰਦਰ ਈਰਖਾ ਤੇ ਝਗੜਾ ਵੀ ਪੈਦਾ ਹੋ ਸਕਦਾ ਹੈ।

ਈਰਖਾ ਦਾ ਕਾਰਨ ਇਹ ਹੈ ਕਿ ਮਨੁੱਖ ਚਾਹੁੰਦਾ ਹੈ ਕਿ ਹਰ ਗੱਲ ਮੇਰੀ ਹੀ ਪਸੰਦ ਦੀ ਹੋਣੀ ਚਾਹੀਦੀ ਹੈ। ਇਸ ਤੋਂ ਕੋਈ ਵੀ ਵੱਖ ਗੱਲ ਨਹੀਂ ਹੋਣੀ ਚਾਹੀਦੀ। ਬੰਦਾ ਆਪਣੀ ਮਰਜ਼ੀ ਦਾ ਸੰਸਾਰ ਚਾਹੁੰਦਾ ਹੈ, ਪਰ ਸੰਸਾਰ ਦੀ ਉੱਨਤੀ ਇਸ ਗੱਲ ਵਿਚ ਨਹੀਂ। ਫਿਰ ਤਾਂ ਉਸ ਬੰਦੇ ਦੇ ਨਾਲ ਹੀ ਦੁਨੀਆ ਖਤਮ ਹੋ ਜਾਏਗੀ। ਉਸਦੀ ਕਬਰ ਦੇ ਨਾਲ ਹੀ ਸੰਸਾਰ ਦੀ ਵੀ ਕਬਰ ਬਣ ਜਾਏਗੀ। ਸੱਚ ਤਾਂ ਇਹ ਹੈ ਕਿ ਜਦੋਂ ਇਕ ਮਨੁੱਖ ਦੀ ਮਰਜ਼ੀ ਨਾਲ ਦੂਸਰੇ ਮਨੁੱਖ ਦੀ ਮਰਜ਼ੀ ਟਕਰਾਉਂਦੀ ਹੈ ਤਾਂ ਕਿਸੇ ਨਵੀਂ ਖੋਜ ਦਾ ਰਾਹ ਖੁਲ੍ਹਦਾ ਹੈ, ਵਿਕਾਸ ਹੁੰਦਾ ਹੈ। ਪਹਿਲੇ ਮਨੁੱਖ ਨੇ ਜੋ ਕੀਤਾ ਹੈ, ਜੇ ਸਾਰੀ ਦੁਨੀਆ ਦੇ ਮਨੁੱਖ ਉਸੇ ਮਨੁੱਖ ਦੀ ਖੋਜ ਤੇ ਖੜ੍ਹੇ ਹੋ ਜਾਂਦੇ ਉਸੇ ਦੀ ਮਨਮਰਜ਼ੀ ਤੇ ਰੁਕ ਜਾਂਦੇ ਹਨ। ਉਸੇ ਦੀ ਪਸੰਦ ਨੂੰ ਆਪਣੀ ਪਸੰਦ ਸਮਝ ਲੈਂਦੇ ਤਾਂ ਦੁਨੀਆ ਪਸ਼ੂ-ਪੁਣੇ ਤੇ ਹੀ ਖੜ੍ਹੀ ਹੋ ਜਾਂਦੀ। ਇਸ ਤੋਂ ਅੱਗੇ ਨਾ ਚੱਲਦੀ। ਹਰ ਮਨੁੱਖ ਨੂੰ ਪ੍ਰਮਾਤਮਾ

ਨੇ ਵਿਚਾਰ ਦਿਤੀ ਹੈ, ਖੋਜ ਦਿਤੀ ਹੈ। ਵਿਚਾਰਨਾ ਤੇ ਖੋਜਣਾ, ਠੀਕ ਨੂੰ ਠੀਕ ਕਹਿਣਾ ਤੇ ਗਲਤ ਨੂੰ ਗਲਤ ਕਹਿਣਾ, ਮਨੁੱਖ ਦਾ ਪ੍ਰਮਾਤਮਾ ਵਲੋਂ ਮਿਲਿਆ ਹੋਇਆ ਅਧਿਕਾਰ ਹੈ। ਬੋਲੀਆਂ ਦੇ ਫਰਕ ਨੇ ਮਨੁੱਖ ਨੂੰ ਵਿਦਵਾਨ ਬਣਾਇਆ ਹੈ। ਜੇ ਮਨੁੱਖ ਖੋਜ ਨਾ ਕਰਦਾ ਤਾਂ ਮਨੁੱਖ ਕੋਲ ਸਿਰਫ਼ ਇਕ ਭਾਸ਼ਾ ਹੁੰਦੀ। ਅੱਜ ਤਿੰਨ ਹਜ਼ਾਰ ਦੇ ਕਰੀਬ ਭਾਸ਼ਾਵਾਂ ਹਨ। ਇੰਜ ਵੀ ਜਾਪਦਾ ਹੈ ਕਿ ਜੇ ਦੇਸ਼ਾਂ ਦੀਆਂ ਵੱਖ-ਵੱਖ ਹੱਦਾਂ ਨਾ ਹੁੰਦੀਆਂ ਤਾਂ ਮਨੁੱਖ ਧਰਤੀ ਨੂੰ ਕਦੀ ਨਾ ਸਵਾਰਦਾ। ਰਾਤ ਕੱਟਦਾ ਤੇ ਅੱਗੇ ਤੁਰ ਜਾਂਦਾ। ਸਰਾਂ ਨੂੰ ਕੌਣ ਸਵਾਰਦਾ ਹੈ, ਸਗੋਂ ਲੋਕੀਂ ਗੰਦ ਪਾ ਕੇ ਤੁਰ ਜਾਂਦੇ ਹਨ। ਪਹਿਰਾਵੇ ਦੇ ਫਰਕਾਂ ਕਰ ਕੇ ਕੱਪੜੇ ਦੀਆਂ ਏਨੀਆਂ ਕਿਸਮਾਂ ਮਨੁੱਖ ਦੇ ਸਾਹਮਣੇ ਹਨ। ਸਾਡੇ ਦੇਸ਼ ਦੇ ਰਿਸ਼ੀਆਂ ਮੁਨੀਆਂ ਦੀ ਮੰਨੀ ਹੁੰਦੀ ਤਾਂ ਇਕ ਇਕ ਲੰਗੋਟੀ ਹੀ ਸਾਰਿਆਂ ਦੇ ਕੋਲ ਹੋਣੀ ਸੀ। ਮਜ਼੍ਹਬਾਂ ਦੇ ਫਰਕ ਨਾਲ ਬੜੇ ਝਗੜੇ ਹੋਏ ਹਨ। ਇਸ ਗੱਲ ਤੋਂ ਅਸੀਂ ਇਨਕਾਰ ਨਹੀਂ ਕਰ ਸਕਦੇ ਕਿ ਬੋਲੀਆਂ ਭਾਸ਼ਾਵਾਂ ਕਰ ਕੇ ਦੇਸ਼ਾਂ ਦੀਆਂ ਹੱਦਾਂ ਕਰ ਕੇ, ਵੱਖ-ਵੱਖ ਪਹਿਰਾਵਿਆਂ ਕਰ ਕੇ, ਮਜ਼੍ਹਬਾਂ ਦੇ ਵਖੇਵਿਆਂ ਕਰ ਕੇ ਬਹੁਤ ਝਗੜੇ ਹੋਏ ਹਨ। ਝਗੜਿਆਂ ਦੇ ਹੋਰ ਵੀ ਕਾਰਨ ਹੋ ਸਕਦੇ ਹਨ। ਪਰ ਆਪਾਂ ਉਪਰੋਕਤ ਕਾਰਨਾਂ ਨੂੰ ਵਿਚਾਰਨਾ ਹੈ, ਜੋ ਵਖੇਵੇਂ ਦੇ ਰੂਪ ਵਿਚ ਨਜ਼ਰ ਆਉਂਦੇ ਹਨ। ਪਰ ਸੱਚ ਹੈ ਕਿ ਜਿਥੇ ਝਗੜੇ ਹੋਏ ਹਨ, ਘਾਟੇ ਪਏ ਹਨ, ਉਹ ਵੀ ਸਾਡੇ ਸਾਹਮਣੇ ਹਨ। ਪਰ ਜੋ ਉੱਨਤੀ ਹੋਈ ਹੈ ਉਹ ਵੀ ਸਾਡੇ ਸਾਹਮਣੇ ਹੈ। ਵਿਰੋਧਤਾ ਤੋਂ ਬਿਨਾਂ ਮਨੁੱਖੀ ਮਨ ਵਿਚ ਸ਼ਕਤੀ ਨਹੀਂ ਜਾਗਦੀ। ਕੁਦਰਤ ਦਾ ਇਹ ਅਸੂਲ ਹੈ ਕਿ ਟਕਰਾਉ ਤੋਂ ਬਿਨਾਂ ਸ਼ਕਤੀ ਪ੍ਰਗਟ ਨਹੀਂ ਹੁੰਦੀ। ਦੋ ਪੱਥਰ ਟਕਰਾਉਂਦੇ ਹਨ, ਦੋ ਬਾਂਸ ਟਕਰਾਉਂਦੇ ਹਨ ਤਾਂ ਅੱਗ ਪੈਦਾ ਹੁੰਦੀ ਹੈ। ਜਿੱਥੇ ਵਿਰੋਧਤਾ ਹੈ, ਉੱਥੇ ਖੋਜ ਹੁੰਦੀ ਹੈ, ਸ਼ਕਤੀ ਇਕੱਠੀ ਹੁੰਦੀ ਹੈ। ਜਦੋਂ ਸ਼ਕਤੀ ਇਕੱਠੀ ਹੋ ਜਾਏ ਅਸੀਂ ਉਸ ਸ਼ਕਤੀ ਨੂੰ ਜ਼ਰੂਰੀ ਨਹੀਂ ਬੁਰੇ ਪਾਸੇ ਹੀ ਵਰਤਣਾ ਹੈ, ਭਲੇ ਪਾਸੇ ਵੀ ਵਰਤ ਸਕਦੇ ਹਾਂ। ਉਸ ਨਾਲ ਉੱਨਤੀ ਦੇ ਉਸਾਰੂ ਕੰਮ ਵੀ ਕੀਤੇ ਜਾ ਸਕਦੇ ਹਨ।

ਇਹ ਸੱਚ ਹੈ ਕਿ ਜੇ ਵਿਚਾਰਾਂ ਦਾ ਫਰਕ ਨਾ ਹੁੰਦਾ ਤਾਂ ਇੰਨੀ ਉੱਨਤੀ ਕਿੱਥੇ ਹੋਣੀ ਸੀ, ਇੰਨੀ ਖੋਜ ਕਿੱਥੇ ਹੋਣੀ ਸੀ, ਇੰਨੀ ਸ਼ਕਤੀ ਇਕੱਠੀ ਕਿਵੇਂ ਹੋਣੀ ਸੀ। ਇਕ ਰਿਸ਼ੀ ਨੇ ਜੋ ਕਿਹਾ ਸੀ, ਕਪਲ ਦੀ ਹੀ ਮੰਨ ਲੈਂਦੇ ਤਾਂ ਸਿਰਫ ਸਾਂਖ ਸ਼ਾਸਤਰ ਹੀ ਹੋਣਾ ਸੀ। ਫਿਰ ਛੇ ਸ਼ਾਸਤਰ ਨਾ ਹੁੰਦੇ। ਜਿਵੇਂ ਦੋਹਾਂ ਚੀਜ਼ਾਂ ਦੀ ਰਗੜ ਤੋਂ ਅੱਗ ਪੈਦਾ ਹੁੰਦੀ ਹੈ, ਦੋਹਾਂ ਦਿਮਾਗਾਂ ਦੀ ਰਗੜ ਤੋਂ ਨਵੀਂ ਖੋਜ ਪੈਦਾ ਹੁੰਦੀ ਹੈ।

ਕਾਰੀਗਰਾਂ ਬਾਰੇ ਇਕ ਗੱਲ ਪ੍ਰਸਿੱਧ ਹੈ ਕਿ ਸਕਾ ਬਾਪ ਵੀ ਕੋਈ ਕੰਮ ਕਰੇ, ਪੁੱਤਰ ਨੂੰ ਜੇਕਰ ਜਾਪਿਆ ਹੈ ਕਿ ਗਲਤ ਹੈ, ਤਾਂ ਉਸਨੇ ਕਹਿ ਹੀ ਦੇਣਾ ਹੈ, ਇਹ ਚੀਜ਼ ਠੀਕ ਨਹੀਂ ਬਣੀ। ਇਸ ਵਿਚ ਨੁਕਸ ਰਹਿ ਗਿਆ ਹੈ। ਇਹ ਗੱਲ ਮੈਨੂੰ ਚੰਗੀ ਲੱਗੀ ਸੀ, ਕਿਉਂਕਿ ਕੋਈ ਵੀ ਕੰਮ ਕਰਨ ਵਾਲਾ ਬੰਦਾ ਐਸਾ ਨਹੀਂ ਜਿਸ ਕੋਲੋਂ ਉਸਦੇ ਕੰਮ ਵਿਚ ਗਲਤੀ ਨਾ ਰਹਿ ਜਾਏ। ਹਰ ਕੰਮ ਵਿਚ ਕੋਈ ਨਾ ਕੋਈ ਘਾਟ ਜ਼ਰੂਰ ਰਹਿ ਜਾਂਦੀ ਹੈ, ਸਰਬ ਕਲਾ ਸਮਰੱਥ ਤਾਂ ਪ੍ਰਮਾਤਮਾ ਹੀ ਹੈ। ਬੰਦਾ ਆਪਣੀ ਘਾਟ ਆਪ ਵੇਖ ਵੀ ਨਹੀਂ ਸਕਦਾ। ਆਮ ਕਰ ਕੇ ਆਪਣੀਆਂ ਘਾਟਾਂ ਆਪ ਨੂੰ ਨਜ਼ਰ ਨਹੀਂ ਆਉਂਦੀਆਂ। ਕਹਾਵਤ ਹੈ ਕਿ ਦੀਵੇ ਥੱਲੇ ਅੰਧੇਰਾ ਰਹਿ ਜਾਂਦਾ ਹੈ ਤੇ ਵੇਖਣ ਵਾਲਾ ਇਸ ਦ੍ਰਿਸ਼ਟੀ ਨਾਲ ਵੇਖੇ ਕਿ ਜਿਹੜੀ ਘਾਟ ਪਹਿਲੇ ਪਾਸੋਂ ਰਹਿ ਗਈ ਹੈ, ਇਹ ਮੈਂ ਨਹੀਂ ਰਹਿਣ ਦੇਣੀ ਤਾਂ ਉਸਨੂੰ ਪਹਿਲੇ ਕਰਨ ਵਾਲੇ ਤੋਂ ਨਫ਼ਰਤ ਜਾਂ ਘ੍ਰਿਣਾ ਨਹੀਂ ਹੋਵੇਗੀ, ਸਗੋਂ ਬੰਦਾ ਉਸਦੇ ਧੰਨਵਾਦ ਨਾਲ ਭਰ ਜਾਵੇਗਾ ਕਿ ਉਸਨੇ ਮੇਰੇ ਤੋਂ ਪਹਿਲੇ ਨੇ ਇਸ ਗੱਲ ਨੂੰ ਇਥੇ ਤੱਕ ਪਹੁੰਚਾ ਦਿਤਾ ਹੈ, ਮੈਂ ਅੱਗੇ ਪਹੁੰਚਾ ਦੇਵਾਂ। ਮੇਰੇ ਤੋਂ ਬਾਅਦ ਕੋਈ ਹੋਰ ਇਸ ਨੂੰ ਅੱਗੇ ਲੈ ਜਾਵੇਗਾ, ਤਾਂ ਇਹ ਵਿਰੋਧਤਾ ਕਿ ਇਹ ਠੀਕ ਨਹੀਂ ਇਹ ਫਰਕ ਕਿ ਮੈਂ ਪਹਿਲੇ ਦੀ ਕਮੀ ਨਾਲ ਸਹਿਮਤ ਨਹੀਂ, ਇਹ ਵਿਰੋਧਤਾ ਬੜੀ ਹੀ ਉਸਾਰੂ ਹੋਵੇਗੀ। ਹਰ ਇਕ ਚੀਜ਼ ਦਾ ਦੂਸਰੇ ਨਾਲੋਂ ਫਰਕ ਹੋਣਾ, ਇਹ ਫਰਕ ਪ੍ਰਭੂ ਨੇ ਆਪ ਹੀ ਕੀਤਾ ਹੈ। ਸਤਿਗੁਰੂ ਅਮਰਦਾਸ ਜੀ ਫਰਮਾਉਂਦੇ ਹਨ ਕਿ :

*ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ,*
*ਕੋਇ ਨ ਕਿਸ ਹੀ ਜੇਹਾ ਉਪਾਇਆ।*

*ਆਪੇ ਫਰਕੁ ਕਰੇ ਵੇਖਿ ਵਿਗਸੈ।*
*ਸਭਿ ਰਸ ਦੇਹੀ ਮਾਹਾ ਹੈ।*

ਮਾਰੂ ਮ: ੩ ਪੰਨਾ ੧੦੫੬

ਆਮ ਕਰ ਕੇ ਅਧਿਆਤਮਵਾਦੀਆਂ ਦਾ ਗਿਲਾ ਹੈ ਕਿ ਸਾਡੇ ਅੰਦਰ ਇਕਾਗਰਤਾ ਚਾਹੀਦੀ ਹੈ, ਇਕਾਗਰਤਾ ਤੋਂ ਬਿਨਾਂ ਅਸੀਂ ਇਕ ਨਾਲ ਕਿਵੇਂ ਜੁੜ ਸਕਦੇ ਹਾਂ। ਇੰਨੀ ਅਨੇਕਤਾ ਵਿਚ ਰਹਿੰਦਿਆਂ ਮਨ ਇਕ ਕਿਵੇਂ ਹੋਵੇ। ਇਹੀ ਕਾਰਨ ਸੀ ਕਿ ਬੰਦੇ ਨੇ ਇਕਾਂਤ ਭਾਲਣ ਦਾ ਜਤਨ ਕੀਤਾ ਹੈ। ਇਕ ਗੱਲ ਨੂੰ ਸਮਝਿਆ ਜਾਏ ਤਾਂ ਇਹ ਮਸਲਾ ਹੱਲ ਹੋ ਸਕਦਾ ਹੈ ਕਿ ਅਨੇਕਤਾ ਦਾ ਨਾਂ ਹੀ ਸੰਸਾਰ ਹੈ। ਅਨੇਕਤਾ ਨਾ ਹੋਵੇ ਤਾਂ ਸਿਰਫ ਇਕ ਹੋਵੇਗਾ, ਪ੍ਰਮਾਤਮਾ ਹੀ ਹੋਵੇਗਾ, ਫਿਰ ਸੰਸਾਰ ਨਹੀਂ ਹੋਵੇਗਾ। ਅਨੇਕਾਂ ਜੀਵ ਜੰਤਾਂ ਦਾ ਹੋਣਾ ਹੀ ਤਾਂ ਸੰਸਾਰ ਹੈ। ਭਗਤ ਨਾਮ ਦੇਵ ਜੀ ਫਰਮਾਉਂਦੇ ਹਨ :

*ਹਰਿ ਕਾ ਬਾਗਰਾ ਨਾਚੈ ਪਿੰਧੀ ਮੀਹਿ ਸਾਗਰਾ।*

ਧਨਾਸਰੀ ਨਾਮ ਦੇਵ ਜੀ

ਇਹ ਸਾਰਾ ਜਗਤ ਪ੍ਰਮਾਤਮਾ ਦਾ ਸੁੰਦਰ ਬਗੀਚਾ ਹੈ, ਸਭ ਵਿਚ ਹਰੀ ਹੀ ਨਚ ਰਿਹਾ ਹੈ। ਜਿਵੇਂ ਖੂਹ ਦੀਆਂ ਟਿੰਡਾਂ ਵਿਚ ਪਾਣੀ ਨਚਦਾ ਹੈ। ਇਹ ਪ੍ਰਮਾਤਮਾ ਦਾ ਸੁਹਣਾ ਬਾਗ ਹੈ। ਬਾਗ ਸੁਹਣਾ ਤਾਂ ਹੀ ਲਗਦਾ ਹੈ, ਜੇ ਅਨੇਕਾਂ ਤਰ੍ਹਾਂ ਦੇ ਫੁੱਲ ਹੋਣ। ਅਨੇਕ ਤਰ੍ਹਾਂ ਦੇ ਬੂਟੇ ਹੋਣ। ਇਸ ਅਨੇਕਤਾ ਨੂੰ ਅਸੀਂ ਕਲਾ ਦੀ ਦ੍ਰਿਸ਼ਟੀ ਨਾਲ ਵੇਖੀਏ ਕਿ ਅਨੇਕਾਂ ਪੱਤੀਆਂ ਰਲ ਕੇ ਇਕ ਫੁੱਲ ਬਣਦਾ ਹੈ। ਅਨੇਕਾਂ ਟਹਿਣੀਆਂ ਰਲ ਕੇ ਅਨੇਕਾਂ ਪੱਤੇ ਰਲ ਕੇ ਇਕ ਰੁੱਖ ਬਣਦਾ ਹੈ ਅਤੇ ਕੁਝ ਅੱਖਰ ਰਲ ਕੇ ਇਕ ਲਫਜ਼ ਬਣਦਾ ਹੈ। ਕੁਝ ਲਫਜ਼ ਰਲ ਕੇ ਇਕ ਪੰਗਤੀ ਬਣਦੀ ਹੈ। ਕੁਝ ਪੰਗਤੀਆਂ ਰਲ ਕੇ ਇਕ ਬੰਦ ਬਣਦਾ ਹੈ। ਕੁਝ ਬੰਦ ਰਲ ਕੇ ਇਕ ਕਵਿਤਾ ਬਣਦੀ ਹੈ। ਸਿਰਫ਼ ਇੰਨਾ ਖਿਆਲ ਆ ਜਾਵੇ ਕਿ ਇਕ ਸਾਜ਼ ਹੈ, ਪਰ ਤਾਰਾਂ ਅਨੇਕ ਹਨ। ਪਰ ਉਨ੍ਹਾਂ ਤਾਰਾਂ ਵਿਚ ਇਕਸੁਰਤਾ ਹੈ ਤਾਂ ਇਕ ਰਾਗ ਵੱਜਦਾ ਹੈ ਜੋ ਮਨ ਨੂੰ ਪਿਆਰਾ ਲਗਦਾ ਹੈ। ਜਿਵੇਂ ਬੂਟਿਆਂ

ਵਿਚ ਵਿਲੱਖਣਤਾ ਹੈ, ਪਰ ਸਾਰੇ ਬਾਗ ਦੀ ਸ਼ੋਭਾ ਹਨ। ਤਾਰਾਂ ਵਿਚ ਵਿਲੱਖਣਤਾ ਹੈ, ਪਰ ਉਹ ਸਾਜ਼ ਦੀ ਜਿੰਦ-ਜਾਨ ਹਨ। ਇਸ ਅਨੇਕਤਾ ਦਾ ਵੀ ਇਕ ਮਕਸਦ ਹੈ :

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।*

ਵਾਰ ਆਸਾ ਮ: ੧

ਜਿਸ ਮਨੁੱਖ ਨੂੰ ਇਸ ਅਨੇਕਤਾ ਵਿਚੋਂ ਇਕ ਨਜ਼ਰ ਨਾ ਆਇਆ, ਉਹ ਰੁੱਖ ਗਿਣਦਾ ਰਹੇਗਾ ਪਰ ਫਲ ਖਾਣੇ ਨਸੀਬ ਨਹੀਂ ਹੋਣਗੇ। ਇਸ ਸੰਸਾਰ ਵਿਚ ਇਕ ਦੀਵਾ ਹੈ ਏਕਾ ਤੇ ਦੂਸਰਾ ਦੀਵਾ ਹੈ ਦੂਈ।

ਦੂਈ ਤੇ ਏਕਾ ਕਮਾਲ ਦੀਵੇ ਹਨ। ਏਕਾ ਸਾਡੀ ਮੰਜ਼ਲ ਵੀ ਹੈ ਤੇ ਦੀਵਾ ਵੀ ਹੈ। ਦੂਈ ਸਾਡੀ ਪ੍ਰੀਖਿਆ ਹੈ। ਸਾਡਾ ਇਮਤਿਹਾਨ ਹੈ। ਸਾਡੀ ਸਾਧਨਾ ਹੈ। ਏਕਾ ਤੇ ਦੂਈ ਦੋਵੇਂ ਹੀ ਦੀਵੇ ਹਨ। ਜਿਨ੍ਹਾਂ ਦੀ ਜੋਤ ਇਕ ਹੈ।

# 15

ਸੰਸਾਰ ਵਿਚ ਮਨੁੱਖ ਵੱਡਾ ਨਜ਼ਰ ਆਉਣਾ ਚਾਹੁੰਦਾ ਹੈ। ਕੋਈ ਵੀ ਛੋਟਾ ਨਹੀਂ ਅਖਵਾਉਣਾ ਚਾਹੁੰਦਾ। ਤੱਕੜੀ ਤੇ ਵੱਟੇ ਵੇਖਦਿਆਂ ਗੁਰੂ ਨਾਨਕ ਦੇਵ ਜੀ ਨੇ ਇਕ ਦਿਨ ਸੇਰ ਦੇ ਚੌਥੇ ਹਿੱਸੇ ਇਕ ਪਾ ਦੇ ਵੱਟੇ ਨਾਲ ਗੱਲਾਂ ਕੀਤੀਆਂ ਸਨ ਤੇ ਕਿਹਾ ਸੀ, ਪਾ ਤੂੰ ਧੰਨ ਹੈਂ ਜਿਸ ਨੇ ਆਪਣੇ ਆਪ ਨੂੰ ਚੌਥਾ ਹਿੱਸਾ ਅਖਵਾਇਆ ਹੈ। ਨਹੀਂ ਤਾਂ ਹਰ ਬੰਦਾ ਸੇਰ ਤੋਂ ਘੱਟ ਅਖਵਾਉਣ ਲਈ ਤਿਆਰ ਨਹੀਂ। ਸੰਸਾਰ ਵਿਚ ਕੁਝ ਬੰਦੇ ਵੱਡੇ ਬਣ ਗਏ ਹਨ ਅਤੇ ਕੁਝ ਵੱਡੇ ਬਣਨ ਲਈ ਯਤਨਸ਼ੀਲ ਹਨ, ਤਿਆਰੀ ਵਿਚ ਹਨ ਕਿ ਕਿਵੇਂ ਵੱਡੇ ਬਣ ਜਾਈਏ। ਜਿੱਥੇ ਬੰਦਾ ਆਪ ਵਡਿਆਈ ਦਾ ਭੁੱਖਾ ਹੈ, ਉਥੇ ਇਹ ਵੀ ਚਾਹੁੰਦਾ ਹੈ ਕਿ ਮੈਂ ਵੱਡਾ ਤਾਂ ਹੀ ਹਾਂ, ਜਿੱਥੇ ਜਿੱਥੇ ਮੇਰਾ ਸੰਪਰਕ ਹੈ ਉਹ ਸਭ ਚੀਜ਼ਾਂ ਵੱਡੀਆਂ ਹੋਣ। ਕੋਈ ਏਨੀ ਗੱਲ ਹੀ ਕਹਿ ਦੇਵੇ ਕਿ ਤੇਰੇ ਕੁੱਤੇ ਵਰਗਾ ਅੱਜ ਤੱਕ ਕੋਈ ਕੁੱਤਾ ਨਹੀਂ ਵੇਖਿਆ ਤਾਂ ਬੰਦਾ ਫੁੱਲਿਆ ਨਹੀਂ ਸਮਾਉਂਦਾ ਕਿ ਇਹ ਸਿਰਫ਼ ਕੁੱਤੇ ਦੀ ਗੱਲ ਨਹੀਂ, ਮੇਰਾ ਕੁੱਤਾ ਵਧੀਆ ਹੈ, ਮੈਂ ਵਧੀਆ ਹਾਂ! ਕੋਈ ਕਹਿ ਦੇਵੇ ਕਿ ਤੇਰੀ ਝੌਂਪੜੀ ਵਿਚ ਮਹਿਲ ਨਾਲੋਂ ਜ਼ਿਆਦਾ ਅਨੰਦ ਹੈ। ਬੰਦੇ ਦਾ ਹੰਕਾਰ ਵੇਖਣਾ ਕਿ ਉਹ ਇੰਜ ਹੀ ਸਮਝ ਰਿਹਾ ਹੈ ਕਿ ਮੈਂ ਸਮਰਾਟ ਬਣ ਗਿਆ ਹਾਂ। ਇਸ ਸੰਸਾਰ ਵਿਚ ਕੋਈ ਵੀ ਛੋਟਾ ਬਣਨ ਲਈ ਤਿਆਰ ਨਹੀਂ, ਹਰ ਬੰਦੇ ਦੀ ਘਾਲਣਾ ਭਾਵੇਂ ਉਹ ਆਰਥਿਕ ਹੈ, ਭਾਵੇਂ ਧਾਰਮਕ ਹੈ, ਸਾਰੀ ਦੌੜ-ਭੱਜ ਇਸ ਲਈ ਹੈ ਕਿ ਮੈਂ ਸਭ ਤੋਂ ਵੱਡਾ ਬਣ ਜਾਵਾਂ। ਜੇ ਸਭ ਤੋਂ ਵੱਡਾ ਨਾ ਬਣ ਸਕਾਂ ਤਾਂ ਘੱਟੋ ਘੱਟ ਵੱਡਿਆਂ ਦੀ ਕਤਾਰ ਵਿਚ ਹੀ ਖੜ੍ਹਾ ਹੋ ਜਾਵਾਂ। ਮੈਂ ਸਭ ਤੋਂ ਵੱਡਾ ਹੋਵਾਂ ਇਹ

ਹੀ ਹੰਕਾਰ ਦੀ ਭਾਸ਼ਾ ਹੈ। ਹੰਕਾਰ ਸਾਰਿਆਂ ਤੋਂ ਆਪਣੇ ਆਪ ਨੂੰ ਉੱਚਾ ਵੇਖਣਾ ਚਾਹੁੰਦਾ ਹੈ। ਇਕ ਕਥਾ ਹੈ ਜੋ ਮਹਾਤਮਾ ਬੁੱਧ ਨਾਲ ਸਬੰਧਤ ਹੈ ਕਿ ਇਕ ਦਿਨ ਬੁੱਧ ਨੂੰ ਉਨ੍ਹਾਂ ਦੇ ਮੁਖੀ ਸ਼ਿਸ਼ ਆਨੰਦ ਨੇ ਕਿਹਾ ਕਿ ਐ ਬੁੱਧ, ਆਪ ਜੈਸਾ ਤ੍ਰਿਕਾਲ-ਦਰਸ਼ੀ ਨਾ ਤਾਂ ਕੋਈ ਪਿੱਛੇ ਹੋਇਆ ਹੈ ਨਾ ਹੀ ਕੋਈ ਹੁਣ ਹੈ ਅਤੇ ਨਾ ਹੀ ਕੋਈ ਅੱਗੋਂ ਹੋਵੇਗਾ। ਬੁੱਧ ਸਤ ਪੁਰਸ਼ ਸੀ, ਪੂਰਨ ਤੌਰ ਤੇ ਹੋਸ਼ ਨਾਲ ਭਰਪੂਰ ਸੀ, ਇਕ ਜਾਗਿਆ ਹੋਇਆ ਮਨੁੱਖ ਸੀ, ਉਸਨੇ ਅਨੰਦ ਨੂੰ ਵਰਜ ਦਿਤਾ ਤੇ ਕਿਹਾ, ਕਿ ਨਹੀਂ ਜੋ ਤੂੰ ਕਹਿ ਰਿਹਾ ਹੈਂ, ਇਹ ਠੀਕ ਨਹੀਂ। ਜੋ ਤੂੰ ਕਹਿ ਰਿਹਾ ਹੈਂ ਇਹ ਗੱਲ ਵੀ ਗਲਤ ਹੈ ਤੇ ਜਿਸ ਭਾਵਨਾ ਨਾਲ ਕਹਿ ਰਿਹਾ ਹੈਂ ਉਹ ਭਾਵਨਾ ਵੀ ਗਲਤ ਹੈ। ਤ੍ਰਿਕਾਲ-ਦਰਸ਼ੀ ਬਹੁਤ ਹੋਏ ਹਨ, ਬਹੁਤ ਹਨ ਤੇ ਅੱਗੋਂ ਬਹੁਤ ਹੋਣਗੇ। ਜੇ ਇਕ ਹੋ ਸਕਦਾ ਹੈ, ਦੂਸਰਾ ਕਿਉਂ ਨਹੀਂ ਹੋ ਸਕਦਾ। ਇਕ ਫੁੱਲ ਖਿੜ ਸਕਦਾ ਹੈ ਤਾਂ ਦੂਸਰਾ ਕਿਉਂ ਨਹੀਂ, ਤੀਸਰਾ ਕਿਉਂ ਨਹੀਂ ਖਿੜ ਸਕਦਾ। ਬਾਕੀ ਤੂੰ ਹੰਕਾਰ ਦੀ ਭਾਵਨਾ ਨਾਲ ਕਹਿ ਰਿਹਾ ਹੈਂ, ਕਿਉਂਕਿ ਤੂੰ ਬੋਧੀ ਹੈਂ। ਬੜੇ ਵਿਅੰਗ ਨਾਲ ਉਨ੍ਹਾਂ ਕਿਹਾ ਕਿ ਮੇਰੇ ਨਾਲੋਂ ਤਾਂ ਤ੍ਰਿਕਾਲ-ਦਰਸ਼ੀ ਤੂੰ ਹੀ ਜ਼ਿਆਦਾ ਹੈਂ, ਜਿਸ ਨੂੰ ਤਿੰਨਾਂ ਕਾਲਾਂ ਦੀ ਸੋਝੀ ਹੈ ਕਿ ਤਿੰਨਾਂ ਕਾਲਾਂ ਵਿਚ ਮੇਰੇ ਵਰਗਾ ਬੁੱਧ ਕੋਈ ਨਹੀਂ। ਤੂੰ ਵੇਖ ਕੇ ਹੀ ਕਹਿ ਰਿਹਾ ਹੈਂ?

ਕਹਿੰਦੇ ਹਨ ਅਨੰਦ ਬੜਾ ਹੀ ਸ਼ਰਮਸਾਰ ਹੋਇਆ ਤੇ ਉਸਨੇ ਭੁੱਲ ਦੀ ਮੁਆਫੀ ਮੰਗੀ ਤੇ ਕਿਹਾ ਕਿ ਇਹ ਠੀਕ ਹੀ ਹੈ ਕਿ ਹੰਕਾਰ ਆਪਣੇ ਆਪ ਨੂੰ ਪ੍ਰਥਮ ਮੰਨਦਾ ਹੈ। ਹੰਕਾਰ ਦੂਜੇ ਨੰਬਰ ਤੇ ਹੋਣ ਲਈ ਤਿਆਰ ਨਹੀਂ। ਇਹ ਦੁਰਘਟਨਾ ਹਰ ਮਨੁੱਖ ਨਾਲ ਜੀਵਨ ਦੇ ਹਰ ਖੇਤਰ ਵਿਚ ਘਟੀ ਹੈ। ਧਨਵਾਨਾਂ ਦੀ ਦੁਨੀਆ ਵਿਚ ਤਾਂ ਵੱਡੇ ਛੋਟੇ ਹੁੰਦੇ ਹੀ ਹਨ। ਸੰਤਾਂ ਦੀ ਦੁਨੀਆ ਵਿਚ ਵੀ ਵੱਡੇ ਛੋਟੇ ਹੁੰਦੇ ਹਨ। ਅਸੀਂ ਮਿਣਦੇ ਤੋਲਦੇ ਕਿਵੇਂ ਹਾਂ? ਤੇ ਮਿਣਨ ਤੋਲਣ ਵਾਲੇ ਕੌਣ ਹਨ ਦੁਨੀਆਦਾਰ ਬੰਦੇ, ਸਾਨੂੰ ਕੀ ਪਤਾ ਹੈ ਕਿ ਸੰਤ ਕੀ ਹੁੰਦਾ ਹੈ। ਸੰਤ ਨੂੰ ਕੋਈ ਸੰਤ ਹੀ ਸਮਝ ਸਕਦਾ ਹੈ। ਅਸੀਂ ਹਰ ਚੀਜ਼ ਮਾਇਆ ਨਾਲ ਤੋਲਦੇ ਹਾਂ ਕਿ ਕਿੰਨੇ ਦੀ

ਹੈ। ਸੰਤ ਨੂੰ ਵੀ ਇਸੇ ਢੰਗ ਨਾਲ ਤੋਲਦੇ ਹਾਂ ਕਿ ਕਿੰਨੇ ਦਾ ਹੈ। ਜਾਂ ਤਾਂ ਸਾਡੀ ਨਜ਼ਰ ਵਿਚ ਉਹ ਸੰਤ ਵੱਡਾ ਹੈ, ਜਿਸ ਕੋਲ ਧਨ ਬਹੁਤ ਹੋਵੇ। ਰਾਜੇ ਮਹਾਰਾਜੇ ਭੇਟ ਰਖਣ, ਬੜਾ ਵੱਡਾ ਆਸ਼ਰਮ ਹੋਵੇ, ਬੜਾ ਸਾਜ਼ੋ-ਸਾਮਾਨ ਹੋਵੇ। ਅਸੀਂ ਕਹਿੰਦੇ ਹਾਂ ਬੜਾ ਵੱਡਾ ਸੰਤ ਹੈ। ਉਸਦੀ ਵਡਿਆਈ ਵੱਡਿਆਂ ਦੇ ਮੱਥਾ ਟੇਕਣ ਤੇ ਖੜ੍ਹੀ ਹੈ, ਬਹੁਤ ਮਾਲ ਅਸਬਾਬ ਤੇ ਹੈ। ਕਈਆਂ ਬੰਦਿਆਂ ਦੇ ਮੂੰਹੋਂ ਸੁਣਿਆ ਕਿ ਸੰਤ ਇਤਨੇ ਵੱਡੇ ਹਨ ਕਿ ਉਨ੍ਹਾਂ ਨੂੰ ਉਡੀਕਣ ਲਈ ਜਹਾਜ਼ ਲੇਟ ਹੋ ਗਿਆ, ਉਡੀਕਿਆ ਤੇ ਜਹਾਜ਼ ਲੈ ਕੇ ਹੀ ਗਿਆ। ਬੜੀ ਹੈਰਾਨੀ ਦੀ ਗੱਲ ਹੈ, ਕਿੰਨਾ ਸਿਆਣਾ ਤੇ ਵੱਡਾ ਸੰਤ ਹੈ ਉਹ, ਜਿਸ ਨੂੰ ਸਮੇਂ ਦੀ ਕੋਈ ਕਦਰ ਨਹੀਂ ਕਿ ਕਿੰਨੇ ਬੰਦੇ ਜਹਾਜ਼ ਵਿਚ ਹੋਣਗੇ, ਜਿਨ੍ਹਾਂ ਨੇ ਜ਼ਰੂਰੀ ਕੰਮਾਂ ਤੇ ਪੁਜਣਾ ਹੋਵੇਗਾ। ਕਿੰਨੀ ਗੈਰ-ਜ਼ੁੰਮੇਵਾਰੀ ਵਾਲੀ ਗੱਲ ਹੈ ਕਿ ਸਮੇਂ ਸਿਰ ਏਅਰਪੋਰਟ ਤੇ ਵੀ ਨਹੀਂ ਪੁੱਜ ਸਕਿਆ। ਦੂਜੀ ਗੱਲ ਜੇ ਇਹੀ ਸੰਤ ਦੀ ਵਡਿਆਈ ਹੈ ਤਾਂ ਫਿਰ ਤਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਸਭ ਤੋਂ ਵੱਡੇ ਸੰਤ ਹਨ, ਜਹਾਜ਼ ਉਨ੍ਹਾਂ ਨੂੰ ਉਡੀਕਦੇ ਹੀ ਨਹੀਂ ਉਚੇਚੇ ਜਹਾਜ਼ ਜਾਂਦੇ ਹੀ ਇਨ੍ਹਾਂ ਵਾਸਤੇ ਹਨ। ਅਸੀਂ ਕਿਸ ਤਰ੍ਹਾਂ ਸੰਤਾਂ ਨੂੰ ਮਿਣਦੇ ਤੋਲਦੇ ਹਾਂ। ਜਾਂ ਤਾਂ ਵੇਖਦੇ ਹਾਂ ਕਿ ਮਾਲ ਕਿੰਨਾ ਹੈ ਜਾਂ ਫਿਰ ਦੂਸਰਾ ਪੱਖ ਹੈ ਕਿ ਇਹ ਤਿਆਗੀ ਕਿੰਨਾ ਹੈ। ਹਜ਼ਾਰਾਂ ਦੇ ਤਿਆਗੀ ਨਾਲੋਂ ਲੱਖਾਂ ਦਾ ਤਿਆਗੀ ਵੱਡਾ ਸੰਤ ਹੈ। ਫਿਰ ਕਰੋੜਾਂ ਦਾ ਤਿਆਗੀ ਹੋਰ ਵੱਡਾ ਸੰਤ ਹੈ। ਕਿਸੇ ਰਾਜ ਹੀ ਤਿਆਗ ਦਿੱਤਾ ਹੈ। ਉਹ ਸਭ ਤੋਂ ਵੱਡਾ ਸੰਤ ਹੈ। ਜਿਹੜਾ ਸਾਧੂ ਹੈ, ਉਹ ਜਦੋਂ ਕਿਸੇ ਸਾਧੂ ਨੂੰ ਵੇਖੇਗਾ ਤਾਂ ਇਹ ਨਹੀਂ ਵੇਖੇਗਾ ਕਿ ਉਸ ਪਾਸ ਮਾਲ ਕਿੰਨਾ ਹੈ ਜਾਂ ਕਿੰਨੇ ਕੁ ਮਾਲ ਦਾ ਤਿਆਗੀ ਹੈ। ਉਹ ਤਾਂ ਵੇਖੇਗਾ ਅੰਦਰੋਂ ਪਾਇਆ ਕੀ ਹੈ, ਬਾਹਰਲਾ ਤਿਆਗ ਜਾਂ ਗ੍ਰਹਿਣ ਪਖੰਡ ਹੈ। ਗੱਲ ਅੰਦਰ ਦੀ ਹੈ ਤੇ ਉਹ ਤਾਂ ਕੋਈ ਸਾਧੂ ਹੀ ਸਾਧੂ ਨੂੰ ਪਹਿਚਾਣ ਸਕੇਗਾ ਤੇ ਅਗਲੀ ਗੱਲ ਕਮਾਲ ਹੈ ਕਿ ਜਦੋਂ ਕੋਈ ਸਾਧੂ ਕੋਲੋਂ ਸਾਧੂ ਬਾਰੇ ਪੁੱਛਦਾ ਹੈ ਤਾਂ ਉਹ ਵੱਡੇ-ਛੋਟੇ ਦੀ ਭਾਸ਼ਾ ਵਿਚ ਨਹੀਂ ਬੋਲਦਾ। ਪਰ ਸਾਨੂੰ ਰਸ ਤਾਂ ਆਉਂਦਾ ਹੈ ਜੇ ਕੋਈ ਵੱਡੇ ਛੋਟੇ ਦੀ ਭਾਸ਼ਾ ਵਿਚ ਬੋਲੇ। ਪਰ ਸਾਧੂ

ਤਾਂ ਕਹੇਗਾ ਕਿ ਨਦੀਆਂ ਵੱਡੀਆਂ ਛੋਟੀਆਂ ਹੋ ਸਕਦੀਆਂ ਹਨ। ਜਦੋਂ ਸਾਗਰ ਵਿਚ ਜਾ ਪਈਆਂ ਫਿਰ ਤਾਂ ਸਾਗਰ ਬਣ ਗਈਆਂ। ਸੰਤ ਤਾਂ ਉਹ ਹੈ, ਜੋ ਸਾਗਰ ਬਣ ਗਿਆ ਹੈ। ਉਹ ਨਦੀ ਵਾਂਗੂੰ ਨਹੀਂ, ਉਹ ਤਾਂ ਸਾਗਰ ਦੀ ਤਰ੍ਹਾਂ ਹੈ। ਸੰਤ ਸਿਰਫ ਸੰਤ ਹਨ, ਵੱਡੇ ਨਹੀਂ, ਛੋਟੇ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਤਾਂ ਦੀ ਬਾਣੀ ਹੈ। ਉਸ ਬਾਣੀ ਨੂੰ ਅਸੀਂ ਭਗਤ ਬਾਣੀ ਕਹਿੰਦੇ ਹਾਂ। ਪੰਦਰਾਂ ਭਗਤਾਂ ਦੀ ਬਾਣੀ ਹੈ ਅਤੇ ਵਿਦਵਾਨਾਂ ਅਨੁਸਾਰ ਗਿਆਰਾਂ ਭੱਟਾਂ ਦੀ ਬਾਣੀ ਹੈ, ਪਰ ਕਿਸੇ ਭਗਤ ਬਾਰੇ ਨਹੀਂ ਕਿਹਾ ਕਿ ਇਹ ਭਗਤ ਛੋਟਾ ਹੈ। ਭਗਤ ਸਿਰਫ ਭਗਤ ਹੈ। ਭਗਤ ਦੀ ਪੈਜ ਪ੍ਰਮਾਤਮਾ ਆਪ ਰਖਦਾ ਹੈ।

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ।*

ਆਸਾ ਛੰਤ ਮ: ੨ ਪੰਨਾ ੨੫੧

ਗੁਰੂ ਸਾਹਿਬ ਦੀ ਨਜ਼ਰ ਵਿਚ ਕੋਈ ਵੱਡਾ ਜਾਂ ਛੋਟਾ ਹੈ ਹੀ ਨਹੀਂ। ਇਥੇ ਸੰਸਾਰ ਵਿਚ ਹਰ ਚੀਜ਼ ਦੀ ਆਪਣੀ ਮਹਿਮਾ ਹੈ। ਹਰ ਚੀਜ਼ ਦੀ ਆਪਣੇ ਥਾਂ ਲੋੜ ਹੈ। ਛੋਟੇ ਵੱਡੇ ਦੇ ਖਿਆਲ ਨੇ ਮਨੁੱਖ ਦੇ ਰਸਤੇ ਵਿਚ ਟੋਏ ਤੇ ਟਿੱਬੇ ਬਣਾ ਦਿੱਤੇ ਹਨ। ਇਸੇ ਲਈ ਜੀਵਨ ਵਿਚ ਤੁਰਨਾ ਮੁਸ਼ਕਲ ਹੋ ਗਿਆ ਹੈ। ਜਿਸ ਰਸਤੇ ਵਿਚ ਟੋਏ ਟਿੱਬੇ ਹੋਣ, ਉਸ ਰਸਤੇ ਵਿਚ ਕਿਸੇ ਗੱਡੀ ਦਾ ਚਲਣਾ ਮੁਸ਼ਕਲ ਹੋ ਜਾਂਦਾ ਹੈ। ਐਸੇ ਰਸਤਿਆਂ ਵਿਚ ਅਸਵਾਰੀਆਂ ਮਰਦੀਆਂ ਹਨ, ਗੱਡੀਆਂ ਟੁੱਟ ਕੇ ਤਬਾਹ ਹੋ ਜਾਂਦੀਆਂ ਹਨ। ਰੱਬ ਦੇ ਰਸਤੇ ਤੇ ਚਲਣ ਵਾਲਾ ਵੀ ਟੋਏ ਟਿੱਬਿਆਂ ਦਾ ਰਸਤਾ ਚੁਣ ਲਵੇ ਤਾਂ ਸੁਰਤ ਦੀ ਗੱਡੀ ਬਿਲਕੁਲ ਨਹੀਂ ਚਲ ਸਕੇਗੀ। ਟੋਏ ਟਿੱਬੇ ਦਾ ਭਾਵ ਕੀ ਹੈ? ਟੋਏ ਦਾ ਭਾਵ ਹੈ, ਦੂਸਰੇ ਨੂੰ ਨੀਵਾਂ ਸਮਝਣਾ, ਛੋਟਾ ਸਮਝਣਾ। ਟਿੱਬੇ ਦਾ ਭਾਵ ਹੈ, ਆਪਣੇ ਆਪ ਨੂੰ ਬੜਾ ਵੱਡਾ ਸਮਝਣਾ, ਉੱਚਾ ਸਮਝਣਾ। ਪਹਾੜੀ ਤੋਂ ਗੱਡੀ ਡਿਗਦੀ ਹੈ ਤਾਂ ਸਿੱਧੀ ਖੱਡ ਵਿਚ ਪੁਜ ਜਾਂਦੀ ਹੈ। ਇਸੇ ਤਰ੍ਹਾਂ ਹੰਕਾਰ ਦੇ ਟਿੱਬੇ ਤੋਂ ਹੰਕਾਰੀ ਡਿਗਦਾ ਹੈ ਤਾਂ ਸਿੱਧਾ ਹੀ ਤਬਾਹੀ ਦੀ ਖੱਡ ਵਿਚ ਪਤਿਤਪੁਣੇ ਦੀ ਖੱਡ ਵਿਚ ਜਾ

ਡਿੱਗਦਾ ਹੈ। ਗੁਰੂ ਤੋਂ ਬਾਅਦ ਜ਼ਲੀਲ ਹੋਣ ਦੀ ਵਾਰੀ ਮਰ ਹੀ ਜਾਂਦੀ ਹੈ।

ਹਰ ਹੰਕਾਰੇ ਬੰਦੇ ਨੂੰ ਜ਼ਲੀਲ ਹੋਣਾ ਹੀ ਪਿਆ ਹੈ। ਹਰ ਵੱਡੇ ਨੂੰ ਸਮਾਂ ਪਾ ਕੇ ਛੋਟਾ ਹੋਣਾ ਹੀ ਪੈਂਦਾ ਹੈ। ਆਕੜ ਕੇ ਤੁਰਨ ਵਾਲਿਆਂ ਨੂੰ ਇਕ ਦਿਨ ਖਾਕ ਵਿਚ ਮਿਲਣਾ ਹੀ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੈਂ ਹੰਕਾਰ ਦਾ ਟਿੱਬਾ ਬਰਾਬਰ ਕਰਨ ਵਾਸਤੇ ਪਹਿਲਾਂ ਹੀ ਗੱਲ ਉੱਥੋਂ ਸ਼ੁਰੂ ਕਰਦਾ ਹਾਂ ਕਿ ਫਿਰ ਨਾ ਡਿੱਗਣਾ ਪਵੇ। ਅਸੀਂ ਇਕ ਸਾਖੀ ਪੜ੍ਹ ਕੇ ਹੈਰਾਨ ਹੁੰਦੇ ਹਾਂ ਕਿ ਵਲੀ ਕੰਧਾਰੀ ਨੇ ਪਹਾੜ ਰੇੜ੍ਹ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਪੰਜਾ ਲਗਾ ਦਿੱਤਾ. ਪਹਾੜ ਰੁਕ ਗਿਆ। ਅਸਲ ਵਿਚ ਜਿੱਡਾ ਵੱਡਾ ਪਹਾੜ ਸਾਨੂੰ ਬਾਹਰ ਦਿਸਦਾ ਹੈ, ਇਸ ਤੋਂ ਕਈ ਗੁਣਾ ਵੱਡਾ ਪਹਾੜ, ਹੰਕਾਰ ਦਾ ਪਹਾੜ, ਵਲੀ ਕੰਧਾਰੀ ਦੇ ਮਨ ਵਿਚ ਸੀ। ਪਹਾੜ ਰਿੜ੍ਹ ਕੇ ਨੀਵੇਂ ਪਾਸੇ ਹੀ ਆਉਂਦਾ ਹੈ। ਫਿਰ ਹੰਕਾਰੀ ਵਲੀ ਕੰਧਾਰੀ ਆਪ ਵੀ ਰਿੜ੍ਹ ਕੇ ਸਿੱਧਾ ਹੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਪਹੁੰਚ ਜਾਂਦਾ ਹੈ, ਜਿੱਥੇ ਨੀਵੇਂ ਥਾਂ ਹੰਕਾਰੀਆਂ ਨੂੰ ਬਾਅਦ ਵਿਚ ਪਹੁੰਚਣਾ ਪੈਂਦਾ ਹੈ। ਗੁਰੂ ਨਾਨਕ ਦੇਵ ਪਹਿਲਾਂ ਹੀ ਉੱਥੇ ਬੈਠੇ ਹਨ :

*ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚ।*
*ਨਾਨਕ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।*

ਸਿਰੀ ਰਾਗ ਮ: ੧ ਪੰਨਾ ੧੫

ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਜਿਹੜੇ ਸੁਚੇਤ ਹਨ, ਉਨ੍ਹਾਂ ਲਈ ਟੋਇਆਂ ਟਿੱਬਿਆਂ ਵਿਚੋਂ ਗੁਜਰਨਾ ਵੀ ਇਕ ਅਨੰਦ ਹੈ। ਪਹਾੜ ਤੇ ਖਲੋਤੇ ਉਹ ਖਾਈ ਨੂੰ ਵੇਖ ਕੇ ਅਨੰਦ ਮਾਣਦੇ ਹਨ। ਖਾਈ ਵਿਚ ਡਿੱਗਦੇ ਨਹੀਂ ਤੇ ਇਹ ਵੀ ਖਿਆਲ ਰੱਖਦੇ ਹਨ ਕਿ ਪਹਾੜ ਦੀ ਚੋਟੀ ਤੇ ਸਦਾ ਵਾਸਤੇ ਨਹੀਂ ਰਹਿਣਾ। ਅਸੀਂ ਸੈਰ ਕਰਨ ਵਾਸਤੇ ਆਏ ਹਾਂ। ਫਿਰ ਨੀਵੇਂ ਮੈਦਾਨ ਵਿਚ ਜਾਣਾ ਹੈ ਤੇ ਥੱਲੇ ਖਲੋਤੇ ਪਹਾੜ ਨੂੰ ਵੇਖ ਕੇ ਅਨੰਦ ਮਾਣਦੇ ਹਨ। ਜਿਨ੍ਹਾਂ ਤੇ ਪ੍ਰਮਾਤਮਾ ਦੀ ਕ੍ਰਿਪਾ ਹੈ, ਉਹ ਵੱਡਿਆਂ

ਨੂੰ ਵੇਖ ਕੇ ਕਹਿੰਦੇ ਹਨ, ਤੂੰ ਇਸ ਤੇ ਬੜੀ ਕ੍ਰਿਪਾ ਕੀਤੀ ਹੈ। ਇਸ ਨੂੰ ਵੱਡਾ ਬਣਾਇਆ ਹੈ। ਛੋਟੇ ਨੂੰ ਵੇਖ ਕੇ ਕਹਿੰਦੇ ਹਨ ਕਿ ਤੇਰੀ ਰਜ਼ਾ ਹੈ, ਤੂੰ ਇਸ ਨੂੰ ਛੋਟਾ ਬਣਾਇਆ ਹੈ।

ਵੱਡੇ ਤੇ ਕ੍ਰਿਪਾ ਹੈ ਉਸ ਨੂੰ ਬੜੀਆਂ ਜ਼ੁੰਮੇਵਾਰੀਆਂ ਦਿੱਤੀਆਂ ਹਨ। ਇਹ ਤੇਰੀ ਕ੍ਰਿਪਾ ਹੈ। ਛੋਟੇ ਤੇ ਇਸ ਲਈ ਕ੍ਰਿਪਾ ਹੈ ਕਿ ਛੋਟਾ ਬੱਚਾ ਸਭ ਤੋਂ ਪਿਆਰਾ ਹੁੰਦਾ ਹੈ। ਛੋਟਿਆਂ ਨੂੰ ਤੂੰ ਬੜਾ ਪਿਆਰ ਦਿੰਦਾ ਹੈਂ। ਵੱਡਾ ਤਾਂ ਜ਼ੁੰਮੇਵਾਰੀ ਨਿਭਾਏਗਾ ਤਾਂ ਪਿਆਰ ਦਾ ਪਾਤਰ ਬਣੇਗਾ। ਪਰ ਛੋਟਿਆਂ ਨੂੰ ਤਾਂ ਸੁਭਾਵਕ ਹੀ ਬੜਾ ਪਿਆਰ ਮਿਲਦਾ ਹੈ। ਇਸ ਵਿਸ਼ੇ ਤੇ ਵਿਦਵਾਨਾਂ ਬੜਾ ਕੁਝ ਲਿਖਿਆ ਹੈ। ਇਕਬਾਲ ਲਿਖਦੇ ਹਨ :

ਪਹਾੜ ਨੇ ਕੀੜੇ ਨੂੰ ਕਿਹਾ, ਮੈਂ ਇੱਡਾ ਵੱਡਾ ਹਾਂ, ਪਹਾੜ ਹਾਂ, ਤੂੰ ਛੋਟਾ ਜਿਹਾ ਕੀੜਾ ਹੈਂ, ਤੂੰ ਜਤਨ ਕਰਕੇ ਵੀ ਮੇਰੇ ਜਿੱਡਾ ਨਹੀਂ ਬਣ ਸਕਦਾ। ਕੀੜੇ ਕਿਹਾ ਤੂੰ ਮੇਰੇ ਜਿੱਡਾ ਬਣ ਕੇ ਵਿਖਾ। ਜੇ ਮੈਂ ਵੱਡਾ ਨਹੀਂ ਤਾਂ ਤੂੰ ਛੋਟਾ ਵੀ ਤਾਂ ਨਹੀਂ। ਕਵੀ ਰਹੀਮ ਕਹਿੰਦੇ ਹਨ ਕਿ ਵੱਡੇ ਮਿੱਤਰ ਨੂੰ ਵੇਖ ਕੇ ਛੋਟਿਆਂ ਨੂੰ ਭੁਲਾ ਨਹੀਂ ਦੇਣਾ ਚਾਹੀਦਾ, ਕਿਉਂਕਿ ਜਿੱਥੇ ਸੂਈ ਨੇ ਕੰਮ ਕਰਨਾ ਹੈ, ਉੱਥੇ ਤਲਵਾਰ ਕੰਮ ਨਹੀਂ ਕਰ ਸਕੇਗੀ।

*ਬੜੇ ਮਿਤ੍ਰ ਕੋ ਦੇਖ ਕਰ ਲਘੁ ਨਾ ਦੀਜੀਐ ਨਿਵਾਰ।*
*ਜਹਾਂ ਕਾਮ ਸੂਈ ਕਰੇ ਕਹਾਂ ਕਰੇ ਤਲਵਾਰ।*

ਮੈਂ ਸੁਣਿਆ ਹੈ ਕਿ ਇਕ ਮਕਾਨ ਨੂੰ ਦੁਸ਼ਮਣਾਂ ਨੇ ਘੇਰ ਲਿਆ। ਵਿੱਚ ਵੱਸਦੇ ਬੰਦਿਆਂ ਨੂੰ ਉਨ੍ਹਾਂ ਪਕੜਨਾ ਸੀ। ਮਕਾਨ ਦੇ ਦਰਵਾਜ਼ਿਆਂ ਨੂੰ ਉਹਨਾਂ ਤੋੜਨਾ ਸ਼ੁਰੂ ਕੀਤਾ ਸੀ। ਬਾਕੀ ਸਾਰੇ ਇਕ ਛੋਟੀ ਖਿੜਕੀ ਰਾਹੀਂ ਬਾਹਰ ਨਿਕਲ ਗਏ, ਪਰ ਇਕ ਬਹੁਤ ਮੋਟਾ ਬੰਦਾ ਨਾ ਨਿਕਲ ਸਕਿਆ। ਕਾਬੂ ਆ ਗਿਆ ਤੇ ਕਹਿਣ ਲੱਗਾ, ਰੱਬਾ ਕਦੀ ਤੂੰ ਮੈਨੂੰ ਵੀ ਛੋਟਾ ਬਣਾਇਆ ਹੁੰਦਾ ਤਾਂ ਮੇਰੇ ਲਈ ਅੱਜ ਇਹ ਮੁਸ਼ਕਲ ਨਾ ਬਣਦੀ। ਮੈਂ ਵੀ ਬਚ ਕੇ ਨਿਕਲ ਜਾਂਦਾ। ਕਬੀਰ ਸਾਹਿਬ ਜੀ ਫਰਮਾਉਂਦੇ ਹਨ ਕਿ ਨਾਮ ਰੂਪੀ ਖੰਡ ਰੇਤੇ ਵਿਚ ਖਿੱਲਰ ਗਈ ਹੈ। ਹਾਥੀ ਇਸ ਨੂੰ ਨਹੀਂ ਚੁੱਕ ਸਕਦਾ। ਕੀੜੀ ਬਣ ਕੇ ਚੁਣ ਕੇ ਖਾਧਾ ਜਾ ਸਕਦਾ ਹੈ :

*ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ।*
*ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ।*

ਸਲੋਕ ਕਬੀਰ ਪੰਨਾ ੧੩੭੮

ਛੋਟਾ ਤੇ ਵੱਡਾ ਦੋ ਦੀਵੇ ਹਨ। ਇਹ ਦੋ ਖਿਆਲ ਹਨ, ਇਨ੍ਹਾਂ ਦੋਵਾਂ ਦੀਵਿਆਂ ਦੀ ਜੋਤ ਇੱਕ ਹੈ। ਵੱਡਾ ਦੀਵਾ ਹੈ ਕਿ ਪ੍ਰਮਾਤਮਾ ਵੱਡਾ ਹੈ। ਛੋਟਾ ਦੀਵਾ ਇਹ ਖਿਆਲ ਹੈ ਕਿ ਮੈਂ ਛੋਟੇ ਤੋਂ ਛੋਟਾ ਬਣ ਕੇ ਉਸ ਤੱਕ ਪੁੱਜ ਸਕਦਾ ਹਾਂ।

# 16

ਕਈ ਮਨੁੱਖ ਐਸੇ ਹਨ ਜਿਹੜੇ ਬਿਲਕੁਲ ਇਕੱਲੇ ਰਹਿਣਾ ਚਾਹੁੰਦੇ ਹਨ। ਉਨ੍ਹਾਂ ਦਾ ਕਹਿਣਾ ਹੈ, ਕਿ ਰੱਬ ਵੀ ਇਕੱਲਾ ਹੈ, ਜਦੋਂ ਤੱਕ ਬੰਦਾ ਵੀ ਇਕੱਲਾ ਨਾ ਹੋ ਜਾਵੇ, ਉਸਦੀ ਪ੍ਰਮਾਤਮਾ ਨਾਲ ਸਾਂਝ ਨਹੀਂ ਪੈ ਸਕਦੀ। ਇਸ ਲਈ ਉਹ ਇਕੱਲੇ ਹੋ ਕੇ ਬੈਠ ਗਏ ਸਨ। ਉਨ੍ਹਾਂ ਨੇ ਜੰਗਲ ਵਿਚ ਪੈਦਾ ਹੋਏ ਕੰਦ-ਮੂਲ ਨੂੰ, ਜੰਗਲੀ ਫੁੱਲਾਂ ਨੂੰ ਆਪਣੀ ਖੁਰਾਕ ਬਣਾ ਲਿਆ। ਕੁਦਰਤੀ ਝਰਨਿਆਂ ਤੋਂ ਪਾਣੀ ਪੀ ਕੇ ਆਪਣੀ ਪਿਆਸ ਬੁਝਾ ਲਈ। ਬਰਤਨਾਂ ਦੀ ਥਾਂ ਆਪਣੇ ਹੱਥਾਂ ਦੀ ਵਰਤੋਂ ਕੀਤੀ। ਕੱਪੜੇ ਦੀ ਵਰਤੋਂ ਘਟਾ ਦਿੱਤੀ। ਸਿਰਫ ਇਕ ਲੰਗੋਟੀ ਜਾਂ ਫਿਰ ਨਗਨ ਰਹਿਣ ਲੱਗ ਪਏ। ਉਨ੍ਹਾਂ ਦਾ ਭਾਵ ਸੀ ਕਿ ਸਾਨੂੰ ਕਿਸੇ ਚੀਜ਼ ਦੀ ਮੁਥਾਜੀ ਨਾ ਰਹੇ। ਐਸੇ ਸਾਧੂਆਂ ਬਾਰੇ ਬਹੁਤ ਕਹਾਣੀਆਂ ਹਨ, ਕਿ ਇੱਕ ਸਾਧੂ ਨੇ ਇਕ ਕੁਪੀਨ ਲੰਗੋਟੀ ਧਾਰਨ ਕਰ ਲਈ। ਸੋਚਿਆ ਇਕ ਨਾਲ ਕੰਮ ਨਹੀਂ ਚਲੇਗਾ। ਇਸ਼ਨਾਨ ਵੇਲੇ ਕੁਪੀਨ ਭਿੱਜ ਜਾਏਗੀ ਇਕ ਨਹੀਂ ਦੋ ਚਾਹੀਦੀਆਂ ਹਨ, ਦੋ ਬਣਾ ਲਈਆਂ। ਇਕ ਕੁਪੀਨ ਨੂੰ ਇਕ ਦਿਨ ਚੂਹਾ ਟੁਕ ਗਿਆ, ਇਸ਼ਨਾਨ ਵੇਲੇ ਵੇਖਿਆ। ਉਸ ਨੂੰ ਚੂਹੇ ਤੇ ਬੜਾ ਕ੍ਰੋਧ ਆਇਆ ਕਿ ਵੇਖ ਤੇਰੀ ਮੇਰੀ ਕੀ ਦੁਸ਼ਮਣੀ ਹੈ। ਮੈਂ ਸਾਰਾ ਕੁਝ ਤਿਆਗ ਕੇ ਪ੍ਰਮਾਤਮਾ ਦੀ ਬੰਦਗੀ ਵਾਲੇ ਪਾਸੇ ਲੱਗਾ ਹਾਂ ਤੂੰ ਮੇਰੀ ਕੁਪੀਨ ਕੱਟ ਦਿਤੀ ਹੈ। ਅੱਛਾ ! ਤੈਨੂੰ ਸਬਕ ਸਿਖਾਉਣਾ ਹੀ ਪਵੇਗਾ। ਸਾਧੂ ਨੇ ਇਕ ਬਿੱਲੀ ਰੱਖ ਲਈ। ਚੂਹਾ ਤਾਂ ਹੁਣ ਡਰਦਾ ਕੋਈ ਨਹੀਂ ਆਉਂਦਾ, ਪਰ ਬਿੱਲੀ ਨੂੰ ਦੁੱਧ ਚਾਹੀਦਾ ਹੈ। ਸਾਧੂ ਨੇ ਬਿੱਲੀ ਵਾਸਤੇ ਇਕ ਗਾਂ ਰੱਖ ਲਈ। ਗਾਂ ਵਾਸਤੇ ਪੱਠੇ ਚਾਹੀਦੇ ਹਨ। ਪੱਠਿਆਂ ਵਾਸਤੇ ਖੇਤੀ ਕਰ ਲਈ। ਖੇਤੀ ਦਾ ਠੇਕਾ

ਪੈਸਿਆਂ ਦੇ ਰੂਪ ਵਿਚ ਦੇਣਾ ਸੀ, ਉਹ ਦੇ ਨਾ ਸਕਿਆ। ਕਿਸਾਨ ਨੇ ਹਾਕਮ ਕੋਲ ਪੁਕਾਰ ਕੀਤੀ। ਉਸਨੇ ਸਾਧੂ ਨੂੰ ਗ੍ਰਿਫ਼ਤਾਰ ਕੀਤਾ ਤੇ ਸਾਰੀ ਰਾਤ ਖੜ੍ਹਾ ਰਖਿਆ, ਇਸ ਨੇ ਲੰਗੋਟੀ ਹੀ ਲਾਹ ਕੇ ਸੁਟ ਦਿੱਤੀ ਤੇ ਕਹਿਣ ਲੱਗਾ, ਸਾਰਾ ਪੁਆੜਾ ਏਸੇ ਕੁਪੀਨ ਦਾ ਹੈ, ਇਹ ਵੀ ਲੈ ਲਓ, ਬਿੱਲੀ ਵੀ ਲੈ ਲਓ, ਗਾਂ ਵੀ ਲੈ ਜਾਓ ਤੇ ਮੇਰੀ ਜਾਨ ਖਲਾਸੀ ਕਰੋ। ਮੈਨੂੰ ਇਸ ਲੰਗੋਟੀ ਨੇ ਕਸ਼ਟ ਵਿਚ ਪਾ ਦਿੱਤਾ ਹੈ। ਇਕ ਲੰਗੋਟੀ ਧਾਰਨ ਕੀਤੀ ਸੀ ਕਿ ਸਮਾਜ ਨਾਲ ਥੋੜ੍ਹਾ ਬਹੁਤ ਜੁੜਿਆ ਰਹਾਂ ਤੇ ਜੇ ਸਮਾਜ ਨਾਲ ਜੁੜੇ ਰਹਿਣਾ ਹੈ, ਫਿਰ ਥੋੜ੍ਹਾ ਪਰਦਾ ਰੱਖਣਾ ਹੀ ਪਵੇਗਾ। ਪਰ ਮੈਂ ਹੁਣ ਇਕਾਂਤ ਹੀ ਚਾਹੁੰਦਾ ਹਾਂ, ਸਮਾਜ ਨਹੀਂ। ਐਸੇ ਬੰਦੇ ਇਕਾਂਤ ਵਿਚ ਬੈਠ ਗਏ। ਸੰਸਾਰ ਦੇ ਝਮੇਲਿਆਂ ਤੋਂ ਬਚ ਗਏ ਸ਼ਾਂਤ ਹੋ ਗਏ। ਪਰ ਐਸੇ ਬੰਦਿਆਂ ਦਾ ਕੋਈ ਸਮਾਜ ਨਹੀਂ ਬਣ ਸਕਦਾ। ਇਕੱਲਾ ਬੰਦਾ ਰਹੇ ਤਾਂ ਜੀਵਨ ਆਪਣੇ ਤੱਕ ਹੀ ਸੀਮਤ ਹੋ ਜਾਂਦਾ ਹੈ। ਪਰ ਹੈਰਾਨਕੁੰਨ ਗੱਲ ਹੈ ਕਿ ਐਸੇ ਬੰਦੇ ਜਿਹੜੇ ਨਗਨ ਰਹਿੰਦੇ ਹਨ, ਉਜਾੜ ਵਿਚ ਰਹਿੰਦੇ ਹਨ, ਕੰਦ-ਮੂਲ ਖਾ ਕੇ ਗੁਜ਼ਾਰਾ ਕਰ ਲਿਆ, ਉਹ ਵੀ ਕਹਿੰਦੇ ਹਨ ਕਿ ਇਹ ਕੰਮ ਬੜਾ ਹੀ ਔਖਾ ਹੈ, ਜਿਊਂਦੇ ਮਰਨ ਵਾਲੀ ਗੱਲ ਹੈ, ਫਿਰ ਐਸੇ ਬੰਦਿਆਂ ਨੂੰ ਬੰਦਾ ਪੁੱਛੇ ਕਿ ਜੇ ਇਹ ਵੀ ਕੰਮ ਔਖਾ ਹੈ ਤਾਂ ਫਿਰ ਸੌਖਾ ਕਿਹੜਾ ਕੰਮ ਹੈ? ਪਹਿਲੀ ਗੱਲ ਤਾਂ ਇਹ ਹੈ ਕਿ ਕੰਮ ਹੁਣ ਹੈ ਹੀ ਕੋਈ ਨਹੀਂ। ਕੰਮ ਤਾਂ ਸਾਰੇ ਛੱਡ ਬੈਠੇ ਹਨ। ਬੰਦੇ ਦੀ ਹਾਲਤ ਬੜੀ ਹੀ ਅਜੀਬ ਹੈ। ਇਹ ਪਰਿਵਾਰ ਵਿਚ ਵੀ ਔਖਾ ਹੈ, ਪਰਿਵਾਰ ਛੱਡ ਕੇ ਵੀ ਔਖਾ ਹੈ।

ਇਹ ਘਰ ਵਿਚ ਵੀ ਔਖਾ ਹੈ, ਇਹ ਉਜਾੜ ਵਿਚ ਵੀ ਔਖਾ ਹੈ, ਇਹ ਗ੍ਰਿਹਸਤੀ ਵਿਚ ਵੀ ਔਖਾ ਹੈ। ਇਹ ਤਿਆਗੀ ਵੀ ਔਖਾ ਹੈ, ਇਹ ਛੱਤੀ ਪਦਾਰਥ ਖਾਂਦਾ ਵੀ ਔਖਾ ਹੈ, ਇਹ ਕੰਦ-ਮੂਲ ਖਾਂਦਾ ਵੀ ਔਖਾ ਹੈ। ਇਹ ਸੁਹਣੇ ਬਸਤਰ ਪਹਿਨਦਾ ਵੀ ਔਖਾ ਹੈ, ਇਹ ਨਗਨ ਰਹਿੰਦਾ ਵੀ ਔਖਾ ਹੈ। ਗ੍ਰਿਹਸਤ ਵਿਚ ਔਖਾ ਨਾ ਹੁੰਦਾ ਤਾਂ ਇਹ ਗ੍ਰਿਹਸਤ ਛੱਡ ਕੇ ਕਦੀ ਨਾ ਦੌੜਦਾ। ਪਰ ਛੱਡ ਕੇ ਜਿੱਥੇ ਗਿਆ ਹੈ ਹੁਣ ਫਿਰ ਕਹਿੰਦਾ ਹੈ ਇਹ ਜਿਊਂਦੇ ਮਰਨ ਵਾਲੀ ਗੱਲ ਹੈ। ਇਹ ਸਮਾਜ ਵਿਚ ਵੀ ਔਖਾ

ਸੀ, ਹੁਣ ਇਕਾਂਤ ਵਿਚ ਵੀ ਔਖਾ। ਜਦੋਂ ਕਦੀ ਐਸੇ ਬੰਦੇ ਮੈਨੂੰ ਕਹਿੰਦੇ ਹਨ ਕਿ ਇਹ ਕੰਮ ਬਹੁਤ ਔਖਾ ਹੈ ਤਾਂ ਮੈਂ ਕਹਿੰਦਾ ਹਾਂ ਇਹ ਛੱਡ ਦਿਓ, ਪਹਿਲਾ ਹੀ ਕਰ ਲਓ। ਔਖਾ ਕੰਮ ਕਰਨ ਦੀ ਕੀ ਲੋੜ ਹੈ, ਸੌਖਾ ਕਰ ਲਵੋ। ਪਰ ਇਹ ਤੁਸੀਂ ਕਦੀ ਨਾ ਭੁੱਲਣਾ ਇਧਰ ਸੌਖਾ ਸਮਝ ਕੇ ਤੁਸੀਂ ਆਏ ਸੀ ਜਿਸਨੂੰ ਹੁਣ ਛੱਡ ਕੇ ਭੱਜਣ ਵਾਸਤੇ ਤਿਆਰ ਹੋ ਤੇ ਜਿਸ ਪਾਸੇ ਜਾਣ ਲਈ ਤਿਆਰ ਹੋ, ਔਖਾ ਸਮਝ ਤੁਸੀਂ ਛੱਡ ਕੇ ਭੱਜੇ ਸੀ। ਸੱਚ ਹੈ ਕਿ ਬੰਦਾ ਅੱਧ ਵਿਚ ਫਸਿਆ ਹੈ, ਇਹ ਬੰਦਿਆਂ ਦੀ ਰੌਣਕ ਵੀ ਚਾਹੁੰਦਾ ਹੈ ਤੇ ਇਹ ਇਕਾਂਤ ਵੀ ਚਾਹੁੰਦਾ ਹੈ। ਇਹ ਸਿਰਫ ਇਕਾਂਤ ਹੋਵੇ ਤਾਂ ਵੀ ਦੁਖੀ ਹੈ। ਸਿਰਫ ਬੰਦਿਆਂ ਦੀ ਭੀੜ ਹੋਵੇ ਤਾਂ ਵੀ ਦੁਖੀ ਹੈ। ਕੀ ਐਸਾ ਤੇ ਨਹੀਂ ਕਿ ਦੋਵੇਂ ਹੀ, ਇਕਾਂਤ ਵੀ ਅਤੇ ਸਮਾਜ ਵੀ, ਮਨੁੱਖੀ ਮਨ ਦੀਆਂ ਲੋੜਾਂ ਹੋਣ। ਕੁਝ ਮਨ ਨੂੰ ਦਬਾ ਕੇ ਇਕੱਲੇ ਰਹਿੰਦੇ ਹਨ, ਰਹਿੰਦੇ ਮਨ ਨੂੰ ਦਬਾ ਕੇ ਹਨ, ਇਸੇ ਵਾਸਤੇ ਕਹਿੰਦੇ ਹਨ ਕਿ ਇਹ ਕੰਮ ਬੜਾ ਔਖਾ ਹੈ। ਉਨ੍ਹਾਂ ਦਾ ਕੋਈ ਪਰਿਵਾਰ, ਸੰਸਾਰਕ ਸਮਾਜ ਨਹੀਂ ਬਣ ਸਕਿਆ। ਇਕੱਲੇ ਬੰਦੇ ਦਾ ਕੀ ਸਮਾਜ ਹੋਵੇਗਾ। ਦੋ ਰਲ ਕੇ ਬੈਠ ਗਏ ਤਾਂ ਫਿਰ ਬੰਦਾ ਇਕਾਂਤੀ ਨਾ ਰਹਿ ਗਿਆ। ਪਰ ਮਨ ਮਾਰ ਕੇ ਕਈ ਇਕਾਂਤ ਵਿਚ ਰਹਿ ਰਹੇ ਹਨ। ਦੂਸਰੇ ਮਨੁੱਖ ਉਹ ਹਨ ਜਿਹੜੇ ਸੰਗ ਸਾਥ ਚਾਹੁੰਦੇ ਹਨ, ਭਾਵੇਂ ਸੰਗ ਸਾਥ ਸੁੱਖ ਦੇਣ ਵਾਲਾ ਹੋਵੇ, ਭਾਵੇਂ ਦੁੱਖ ਦੇਣ ਵਾਲਾ ਹੋਵੇ। ਭਾਵੇਂ ਨਰਕ ਵਰਗਾ ਸੰਗ ਸਾਥ ਕਿਉਂ ਨਾ ਹੋਵੇ, ਪਰ ਉਸ ਸੰਗ ਸਾਥ ਤੋਂ ਬਿਨਾਂ ਉਹ ਰਹਿ ਨਹੀਂ ਸਕਦੇ। ਉਨ੍ਹਾਂ ਦੀ ਦਿਹਾੜੀ ਬਤੀਤ ਨਹੀਂ ਹੁੰਦੀ, ਜਦੋਂ ਤਕ ਉਨ੍ਹਾਂ ਦੀ ਗਲ ਸੁਣਨ ਵਾਲਾ ਉਨ੍ਹਾਂ ਨੂੰ ਕੋਈ ਨਾ ਮਿਲੇ। ਉਨ੍ਹਾਂ ਦਾ ਉਹ ਦਿਨ ਨਰਕ ਵਰਗਾ ਬਤੀਤ ਹੁੰਦਾ ਹੈ।

ਇਕ ਬੰਦਾ ਐਸਾ ਹੈ ਜਿਹੜਾ ਦੂਸਰੇ ਦੇ ਕੋਲ ਹੁੰਦਿਆਂ ਪ੍ਰੇਸ਼ਾਨ ਹੋ ਜਾਂਦਾ ਹੈ। ਇਕ ਉਹ ਹੈ ਜਿਹੜਾ ਦੂਸਰੇ ਬਿਨਾਂ ਪ੍ਰੇਸ਼ਾਨ ਹੋ ਜਾਂਦਾ ਹੈ। ਇਹ ਬੰਦੇ, ਦੋ ਤਰ੍ਹਾਂ ਦੇ ਬੰਦੇ, ਦੋਵੇਂ ਹੀ ਅਧੂਰੇ ਹਨ, ਇਹ ਪੂਰੇ ਨਹੀਂ। ਇਨ੍ਹਾਂ ਵਿਚ ਬੜੀ ਵੱਡੀ ਕਮਜ਼ੋਰੀ ਹੈ। ਐਸੇ ਇਕਾਂਤੀ ਵੀ ਮੁਰਦਾ ਹਨ। ਉਨ੍ਹਾਂ ਜੀਵਨ ਨੂੰ ਕਬਰਸਤਾਨ ਬਣਾ ਛੱਡਿਆ ਹੈ, ਜਿਊਂਦੇ ਹੀ

ਕਬਰ ਵਿਚ ਪਏ ਹੋਏ ਹਨ। ਦੂਸਰੇ ਸੰਗ ਸਾਥ ਦੇ ਗੁਲਾਮ ਹਨ। ਸੁਤੰਤਰ ਦੋਹਾਂ ਵਿਚੋਂ ਹੀ ਕੋਈ ਨਹੀਂ। ਇਨ੍ਹਾਂ ਦੋਹਾਂ ਤੋਂ ਵੱਖ ਇਕ ਤੀਸਰੀ ਕਿਸਮ ਦਾ ਬੰਦਾ ਹੈ। ਐਸਾ ਮਨੁੱਖ ਗੁਰਮਤਿ ਨੇ ਪੈਦਾ ਕੀਤਾ ਹੈ, ਉਹ ਵਿਚਾਰ-ਵਾਨ ਹੈ, ਬਿਬੇਕੀ ਹੈ, ਗਿਆਨੀ ਹੈ, ਪਰਉਪਕਾਰੀ ਹੈ। ਉਹ ਇਕੋ ਸਮੇਂ ਤੇ ਇਕਾਂਤੀ ਵੀ ਹੈ, ਅਤੇ ਸੰਗੀ ਸਾਥੀ ਵੀ ਹੈ। ਜਦੋਂ ਉਹ ਬਹੁਤ ਜ਼ਿਆਦਾ ਮਨੁੱਖਾਂ ਦੇ ਇਕੱਠ ਵਿਚ ਹੁੰਦਾ ਹੈ ਤਾਂ ਉਸਦੇ ਅੰਦਰ ਇਕ ਖ਼ਿਆਲ ਹੁੰਦਾ ਹੈ।

*ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥*

ਪੰਨਾ ੮੭੩

ਨਾ ਕੋਈ ਮੇਰੇ ਨਾਲ ਆਇਆ ਹੈ ਤੇ ਨਾ ਹੀ ਕਿਸੇ ਨੇ ਮੇਰੇ ਨਾਲ ਜਾਣਾ ਹੈ। ਸੰਗ ਸਾਥ ਵਿਚ ਰਹਿੰਦਿਆਂ ਮੇਰਾ ਧਿਆਨ ਆਪਣੇ ਆਪ ਵੱਲ ਰਹਿਣਾ ਚਾਹੀਦਾ ਹੈ ਕਿ ਕਿਸੇ ਬੁਰੇ ਸਾਥ ਦੀ ਮੈਲ ਨਾਲ ਮੈਂ ਮੈਲਾ ਤਾਂ ਨਹੀਂ ਹੋ ਗਿਆ। ਜਿਵੇਂ ਵੱਡੇ ਇਕੱਠ ਵਿਚ ਆਪਣੀ ਜੇਬ ਦਾ, ਆਪਣੇ ਪੈਸਿਆਂ ਦਾ ਧਿਆਨ ਰੱਖਦੇ ਹਾਂ, ਇਸੇ ਤਰ੍ਹਾਂ ਗੁਰਮੁਖਜਨ ਆਪਣੇ ਮਨ ਦਾ ਧਿਆਨ ਰੱਖਦਾ ਹੈ ਕਿ ਕਿਸੇ ਬੁਰੀ ਛੁਹ ਨਾਲ ਮੇਰਾ ਕੋਈ ਨੁਕਸਾਨ ਨਾ ਹੋ ਜਾਵੇ। ਉਹ ਇਹ ਵੀ ਧਿਆਨ ਰੱਖਦਾ ਹੈ ਕਿ ਕਿਸੇ ਪਾਰਸ ਵਰਗੀ ਚੰਗੀ ਛੁਹ ਤੋਂ ਮੈਂ ਵਾਂਝਾ ਨਾ ਰਹਿ ਜਾਵਾਂ। ਇਕੱਠ ਜੈਸਾ ਵੀ ਹੋਵੇ, ਉਸ ਵਿਚ ਗਿਆ ਗੁਰਮੁਖ ਜਨ ਇਹ ਧਿਆਨ ਰੱਖਦਾ ਹੈ ਕਿ ਇੱਡੇ ਵੱਡੇ ਇਕੱਠ ਵਿਚ ਮੈਂ ਇਕੱਲਾ ਹਾਂ, ਉਹ ਇਕੱਠਾਂ ਵਿਚ ਗੁਆਚ ਨਹੀਂ ਜਾਂਦਾ, ਉਸ ਦਾ ਧਿਆਨ ਆਪਣੇ ਤੇ ਹੁੰਦਾ ਹੈ ਕਿ ਮੇਰਾ ਕੀ ਸੰਵਰਿਆ ਹੈ ਜਾਂ ਮੇਰਾ ਕੀ ਵਿਗੜਿਆ। ਕਿਸੇ ਇਕੱਠ ਨੇ ਮੇਰਾ ਸਾਥ ਨਹੀਂ ਦੇਣਾ। ਮੈਂ ਇਕੱਲਾ ਹੀ ਆਇਆ ਹਾਂ, ਇਕੱਲੇ ਹੀ ਜਾਣਾ ਹੈ, ਬੁਰੇ ਇਕੱਠ ਤੋਂ ਜਿੱਥੇ ਤੱਕ ਹੋ ਸਕੇ ਉਹ ਬਚਦਾ ਹੈ। ਪਰ ਜੇ ਕਿਤੇ ਵਾਹ ਬਣ ਹੀ ਜਾਏ ਤਾਂ ਉਹ ਅਛੂਹ ਰਹਿੰਦਾ ਹੈ। ਭਲੇ ਇਕੱਠ ਵਿਚ ਉਹ ਆਪ ਚਲ ਕੇ ਜਾਂਦਾ ਹੈ। ਫਿਰ ਵੀ ਧਿਆਨ ਰੱਖਦਾ ਹੈ ਕਿ ਕਿਸੇ ਦਾ ਕੀਤਾ ਕਿਸੇ ਦੇ ਕੰਮ ਨਹੀਂ ਆਉਂਦਾ। ਇਸ ਇਕੱਠ ਵਿਚ ਆ ਕੇ ਮੈਂ ਕੀ ਕੀਤਾ ਹੈ।

ਭਾਵ ਇਹ ਹੈ ਕਿ ਇਕੱਠ ਵਿਚ ਉਹ ਗਵਾਚਦਾ ਨਹੀਂ, ਸੁਚੇਤ ਰਹਿੰਦਾ ਹੈ। ਉਸ ਦਾ ਮਨ ਟਿਕਾਉ ਵਿਚ ਹੁੰਦਾ ਹੈ ਅਸਲ ਵਿਚ ਮਨ ਦਾ ਟਿਕਾਉ ਵਿਚ ਹੋਣਾ ਹੀ ਇਕਾਂਤੀ ਹੋਣਾ ਹੈ।

ਬਾਣੀ ਵਿਚ ਲਿਖਿਆ ਹੈ ਕਿ :

*ਸੋ ਇਕਾਂਤੀ ਜਿਸੁ ਰਿਦਾ ਥਾਇ।*
*ਸੋਈ ਨਿਹਚਲੁ ਸਾਚ ਠਾਇ॥*

ਬਸੰਤ ਮ: ੫ (ਪੰਨਾ ੧੧੮੦)

ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ ਇਕਾਂਤ ਤੇ ਸੰਨਿਆਸ ਪਰਸਥਿਤੀ ਨਾਲ ਸਬੰਧ ਨਹੀਂ ਰੱਖਦੇ, ਮਨੋ-ਸਥਿਤੀ ਨਾਲ ਸੰਬੰਧ ਰੱਖਦੇ ਹਨ। ਹੋ ਸਕਦਾ ਹੈ ਕਿ ਲੱਖਾਂ ਬੰਦਿਆਂ ਦੇ ਇਕੱਠ ਵਿਚ ਜਾਂ ਘਰ ਪਰਿਵਾਰ ਵਿਚ ਬੈਠਾ, ਬੱਚਿਆਂ ਨੂੰ ਖਿਡਾਉਂਦਾ ਹੋਇਆ ਬੰਦਾ ਇਕਾਂਤੀ ਤੇ ਸੰਨਿਆਸੀ ਹੋਵੇ। ਐਸਾ ਵੀ ਹੋ ਸਕਦਾ ਹੈ ਕਿ ਪਹਾੜ ਦੀ ਇਕਾਂਤ ਗੁਫਾ ਵਿਚ ਬੈਠਾ ਹੋਇਆ ਬੰਦਾ ਵੀ ਗ੍ਰਹਿਸਤੀ ਹੋਵੇ ਤੇ ਖਿਆਲ ਕਰਕੇ ਬੰਦਿਆਂ ਦੀ ਭੀੜ ਵਿਚ ਹੋਵੇ।

*ਰੇ ਮਨ ਐਸੋ ਕਰ ਸੰਨਿਆਸਾ।*
*ਬਨਸੇ ਸਦਨ ਸਭੈ ਕਰ ਸਮਝਹੁ ਮਨ ਹੀ ਮਹਿ ਉਦਾਸਾ।*

ਪਾਤਸ਼ਾਹੀ ੧੦

ਸਿੱਖ ਇਕੱਲਾ ਵੀ ਹੋਵੇ ਤਾਂ ਉਦਾਸ ਤੇ ਉਪਰਾਮ ਨਹੀਂ ਹੁੰਦਾ। ਸਿੱਖ ਸਮਝਦਾ ਹੈ ਕਿ ਪ੍ਰਮਾਤਮਾ ਮੇਰੇ ਅੰਗ ਸੰਗ ਹੈ। ਇਕਾਂਤ ਮਿਲ ਜਾਏ ਤਾਂ ਆਪਣੇ ਗੁਣਾਂ ਨੂੰ ਅਵਗੁਣਾਂ ਨੂੰ ਸਿੱਖ ਧਿਆਨ ਨਾਲ ਵੇਖਦਾ ਹੈ। ਇਕਾਂਤ ਵਿਚ ਆਪਣੇ ਅੰਦਰ ਗੁਣ ਪੈਦਾ ਕਰਨ ਲਈ ਚੰਗਿਆਂ ਨੂੰ ਯਾਦ ਕਰਦਾ ਹੈ ਤਾਂ ਕਿ ਚੰਗਿਆਂ ਦੀਆਂ ਚੰਗਿਆਈਆਂ ਮੇਰੇ ਅੰਦਰ ਪ੍ਰਵੇਸ਼ ਕਰ ਜਾਣ। ਇਹ ਸੱਚ ਹੈ ਕਿ ਚੰਗਿਆਂ ਦੀਆਂ ਯਾਦਾਂ ਜੋ ਚੰਗਿਆਈਆਂ ਨਾਲ ਭਰਪੂਰ ਹਨ, ਐਸੀਆਂ ਯਾਦਾਂ ਬੰਦੇ ਨੂੰ ਚੰਗਾ ਬਣਾ ਦਿੰਦੀਆਂ ਹਨ ਅਤੇ ਬੁਰਿਆਂ ਦੀਆਂ ਬੁਰੀਆਂ ਯਾਦਾਂ ਮਨੁੱਖ ਦੇ ਮਨ ਤੇ ਐਸਾ ਅਸਰ ਪਾਉਂਦੀਆਂ ਹਨ ਕਿ ਮਨੁੱਖ ਨੂੰ ਬੁਰਾ ਬਣਾ ਦਿੰਦੀਆਂ ਹਨ। ਸਿੱਖ ਇਕੱਲਾ

ਵੀ ਹੋਵੇ ਤਾਂ ਸੁਬ੍ਹਾ-ਸ਼ਾਮ ਅਰਦਾਸ ਤਾਂ ਜ਼ਰੂਰ ਹੀ ਕਰੇਗਾ। ਸ਼ੁਭ ਗੁਣਾਂ ਤੇ ਚੰਗਿਆਈਆਂ ਨਾਲ ਭਰਪੂਰ ਯਾਦਾਂ ਨੂੰ ਸਿੱਖ ਅਰਦਾਸ ਵਿਚ ਦੁਹਰਾਉਂਦਾ ਹੈ। ਗੁਰੂ ਮੇਰੇ ਨਾਲ ਹਨ, ਬਾਣੀ ਦਾ ਆਸਰਾ ਹੈ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ. ਚਾਲੀ ਮੁਕਤੇ ਨਾਮ ਜਪਣ ਵਾਲੇ, ਵੰਡ ਛਕਣ ਵਾਲੇ, ਹਠੀ ਜਪੀ ਤਪੀ ਸਾਰੇ ਯਾਦ ਰੂਪ ਵਿਚ, ਬਰਕਤ ਰੂਪ ਵਿਚ, ਅਸੀਸ ਰੂਪ ਵਿਚ ਮੇਰੇ ਨਾਲ ਹਨ। ਇਸ ਲਈ ਇਕਾਂਤ ਵਿਚ ਵੀ ਸਿੱਖ ਇਕੱਲਾ ਨਹੀਂ, ਪ੍ਰਮਾਤਮਾ ਉਸਦੇ ਨਾਲ ਹੈ। ਸੰਗਤ ਤੇ ਸਤਿਗੁਰੂ ਉਸ ਦੇ ਨਾਲ ਹਨ, ਉਹ ਇਕੱਲਾ ਨਹੀਂ।

ਅਸਲ ਵਿਚ ਇਕਾਂਤ ਤੇ ਸੰਗ ਸਾਥ ਦੋ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ, ਜੋ ਮਨੁੱਖ ਨੂੰ ਸੇਧ ਦਿੰਦੇ ਹਨ, ਕਿ ਇਕਾਂਤ ਵਿਚੋਂ ਵੀ ਕੁਝ ਮਿਲ ਸਕਦਾ ਹੈ ਤੇ ਭੀੜ ਵਿਚੋਂ ਵੀ ਕੁਝ ਪ੍ਰਾਪਤ ਹੋ ਜਾਂਦਾ ਹੈ। ਸ਼ਰਤ ਇਹ ਹੈ ਕਿ ਸਿੱਖ ਦੇ ਪਾਸ ਗੁਰੂ ਦੀ ਮਤ ਵਾਲਾ ਸੁਚੇਤ ਮਨ ਚਾਹੀਦਾ ਹੈ।

ਇਕਾਂਤ ਵਿਚ ਬੰਦਾ ਜੋ ਕੰਮ ਕਰ ਸਕਦਾ ਹੈ, ਇਕ ਤਾਂ ਆਮ ਹੋ ਹੀ ਰਿਹਾ ਹੈ ਕਿ ਬੰਦਾ ਪ੍ਰੇਸ਼ਾਨ ਹੋ ਜਾਵੇ ਤੇ ਸੰਗ ਸਾਥ ਦੀ ਤਲਾਸ਼ ਲਈ ਚੱਲ ਪਵੇ। ਦੂਸਰਾ ਇਹ ਹੈ ਕਿ ਇਕਾਂਤ ਮਿਲੇ ਤੇ ਬੰਦਾ ਆਪਣੇ ਆਪੇ ਦੀ ਖੋਜ ਵੱਲ ਨਿਕਲ ਪਵੇ। ਮੈਂ ਕੌਣ ਹਾਂ, ਕਿਧਰੋਂ ਆਇਆ ਹਾਂ, ਅਗੋਂ ਕਿਧਰ ਜਾਣਾ ਹੈ। ਮੇਰੇ ਵਿਚ ਗੁਣ ਕਿੰਨੇ ਕੁ ਹਨ ਅਤੇ ਮੇਰੇ ਵਿਚ ਅਵਗੁਣ ਕਿੰਨੇ ਕੁ ਹਨ। ਦੂਸਰਾ ਹੈ ਸੰਗ ਸਾਥ ਵਾਲਾ। ਉਹ ਵੀ ਦੋ ਕੰਮ ਕਰ ਸਕਦਾ ਹੈ ਜਾਂ ਤਾਂ ਬੁਰੇ ਸੰਗ ਸਾਥ ਵਿਚ ਰਲ ਕੇ ਜੂਆ ਖੇਡੇ, ਸ਼ਰਾਬ ਪੀਏ ਜਾਂ ਕੋਈ ਹੋਰ ਵਿਭਚਾਰ ਦੁਰਾਚਾਰ ਕਰੇ, ਅੰਤ ਵਿਚ ਦੁਖੀ ਹੋ ਕੇ ਕਹੇ ਕਿ ਏਹੋ ਜਿਹੇ ਸੰਗ ਸਾਥ ਤੋਂ ਤਾਂ ਮੈਂ ਇਕੱਲਾ ਹੀ ਚੰਗਾ ਹਾਂ। ਦੂਸਰਾ ਇਹ ਹੋ ਸਕਦਾ ਹੈ ਚੰਗਾ ਸੰਗ ਸਾਥ ਮਿਲੇ ਤਾਂ ਉਨ੍ਹਾਂ ਕੋਲੋਂ ਕੁਝ ਸਿੱਖੇ, ਨਾ ਮਿਲੇ ਤਾਂ ਚੰਗੇ ਸੰਗ ਸਾਥ ਨੂੰ ਯਾਦ ਕਰੇ। ਮਨੁੱਖ ਦੀ ਆਦਤ ਹੈ, ਜਿਨ੍ਹਾਂ ਬੰਦਿਆਂ ਦੇ ਸਾਥ ਵਿਚੋਂ ਦੁਖ ਹੀ ਦੁਖ ਮਿਲਿਆ ਹੈ ਐਸੇ ਕੁਸੰਗ ਨੂੰ ਤਾਂ ਯਾਦ ਕਰਦਾ ਹੀ ਰਹਿੰਦਾ ਹੈ। ਪਰ ਸਤਿ ਸੰਗਤ

ਜੋ ਪਾਰਸ ਵਰਗੀ ਹੈ, ਉਸ ਨੂੰ ਯਾਦ ਨਹੀਂ ਕਰਦਾ। ਐਸੀ ਸਤਿ ਸੰਗਤ ਦੀ ਯਾਦ ਵਿਚੋਂ ਸੁਖ ਮਿਲਦਾ ਹੈ, ਸ਼ਾਂਤੀ ਮਿਲਦੀ ਹੈ, ਟਿਕਾਉ ਮਿਲਦਾ ਹੈ। ਬੁਰੇ ਸਾਥ ਤੋਂ ਗੁਰਮੁਖ ਜਨ ਬਚਦਾ ਹੈ। ਨਾ ਬਚਿਆ ਜਾਏ ਤਾਂ ਉਹ ਸਮਝਦਾ ਹੈ ਅੱਜ ਮੇਰਾ ਇਮਤਿਹਾਨ ਹੈ, ਪ੍ਰੀਖਿਆ ਹੈ, ਮੈਂ ਇਹਨਾਂ ਦਾ ਪ੍ਰਭਾਵ ਨਹੀਂ ਕਬੂਲਣਾ। ਉਨ੍ਹਾਂ ਵਲੋਂ ਜੋ ਵੀ ਵਧੀਕੀ ਹੋਵੇ, ਗੁਰਮੁਖ ਜਨ ਸਹਾਰਦਾ ਹੈ ਪਰ ਆਪਣਾ ਸੁਭਾਵ ਨਹੀਂ ਛੱਡਦਾ :

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ।*
*ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ।*

ਪੰਨਾ ੧੩੭੩

ਸਿੱਖ ਸਮਝਦਾ ਹੈ ਮੈਂ ਇਕਾਂਤੀ ਵੀ ਹਾਂ, ਪਰ ਮੈਂ ਸੰਗੀ ਸਾਥੀ ਵੀ ਹਾਂ, ਨਾ ਮੈਂ ਇਕਾਂਤ ਹੋਣ ਤੋਂ ਇਨਕਾਰ ਕਰ ਸਕਦਾ ਹਾਂ, ਨਾ ਮੈਂ ਸੰਗ ਸਾਥ ਛੱਡ ਕੇ ਇਕੱਲਾ ਹੋ ਸਕਦਾ ਹਾਂ। ਮੈਂ ਜਦੋਂ ਸੁਰਤਿ ਕਰਕੇ ਅਕਾਲ ਪੁਰਖ ਨਾਲ ਜੁੜਦਾ ਹਾਂ ਤਾਂ ਮੈਂ ਇਕਾਂਤੀ ਹਾਂ। ਪਰ ਮੈਂ ਸੰਗ ਸਾਥ ਵਿਚ ਹਾਂ । ਪ੍ਰਮਾਤਮਾ ਦਾ ਬਣਾਇਆ ਸੰਸਾਰ ਹੈ, ਇਸ ਨੂੰ ਛੱਡ ਕੇ ਮੈਂ ਕਿੱਥੇ ਜਾ ਸਕਦਾ ਹਾਂ। ਇਸ ਲਈ ਮੈਂ ਸੰਗੀ ਸਾਥੀ ਵੀ ਹਾਂ, ਮੈਂ ਇਕਾਂਤੀ ਹੁੰਦਾ ਹੋਇਆ ਵੀ ਉਸ ਪ੍ਰਮਾਤਮਾ ਨਾਲ ਜੁੜਿਆ ਹਾਂ। ਜਿਸਦਾ ਇਹ ਸਾਰਾ ਪਸਾਰਾ ਹੈ ਅਤੇ ਮੈਂ ਸਾਰੇ ਪਸਾਰੇ ਵਿਚ ਰਹਿੰਦਾ ਹੋਇਆ ਵੀ ਇਕਾਂਤੀ ਹਾਂ, ਕਿਉਂਕਿ ਪਸਾਰਾ ਇਕ ਦਾ ਹੈ। ਮੈਂ ਇਕ ਵਿਚੋਂ ਅਨੇਕਤਾ ਨੂੰ ਵੇਖਦਾ ਹਾਂ ਅਤੇ ਅਨੇਕਤਾ ਵਿਚੋਂ ਇਕ ਨੂੰ ਵੇਖਦਾ ਹਾਂ, ਸੋ ਇਕ਼ਾਂਤ ਤੇ ਇਕੱਠ ਇਹ ਦੋ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ।

# 17

ਇਕ ਮਨੁੱਖ ਕਹਿੰਦਾ ਹੈ, ਮੈਂ ਅੱਜ ਕੁਰਾਹੇ ਪੈ ਗਿਆ ਸਾਂ, ਕਿੰਨਾ ਹੀ ਸਮਾਂ ਬਰਬਾਦ ਹੋ ਗਿਆ ਹੈ। ਇਕ ਕਹਿੰਦਾ ਹੈ, ਮੈਂ ਠੀਕ ਰਾਹੇ ਆਇਆ ਹਾਂ, ਮੈਂ ਬੜੀ ਛੇਤੀ ਪੁੱਜ ਗਿਆ ਹਾਂ। ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜਾ ਕਹਿੰਦਾ ਹੈ, ਮੈਂ ਕੁਰਾਹੇ ਪੈ ਗਿਆ ਸਾਂ ਤੁਰਦਾ ਉਹ ਵੀ ਰਾਹ ਤੇ ਹੀ ਰਿਹਾ ਹੈ। ਇਕ ਵਾਰ ਮੇਰੇ ਮਿੱਤਰ ਮੈਨੂੰ ਆਪਣੀ ਗੱਡੀ ਵਿਚ ਬਿਠਾ ਕੇ ਗੱਡੀ ਚਲਾ ਰਹੇ ਸਨ, ਵੱਧ ਤੋਂ ਵੱਧ 15 ਮਿੰਟ ਦਾ ਰਸਤਾ ਸੀ ਪਰ ਅਸੀਂ ਠੀਕ ਤਿੰਨ ਘੰਟੇ ਫਿਰਦੇ ਰਹੇ। ਕਮਾਲ ਦੀ ਗੱਲ ਇਹ ਹੈ ਕਿ ਉਹ ਰਸਤਾ ਕਿਸੇ ਨੂੰ ਪੁੱਛਦੇ ਨਹੀਂ ਸਨ। ਅਖੀਰ ਕਿਸੇ ਨੂੰ ਪੁੱਛਿਆ ਤਾਂ ਰਸਤਾ ਮਿਲ ਗਿਆ। ਜਿੱਥੇ ਪੁੱਜਣਾ ਸੀ, ਪੁੱਜ ਗਏ ਤੇ ਜਦੋਂ ਕਾਰ ਤੋਂ ਉਤਰੇ, ਉਹ ਮੈਨੂੰ ਕਹਿਣ ਲੱਗੇ, ਅੱਜ ਅਸੀਂ ਕੁਰਾਹੇ ਪੈ ਗਏ ਸਾਂ, ਬੜਾ ਹੀ ਸਮਾਂ ਲੱਗ ਗਿਆ ਹੈ। ਮੈਨੂੰ ਖਿਆਲ ਆਇਆ ਕਿ ਅਸੀਂ ਕੁਰਾਹੇ ਕਿਵੇਂ ਪੈ ਗਏ ਸਾਂ। ਅਸੀਂ ਬੜੀਆਂ ਹੀ ਸੁੰਦਰ ਸੜਕਾਂ ਤੇ ਫਿਰਦੇ ਰਹੇ ਹਾਂ। ਗੱਡੀ ਚਲਦੀ ਰਹੀ ਹੈ ਪਰ ਅਸੀਂ ਕੁਰਾਹੇ ਪੈ ਗਏ ਸਾਂ। ਮੈਂ ਇਸ ਗੱਲ ਨੂੰ ਵਾਰ ਵਾਰ ਵਿਚਾਰਦਾ ਸਾਂ। ਉਸ ਰਸਤੇ ਵਿਚ ਕੰਡੇ ਨਹੀਂ ਸਨ ਖਿਲਰੇ ਹੋਏ, ਕੋਈ ਟਿੱਬੇ ਨਹੀਂ, ਕੱਚਾ ਰਸਤਾ ਨਹੀਂ। ਫਿਰ ਵੀ ਅਸੀਂ ਕੁਰਾਹੇ ਪੈ ਗਏ ਸਾਂ। ਜਦੋਂ ਅਖੀਰ ਉਨ੍ਹਾਂ ਕਿਸੇ ਪਾਸੋਂ ਰਾਹ ਪੁੱਛਿਆ ਤਾਂ ਵੀ ਅਸੀਂ ਉਸੇ ਸੜਕ ਰਾਹੀਂ ਆਏ ਜਿੱਥੋਂ ਅੱਗੇ ਚੱਕਰ ਕੱਟ ਕੇ ਨਿਕਲ ਗਏ ਸਾਂ। ਕੁਰਾਹੇ ਦਾ ਅਰਥ ਹੈ, ਬੰਦਾ ਮੰਜ਼ਲ ਦੇ ਨੇੜੇ ਤੇੜੇ ਹੀ ਹੈ। ਤੁਰਿਆ ਕਿਤੇ ਪੁੱਜਣ ਵਾਸਤੇ ਹੀ ਹੈ ਪਰ ਜਿਸ ਪਾਸੇ ਤੁਰ ਪਿਆ ਹੈ, ਦਿਸ਼ਾ ਗਲਤ ਹੈ।

ਜੇ ਰਸਤਾ ਹੈ ਤੇ ਦੂਸਰੀ ਗੱਲ ਕਿ ਚੱਲਣ ਵਾਲਾ ਚੱਲਣ ਦੀ ਸਮਰੱਥਾ

ਰੱਖਦਾ ਹੈ ਤਾਂ ਫਿਰ ਇਕ ਆਸ ਹੈ ਕਿ ਇਹ ਬੰਦਾ ਇਕ ਦਿਨ ਜ਼ਰੂਰ ਟਿਕਾਣੇ ਤੇ ਪੁੱਜ ਜਾਵੇਗਾ। ਜਿਨ੍ਹਾਂ ਵਿਚ ਚੱਲਣ ਦੀ ਸਮਰੱਥਾ ਨਹੀਂ ਤੇ ਜੇ ਸਮਰੱਥਾ ਹੈ ਤਾਂ ਚੱਲਣਾ ਨਹੀਂ ਚਾਹੁੰਦੇ, ਐਸੇ ਮਨੁੱਖਾਂ ਦੇ ਸਾਹਮਣੇ ਠੀਕ ਰਸਤਾ ਵੀ ਹੋਵੇ ਤਾਂ ਵੀ ਉਹ ਕਿਤੇ ਨਹੀਂ ਪਹੁੰਚ ਸਕਦੇ ਕਿਉਂਕਿ ਚੱਲ ਨਹੀਂ ਰਹੇ। ਜਿਸ ਬੰਦੇ ਨੂੰ ਅਸੀਂ ਧਰਮੀ ਕਹਿੰਦੇ ਹਾਂ, ਉਹ ਚੱਲ ਰਿਹਾ ਹੈ, ਕੁਝ ਕਰ ਰਿਹਾ ਹੈ। ਉਹ ਠੀਕ ਰਸਤੇ ਤੇ ਚੱਲ ਰਿਹਾ ਹੈ, ਉਹ ਧਰਮੀ ਹੈ। ਜਿਸ ਬੰਦੇ ਨੂੰ ਅਸੀਂ ਪਾਪੀ ਕਹਿੰਦੇ ਹਾਂ, ਚੱਲ ਉਹ ਵੀ ਰਿਹਾ ਹੈ ਪਰ ਉਹ ਗਲਤ ਪਾਸੇ ਚੱਲ ਰਿਹਾ ਹੈ। ਜੇ ਉਸਦੀ ਦਿਸ਼ਾ ਤਬਦੀਲ ਕਰ ਦਿੱਤੀ ਜਾਏ, ਤਾਂ ਉਹੀ ਪਾਪੀ ਮਨੁੱਖ ਧਰਮੀ ਬਣ ਜਾਂਦਾ ਹੈ। ਆਮ ਕਰਕੇ ਅਸੀਂ ਐਸੇ ਬੰਦਿਆਂ ਤੋਂ ਨਿਰਾਸ਼ ਤੇ ਉਦਾਸ ਹੋ ਜਾਂਦੇ ਹਾਂ। ਐਸੇ ਬੰਦਿਆਂ ਨਾਲ ਕਿਸੇ ਵੀ ਮਿਹਨਤ ਨਹੀਂ ਕੀਤੀ, ਉਨ੍ਹਾਂ ਨੂੰ ਰਾਹੇ ਪਾਉਣ ਦਾ ਜਤਨ ਨਹੀਂ ਕੀਤਾ, ਉਨ੍ਹਾਂ ਤੋਂ ਕਿਨਾਰਾ ਕੀਤਾ ਹੈ, ਜਾਂ ਉਨ੍ਹਾਂ ਬੰਦਿਆਂ ਦੀ ਦਿਨ ਰਾਤ ਨਿੰਦਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੂੰ, ਗਲਤ ਰਸਤੇ ਤੇ ਤੁਰ ਰਹੇ ਬੰਦਿਆਂ ਤੋਂ ਆਸ ਸੀ ਕਿ ਇਹ ਠੀਕ ਰਸਤੇ ਤੇ ਚੱਲ ਸਕਦੇ ਹਨ। ਇਨ੍ਹਾਂ ਦਾ ਚੱਲਣਾ ਹੀ ਕਾਫ਼ੀ ਹੈ। ਇਹ ਚੱਲ ਸਕਦੇ ਹਨ, ਇਨ੍ਹਾਂ ਵਿਚ ਚੱਲਣ ਦੀ ਸਮਰੱਥਾ ਹੈ, ਕੁਝ ਕਰਨ ਦੀ ਸਮਰੱਥਾ ਹੈ। ਜਿਹੜਾ ਬੰਦਾ ਬੰਦੇ ਨੂੰ ਮਾਰ ਸਕਦਾ ਹੈ, ਲੁੱਟ ਸਕਦਾ ਹੈ, ਦੁਖੀ ਕਰ ਸਕਦਾ ਹੈ, ਐਸੇ ਬੰਦੇ ਦੇ ਅੰਦਰ ਬੜੀ ਸ਼ਕਤੀ ਹੈ। ਸ਼ਕਤੀ ਤੋਂ ਬਿਨਾਂ ਬੰਦਾ ਐਸੇ ਕੰਮ ਨਹੀਂ ਕਰ ਸਕਦਾ। ਬੜੀ ਮਹਾਨ ਸ਼ਕਤੀ ਹੋਵੇ ਤਾਂ ਐਸੇ ਕੰਮ ਹੋ ਸਕਦੇ ਹਨ। ਬੰਦਾ ਕਿਸੇ ਦੂਸਰੇ ਦੀ ਵਸਤੂ ਨੂੰ ਹੱਥ ਪਾਏ, ਕੌਣ ਦਿੰਦਾ ਹੈ। ਅਗਲਾ ਥੱਪੜ ਮਾਰ ਕੇ ਮੂੰਹ ਭੰਨ ਦਿੰਦਾ ਹੈ। ਕਿਸੇ ਕੋਲੋਂ ਕੁਝ ਖੋਹਣ ਵਾਸਤੇ ਬੜੀ ਸ਼ਕਤੀ ਚਾਹੀਦੀ ਹੈ। ਕਿਸੇ ਨੂੰ ਇੱਟ ਮਾਰੋ, ਅੱਗੋਂ ਅਗਲਾ ਪੱਥਰ ਮਾਰਦਾ ਹੈ। ਕਮਜ਼ੋਰ ਬੰਦਾ ਸਿਰਫ਼ ਮਾਰ ਖਾ ਸਕਦਾ ਹੈ, ਮਾਰ ਨਹੀਂ ਸਕਦਾ। ਕਿਸੇ ਨੂੰ ਮਾਰਨ ਲਈ ਘੱਟੋ ਘੱਟ ਬੰਦਾ ਉਸ ਬੰਦੇ ਨਾਲੋਂ ਤਾਂ ਤਕੜਾ ਹੈ, ਜਿਸਨੂੰ ਮਾਰ ਰਿਹਾ ਹੈ, ਨਹੀਂ ਤਾਂ ਕੌਣ ਮਾਰ ਖਾਂਦਾ ਹੈ। ਫਿਰ ਜੇ ਕਿਸੇ ਨੂੰ ਜਾਨੋਂ ਹੀ ਮਾਰ ਦੇਣਾ ਹੈ ਤਾਂ ਹਕੂਮਤ ਦਾ ਡਰ ਹੈ ਕਿ ਕਿਸੇ ਨੂੰ ਮਾਰ ਦਿਆਂਗਾ ਤਾਂ ਮੈਨੂੰ ਸਜ਼ਾਏ-

ਮੌਤ ਮਿਲ ਸਕਦੀ ਹੈ। ਇਹ ਸਾਰੇ ਡਰ ਲਾਹ ਕੇ ਹੀ ਕਿਸੇ ਨੂੰ ਮਾਰਿਆ ਜਾ ਸਕਦਾ ਹੈ। ਕਮਜ਼ੋਰ ਬੰਦਾ ਕਿਸੇ ਨੂੰ ਕਿਵੇਂ ਮਾਰੇਗਾ। ਜਿਸਨੂੰ ਚੋਰ ਕਹਿੰਦੇ ਹਾਂ, ਕਿੰਨਾ ਬੇਫਿਕਰ ਹੋ ਕੇ, ਕਿੰਨਾ ਸੁਚੇਤ ਹੋ ਕੇ ਦੂਸਰੇ ਦੇ ਘਰ ਅੰਦਰ ਚਲਾ ਜਾਂਦਾ ਹੈ। ਇਹ ਸਭ ਬੰਦੇ ਸ਼ਕਤੀਸ਼ਾਲੀ ਹਨ ਅਤੇ ਚੱਲ ਰਹੇ ਹਨ। ਕੁਝ ਕਰਨ ਦੀ ਸਮਰੱਥਾ ਇਨ੍ਹਾਂ ਪਾਸ ਹੈ। ਇਨ੍ਹਾਂ ਦੀ ਦਿਸ਼ਾ ਬਦਲਣੀ ਹੈ। ਜਦੋਂ ਦਿਸ਼ਾ ਬਦਲੀ ਜਾਏ ਤਾਂ ਇਹ ਸਾਰੀ ਸ਼ਕਤੀ ਮਨੁੱਖ ਦੀ ਸੇਵਾ ਵਾਸਤੇ, ਪਿਆਰ ਤੇ ਹਮਦਰਦੀ ਵਾਸਤੇ ਹੁੰਦੀ ਹੈ। ਜਿਸ ਮਨ ਵਿਚ ਬੁਰੀਆਂ ਵਿਚਾਰਾਂ ਹੁੰਦੀਆਂ ਹਨ, ਉੱਥੇ ਪ੍ਰਮਾਤਮਾ ਦਾ ਸਿਮਰਨ ਆ ਵਸਦਾ ਹੈ।

ਗੁਰੂ ਨਾਨਕ ਦੇਵ ਜੀ ਨੂੰ ਹਰ ਬੰਦੇ ਵਿਚੋਂ ਕੁਝ ਐਸੀ ਭਲਿਆਈ ਨਜ਼ਰ ਆਉਂਦੀ ਸੀ ਜਿਹੜੀ ਮਨੁੱਖਤਾ ਦੇ ਕੰਮ ਆ ਸਕਦੀ ਸੀ। ਉਹ ਸਮਝਦੇ ਸਨ ਜਿਹੜੇ ਠੀਕ ਰਾਹ ਤੇ ਤੁਰ ਰਹੇ ਹਨ, ਉਨ੍ਹਾਂ ਨਾਲ ਕੁਝ ਵੀ ਕਰਨ ਦੀ ਲੋੜ ਨਹੀਂ, ਉਹ ਆਪੇ ਹੀ ਪੁੱਜ ਜਾਣਗੇ। ਜਿਹੜਾ ਮਨੁੱਖ ਠੀਕ ਰਸਤੇ ਤੇ ਤੁਰ ਰਿਹਾ ਹੈ, ਉਸ ਨੂੰ ਮੈਂ ਕੁਝ ਸਮਝਾਉਣਾ ਚਾਹਾਂ ਤਾਂ ਸਿਰਫ਼ ਮੈਂ ਉਸ ਬੰਦੇ ਦਾ ਪੈਂਡਾ ਹੀ ਖਰਾਬ ਕਰਾਂਗਾ। ਉਹ ਜੇ ਸਿਆਣਾ ਹੋਵੇਗਾ ਤਾਂ ਮੇਰੇ ਪਾਸ ਰੁਕੇਗਾ ਨਹੀਂ। ਜੇ ਮੇਰੇ ਵਿਚ ਅਕਲ ਹੋਵੇ ਤਾਂ ਮੈਂ ਉਸ ਨੂੰ ਰੋਕਾਂਗਾ ਨਹੀਂ ਕਿਉਂਕਿ ਉਹ ਚੱਲ ਰਿਹਾ ਹੈ, ਠੀਕ ਚੱਲ ਰਿਹਾ ਹੈ। ਗੁਰੂ ਨਾਨਕ ਦੇਵ ਜੀ ਉਨ੍ਹਾਂ ਬੰਦਿਆਂ ਦੇ ਪਾਸ ਆਪ ਪਹੁੰਚੇ ਜਿਹੜੇ ਗਲਤ ਰਸਤੇ ਤੇ ਚੱਲ ਰਹੇ ਸਨ। ਅਸੀਂ ਕਈਆਂ ਸਾਖੀਆਂ ਨੂੰ ਜਿਸ ਢੰਗ ਨਾਲ ਵਿਚਾਰਨਾ ਸੀ, ਨਹੀਂ ਵਿਚਾਰਿਆ। ਮਨੁੱਖ ਦਾ ਮਨ ਐਸੀਆਂ ਗੱਲਾਂ ਵੱਲ ਬੜਾ ਹੀ ਧਿਆਨ ਦੇਂਦਾ ਹੈ। ਜਿੱਥੇ ਮਾਰ ਕੁਟਾਈ, ਖ਼ੂਨ ਖਰਾਬਾ ਹੋਵੇ, ਮਨੁੱਖ ਦੇ ਮਨ ਨੂੰ ਪੜ੍ਹਨਾ ਹੋਵੇ, ਤਾਂ ਇਕ ਗੱਲ ਤੋਂ ਪੜ੍ਹਨਾ। ਦੋ ਨੌਜਵਾਨਾਂ ਦੀ ਗਲ ਮੇਰੇ ਕੰਨਾ ਵਿਚ ਪਈ, ਕਹਿ ਰਹੇ ਸਨ- ਐਵੇਂ ਸਮਾਂ ਬਰਬਾਦ ਕੀਤਾ, ਪੈਸੇ ਬਰਬਾਦ ਕੀਤੇ, ਇਸ ਫਿਲਮ ਨੇ ਤਾਂ ਬੋਰ ਕਰ ਦਿੱਤਾ ਹੈ। ਨਾ ਇਸ ਵਿਚ ਮਾਰ ਕੁਟਾਈ, ਨਾ ਖ਼ੂਨ ਖਰਾਬਾ, ਨਾ ਕੋਈ ਬਲਾਤਕਾਰ, ਇਹ ਕਾਹਦੀ ਫਿਲਮ ਹੈ। ਬੰਦੇ ਦਾ ਮਨ ਕੀ ਚਾਹੁੰਦਾ ਹੈ, ਇਹ ਮਨ ਕੈਸੀਆਂ ਗੱਲਾਂ ਵਿਚ ਸੁਚੇਤ ਹੁੰਦਾ ਹੈ। ਕੌੜਾ

ਰਾਕਸ਼ ਤੇਲ ਦਾ ਕੜਾਹਾ ਤਪਾਉਂਦਾ ਹੈ, ਬੰਦਿਆਂ ਨੂੰ ਤੇਲ ਵਿਚ ਸੁੱਟ ਦਿੰਦਾ ਹੈ, ਬੰਦੇ ਖਾ ਜਾਂਦਾ ਹੈ। ਅਸੀਂ ਬੜੇ ਸੁਚੇਤ ਹੁੰਦੇ ਹਾਂ, ਇਹ ਗੱਲ ਸੁਣ ਕੇ। ਗੁਰੂ ਨਾਨਕ ਦੇਵ ਗਏ ਅਤੇ ਮਰਦਾਨੇ ਨੂੰ ਛੁਡਾ ਲਿਆ। ਇਸਤੋਂ ਬਾਅਦ ਸੁਖ ਸਾਂਦ ਹੈ, ਸ਼ਾਂਤੀ ਹੈ। ਫਿਰ ਬਾਅਦ ਵਾਲੀ ਸਾਖੀ ਨੂੰ ਅਸੀਂ ਕੀ ਕਰਨਾ ਹੈ। ਅਸਲ ਗੱਲ ਖਤਮ ਹੋ ਗਈ। ਇਸੇ ਲਈ ਕੌਡੇ ਰਾਕਸ਼ ਦਾ ਬਾਅਦ ਵਾਲਾ ਜੀਵਨ ਕਿਸੇ ਇਤਿਹਾਸਕਾਰ ਨੇ ਨਹੀਂ ਲਿਖਿਆ। ਇਤਿਹਾਸਕਾਰ ਸਿਆਣੇ ਹਨ, ਕੌਣ ਪੜ੍ਹਦਾ ਹੈ ਐਸੀਆਂ ਸ਼ਾਂਤੀ ਦੀਆਂ ਗੱਲਾਂ ਨੂੰ।

ਪਰ ਕੌਡੇ ਦੀ ਸਾਖੀ ਮਰਦਾਨੇ ਨੂੰ ਛੱਡਣ ਤੇ ਮੁਕਦੀ ਨਹੀਂ। ਅਸਲ 'ਚ ਇਥੋਂ ਸ਼ੁਰੂ ਹੁੰਦੀ ਹੈ। ਮਰਦਾਨੇ ਨੂੰ ਛੱਡਣ ਤੋਂ ਬਾਅਦ ਹੀ ਤਾਂ ਉਸ ਦਾ ਅਸਲ ਜਨਮ ਹੁੰਦਾ ਹੈ। ਉਸ ਤੋਂ ਬਾਅਦ ਹੀ ਉਹ ਗੁਰੂ ਨਾਨਕ ਦੇਵ ਜੀ ਦਾ ਪੁੱਤਰ ਬਣਦਾ ਹੈ, ਸਿੱਖ ਬਣਦਾ ਹੈ। ਉਹ ਹੱਥ ਜੋੜਕੇ ਪੁੱਛਦਾ ਹੈ, ਅੱਜ ਤੱਕ ਜੋ ਕਰਦਾ ਰਿਹਾ ਹਾਂ ਉਹ ਤਾਂ ਸਾਰਾ ਹੀ ਗਲਤ ਸੀ, ਗਲਤ ਕਹਾਂ, ਪਾਪ ਕਹਾਂ, ਅਪਰਾਧ ਕਹਾਂ ਜੋ ਵੀ ਬੁਰੇ ਤੋਂ ਬੁਰਾ ਹੋ ਸਕਦਾ ਸੀ ਮੈਂ ਕੀਤਾ ਹੈ, ਹੁਣ ਦੱਸੋ ਹੁਣ ਮੈਂ ਪਾਪ ਦਾ ਪੁੱਤਰ ਨਹੀਂ, ਅੱਜ ਤੋਂ ਗੁਰੂ ਨਾਨਕ ਦੇਵ ਦਾ ਪੁੱਤਰ ਹਾਂ, ਦੱਸੋ ਹੁਣ ਮੈਂ ਕੀ ਕਰਾਂ। ਗੁਰੂ ਨਾਨਕ ਦੇਵ ਜੀ ਨੇ ਕੀ ਕਿਹਾ, ਉਹੋ ਜੋ ਹਰ ਇਨਸਾਨ ਨੂੰ ਕਹਿੰਦੇ ਹਨ ਕਿ ਸਿਮਰਨ ਕਰ, ਸੇਵਾ ਕਰਿਆ ਕਰ, ਅੰਮ੍ਰਿਤ ਵੇਲੇ ਉੱਠ ਬਾਣੀ ਪੜ੍ਹ, ਤੇਰਾ ਡੇਰਾ ਧਰਮਸਾਲ ਬਣ ਜਾਏ। ਇਥੇ ਜਿਹੜਾ ਵੀ ਆ ਜਾਏ ਉਸ ਦਾ ਡਰ ਮੁਕ ਜਾਏ, ਉਸ ਦੀ ਸੇਵਾ ਕਰ, ਭੋਜਨ ਕਰਕੇ ਉਸਦੇ ਪੇਟ ਦੀ ਤ੍ਰਿਪਤੀ ਹੋਵੇ, ਬਾਣੀ ਸੁਣ ਕੇ ਉਸ ਦੇ ਮਨ ਦੀ ਤ੍ਰਿਪਤੀ ਹੋਵੇ। ਉਹੀ ਕੌਡਾ ਰਾਕਸ਼ ਜਿਹੜਾ ਫਾਹੀਆਂ ਚੁੱਕੀ ਫਿਰਦਾ ਸੀ, ਮਨੁੱਖਾਂ ਨੂੰ ਬੰਨ੍ਹਣ ਵਾਸਤੇ ਰੱਸੇ ਲੈ ਕੇ ਤੁਰਦਾ ਸੀ ਜਦੋਂ ਉਸਦੇ ਹੱਥ ਵਿਚ ਪਾਣੀ ਦਾ ਬਰਤਨ ਹੋਵੇਗਾ, ਜਦੋਂ ਉਸਦੇ ਹੱਥ ਵਿਚ ਫਲ ਹੋਣਗੇ, ਰਾਹੀਆਂ ਨੂੰ ਰੋਕ ਕੇ ਕਹਿੰਦਾ ਹੋਵੇਗਾ, ਸਮਾਂ ਹੈ, ਤਾਂ ਗਰੀਬ ਖਾਨੇ ਚਰਨ ਪਾਓ ਜੇ ਸਮਾਂ ਨਹੀਂ ਤਾਂ ਕੁਝ ਛਕ ਕੇ ਜਾਓ, ਉਹ ਜਦੋਂ ਅੰਮ੍ਰਿਤ ਵੇਲੇ ਉਠ ਕੇ ਬਾਣੀ ਪੜ੍ਹਦਾ

ਹੋਵੇਗਾ, ਕੌਡਾ ਰਾਕਸ਼ ਚੌਕੜਾ ਮਾਰ ਕੇ ਬਾਣੀ ਪੜ੍ਹਦਾ ਕੈਸਾ ਲੱਗਦਾ ਹੋਵੇਗਾ! ਪਰ ਹੈਰਾਨੀ ਦੀ ਗੱਲ ਹੈ, ਅੱਜ ਤਕ ਕਿਸੇ ਮੁਸੱਵਰ ਨੇ ਉਸ ਦਾ ਐਸਾ ਚਿੱਤਰ ਨਹੀਂ ਬਣਾਇਆ ਕਿ ਉਹ ਇਸ਼ਨਾਨ ਕਰਕੇ ਬਾਣੀ ਪੜ੍ਹ ਰਿਹਾ ਹੈ। ਉਹ ਆਏ ਗਏ ਦੀ ਸੇਵਾ ਕਰ ਰਿਹਾ ਹੈ। ਕੌਡੇ ਰਾਕੇਸ਼ ਦਾ ਚਿੱਤਰ ਤਾਂ ਅਨੇਕਾਂ ਨੇ ਬਣਾਇਆ ਹੈ, ਕਿ ਤੇਲ ਦਾ ਕੜਾਹਾ ਤਪਦਾ ਹੈ ਮਰਦਾਨੇ ਨੂੰ ਉਸਨੇ ਚੁੱਕਿਆ ਹੈ, ਬੜਾ ਭਿਆਨਕ ਚਿੱਤਰ ਹੈ, ਪਰ ਐਸਾ ਚਿੱਤਰ ਨਹੀਂ ਬਣਿਆ ਕਿ ਗੁਰੂ ਨਾਨਕ ਦੇਵ ਦੇ ਚਰਨ ਧੋ ਰਿਹਾ ਹੈ, ਭਾਈ ਮਰਦਾਨੇ ਦੇ ਪੈਰੀਂ ਪੈ ਕੇ ਮੁਆਫੀ ਮੰਗ ਰਿਹਾ ਹੈ, ਕਿ ਸਤਿਗੁਰੂ ਦੇ ਕੀਰਤਨੀਏ, ਮੈਂ ਤੇਰੀ ਤੌਹੀਨ ਕੀਤੀ ਹੈ। ਕੌਡੇ ਰਾਕਸ਼ ਦੇ ਤਾਂ ਚਿਤਰ ਹਨ, ਪਰ ਕੌਡੇ ਸੰਤ ਦਾ ਚਿਤਰ ਮੈਂ ਅੱਜ ਤਕ ਕੋਈ ਨਹੀਂ ਵੇਖਿਆ, ਉਸ ਪਾਸੇ ਸਾਡੀ ਰੁਚੀ ਹੀ ਕੋਈ ਨਹੀਂ।

ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਬਾਅਦ ਉਹ ਸੰਤ ਸੀ। ਉਸ ਦਾ ਰਹਿੰਦਾ ਜੀਵਣ ਸਿਮਰਣ ਵਿਚ ਤੇ ਸੇਵਾ ਵਿਚ ਬਤੀਤ ਹੋਇਆ ਸੀ। ਨੂਰ ਸ਼ਾਹ ਜਾਦੂਗਰਨੀ ਜੋ ਬੰਗਾਲ ਢਾਕੇ ਵਿਚ ਰਹਿੰਦੀ ਸੀ, ਇਸ ਦਾ ਵਰਤਾਵਾ ਕੌਡੇ ਰਾਕਸ਼ ਨਾਲੋਂ ਵੀ ਬੁਰਾ ਸੀ। ਕੌਡਾ ਤਾਂ ਇਕੋ ਵਾਰ ਬੰਦੇ ਨੂੰ ਮਾਰ ਦਿੰਦਾ ਸੀ ਪਰ ਇਹ ਤਾਂ ਬੰਦਿਆਂ ਨੂੰ ਪਸ਼ੂਆਂ ਵਾਂਗ ਰੱਖਦੀ ਸੀ। ਕਿਸੇ ਨੂੰ ਸੰਮੋਹਤ ਕਰਕੇ ਜੇ ਇਸ ਨੇ ਕਹਿ ਦਿੱਤਾ ਹੈ ਕਿ ਤੂੰ ਕੁੱਤਾ ਹੈਂ ਤਾਂ ਉਹ ਬੰਦਾ ਕੁੱਤੇ ਵਾਂਗ ਹੀ ਸਾਰਾ ਜੀਵਨ ਇਸ ਦੇ ਦਰ 'ਤੇ ਭੌਂਕਦਾ ਸੀ। ਬੰਦੇ ਦੀ ਬੋਲੀ ਉਸ ਨੂੰ ਭੁੱਲ ਹੀ ਜਾਂਦੀ ਸੀ। ਜੇ ਕਿਸੇ ਨੂੰ ਸੰਮੋਹਤ ਕਰਕੇ ਕਹਿ ਦਿੱਤਾ ਕਿ ਤੂੰ ਗਧਾ ਹੈਂ ਤਾਂ ਸਾਰੀ ਉਮਰ ਉਹ ਇਸਦਾ ਭਾਰ ਢੋਂਦਾ ਰਹਿੰਦਾ ਸੀ। ਅਨੇਕਾਂ ਬੰਦੇ ਕੁੱਤੇ ਬਿੱਲੇ ਗਧੇ ਬਣਾ ਕੇ ਰੱਖੇ ਸਨ। ਅੱਜ ਦਾ ਸੰਮੋਹਕ ਇਸ ਗੱਲ ਨਾਲ ਸਹਿਮਤ ਹੈ ਕਿ ਕਿਸੇ ਬੰਦੇ ਨੂੰ ਸੰਮੋਹਤ ਕਰਕੇ ਜੋ ਕਹਿ ਦਿੱਤਾ ਜਾਏ ਉਹ ਉਹੋ ਜਿਹਾ ਹੀ ਵਿਵਹਾਰ ਕਰਦਾ ਹੈ।

ਐਸੇ ਬੰਦੇ ਨੂੰ ਜੋ ਸੰਮੋਹਤ ਹੋ ਚੁਕਾ ਹੈ, ਐਸੀ ਹਾਲਤ ਵਿਚ ਕਹਿ ਦਿੱਤਾ ਜਾਏ ਕਿ ਤੂੰ ਮਰ ਗਿਆ ਹੈਂ, ਉਹ ਮਰ ਵੀ ਸਕਦਾ ਹੈ। ਅਮਰੀਕਾ

ਵਿਚ ਸੰਮੋਹਤ ਕਰਨ ਤੇ ਪਾਬੰਦੀ ਲਗਾਉਣੀ ਪਈ ਹੈ ਕਿਉਂਕਿ ਕੁਝ ਵਿਦਿਆਰਥੀਆਂ ਨੇ ਜੋ ਐਸੀ ਪ੍ਰੈਕਟਿਸ ਕਰ ਰਹੇ ਸਨ, ਇਕ ਵਿਦਿਆਰਥੀ ਮਾਰ ਦਿੱਤਾ ਸੀ। ਇਹ ਜਾਦੂਗਰਾਂ ਦੀ ਸਰਦਾਰ ਇਸਤਰੀ ਐਸਾ ਕਰਦੀ ਸੀ। ਗੁਰੂ ਨਾਨਕ ਦੇਵ ਜੀ ਇਸ ਦੇ ਪਾਸ ਗਏ ਤੇ ਕਹਿ ਦਿੱਤਾ ਤੇਰਾ ਜਾਦੂ ਮੇਰੇ ਤੇ ਵੀ ਨਹੀਂ ਚੱਲਿਆ ਤੇ ਤੇਰਾ ਜਾਦੂ ਮੇਰੇ ਮਾਲਕ ਤੇ ਵੀ ਨਹੀਂ ਚੱਲਣਾ। ਤੂੰ ਇਸ ਸ਼ਕਤੀ ਦੇ ਆਸਰੇ ਮਨੁੱਖਤਾ ਦੀ ਸੇਵਾ ਕਰ ਸਕਦੀ ਸੀ ਤੇ ਪ੍ਰਮਾਤਮਾ ਦਾ ਸਿਮਰਨ ਵੀ ਹੋ ਸਕਦਾ ਸੀ ਪਰ ਤੂੰ ਸ਼ਕਤੀ ਦੀ ਦੁਰਵਰਤੋਂ ਕੀਤੀ ਹੈ। ਤੂੰ ਪਸ਼ੂਆਂ ਨੂੰ ਬੰਦੇ ਬਣਾ ਕੇ ਪ੍ਰਮਾਤਮਾ ਦੀ ਖੁਸ਼ੀ ਲੈ ਸਕਦੀ ਸੈਂ, ਪਰ ਬੀਬੀ ਤੂੰ ਤਾਂ ਪ੍ਰਮਾਤਮਾ ਦੇ ਬਣਾਏ ਬੰਦਿਆਂ ਨੂੰ ਵੀ ਪਸ਼ੂ ਬਣਾ ਕੇ ਆਪਣਾ ਲੋਕ ਪ੍ਰਲੋਕ ਵਿਗਾੜ ਲਿਆ ਹੈ। ਗੱਲ ਬੜੀ ਹੀ ਸਾਦੀ ਸੀ, ਸਿੱਧੀ ਸੀ, ਸੱਚੀ ਸੀ, ਬੜੀ ਛੇਤੀ ਸਮਝ ਵਿਚ ਆ ਗਈ। ਇਤਿਹਾਸਕਾਰ ਲਿਖਦੇ ਹਨ ਉਸ ਨੇ ਹੀਰੇ ਮੋਤੀ ਭੇਟ ਰੱਖੇ। ਪਾਤਸ਼ਾਹ ਨੇ ਕਿਹਾ ਇਹ ਮਾਇਆ ਬੜੀ ਕੰਮ ਦੀ ਹੈ, ਤੂੰ ਠੀਕ ਥਾਂ ਰੱਖੀ ਹੈ। ਇਹ ਮੇਰੀ ਹੋਈ, ਤੈਨੂੰ ਸੇਵਾ ਸੌਂਪਦਾ ਹਾਂ, ਇਥੇ ਧਰਮਸ਼ਾਲਾ ਬਣਵਾ। ਆਏ ਗਏ ਦੀ ਸੇਵਾ ਕਰ, ਜਾਦੂ ਉਸਦਾ ਚਲਦਾ ਰਿਹਾ ਪਰ ਦਿਸ਼ਾ ਬਦਲ ਗਈ। ਇਹ ਸੱਚੀ ਸਿੱਖ ਬਣ ਗਈ। ਇਹਦੀ ਜ਼ਬਾਨ ਵਿਚ ਜਾਦੂ ਹੈ ਸੀ, ਹੁਣ ਦਿਸ਼ਾ ਬਦਲ ਗਈ। ਜਿਸਨੂੰ ਵੀ ਕਹਿੰਦੀ ਸੀ ਤੂੰ ਚੋਰ ਨਹੀਂ, ਤੂੰ ਸਾਧ ਹੈਂ, ਜਿਵੇਂ ਬੰਦੇ ਨੂੰ ਕਹਿੰਦੀ ਸੀ, ਤੂੰ ਕੁੱਤਾ ਹੈਂ ਤਾਂ ਉਹ ਕੁੱਤੇ ਵਾਂਗ ਭੌਂਕਣ ਲਗ ਪੈਂਦਾ ਸੀ, ਹੁਣ ਜਿਸਨੂੰ ਕਹਿੰਦੀ ਹੈ, ਤੂੰ ਚੋਰ ਨਹੀਂ, ਤੂੰ ਸਾਧ ਹੈਂ, ਉਹ ਗਿਆਨ ਦੀਆਂ ਗੱਲਾਂ ਕਰਨ ਲਗ ਪੈਂਦਾ ਸੀ। ਕਿਸੇ ਪਾਪੀ ਨੂੰ ਕਹਿੰਦੀ ਸੀ, ਤੂੰ ਤਾਂ ਧਰਮੀ ਹੈਂ ਉਹ ਧਰਮ ਕਮਾਉਣ ਚਲ ਪੈਂਦਾ ਸੀ। ਚਲ ਰਹੀ ਸੀ ਕੁਰਾਹੇ ਪਰ ਗੁਰੂ ਨਾਨਕ ਦੇਵ ਜੀ ਨੇ ਸਿੱਧੇ ਰਾਹੇ ਪਾ ਦਿੱਤੀ। ਜਿਹੜੀ ਸਾਧੂਆਂ ਦਾ ਮਜ਼ਾਕ ਉਡਾਉਂਦੀ ਸੀ, ਅੱਜ ਸਾਧੂਆਂ ਦੀ ਚਰਨ ਧੂੜ ਬਣ ਗਈ। ਇਹੀ ਹਾਲ ਸ਼ੇਖ ਸੱਜਣ ਦਾ ਸੀ। ਇਸ ਨੇ ਅਨੇਕਾਂ ਜਾਨਾਂ ਲੈ ਲਈਆਂ ਸਨ, ਇਹ ਪਹਿਲੇ ਦੋਹਾਂ ਵਿਅਕਤੀਆਂ ਤੋਂ ਖਤਰਨਾਕ ਸੀ ਕਿਉਂਕਿ ਇਸ ਨੇ ਪਹਿਰਾਵਾ ਪਰਉਪਕਾਰ ਦਾ, ਵੇਸ ਸਾਧੂਆਂ ਦਾ ਰਖਿਆ ਸੀ। ਪਾਪ ਨਾਲੋਂ ਵੀ ਪਖੰਡ ਜ਼ਿਆਦਾ

ਖਤਰਨਾਕ ਹੁੰਦਾ ਹੈ ਕਿਉਂਕਿ ਪਾਪ ਪਖੰਡ ਦਾ ਬੁਰਕਾ ਪਾ ਲੈਂਦਾ ਹੈ, ਤਾਂ ਪਛਾਣਿਆ ਨਹੀਂ ਜਾਂਦਾ। ਅਨੇਕਾਂ ਬੰਦੇ ਧੋਖਾ ਖਾ ਜਾਂਦੇ ਹਨ, ਹਰ ਇਕ ਬੰਦਾ ਇਸ ਤੇ ਭਰੋਸਾ ਕਰ ਲੈਂਦਾ ਸੀ। ਇਸਦੀ ਸ਼ਕਲ ਸੂਰਤ ਐਸੀ ਸੀ। ਪਹਿਰਾਵਾ ਐਸਾ ਸੀ ਕਿ ਸ਼ੱਕ ਨਹੀਂ ਸੀ ਹੁੰਦਾ ਕਿ ਇਸ ਬੰਦੇ ਨੇ ਵੀ ਕਦੀ ਕਿਸੇ ਦਾ ਬੁਰਾ ਕੀਤਾ ਹੋਵੇਗਾ।

ਇਸਦੀ ਅਸਲੀਅਤ ਨੂੰ ਵੇਖਿਆ ਸੀ ਸਤਿਗੁਰੂ ਨਾਨਕ ਦੇਵ ਜੀ ਨੇ ਤੇ ਕਹਿ ਦਿੱਤਾ ਕਿ ਤੂੰ ਸੱਜਣ ਨਹੀਂ, ਤੂੰ ਤਾਂ ਠੱਗ ਹੈਂ। ਤੂੰ ਧੋਖਾ ਕਰ, ਠੱਗੀ ਕਰ, ਪਰ ਸਾਧੂ ਬਣ ਕੇ ਨਾ ਕਰ। ਪਾਪ ਕਰਨਾ ਹੀ ਹੈ ਤਾਂ ਸਾਕਤ ਬਣਕੇ ਕਰ, ਸੰਤ ਬਣ ਕੇ ਨਾ ਕਰ। ਭਲੀ ਸੂਰਤ ਬਣਾ ਕੇ ਬੁਰਾ ਕਰਨਾ ਇਹ ਮਹਾਨ ਪਾਪ ਹੈ। ਪਾਪ ਕਰਨਾ ਹੀ ਬਹੁਤ ਬੁਰਾ ਹੈ ਪਰ ਭਲੇ ਦੇ ਨਾਂ ਤੇ ਬੁਰਾ ਕਰਨਾ ਇਹ ਤਾਂ ਬਹੁਤ ਹੀ ਬੁਰਾ ਹੈ।

ਸ਼ੇਖ ਸੱਜਣ ਨੇ ਕੀਰਤਨ ਸੁਣਿਆ ਸੀ।

*ਉੱਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।*
*ਧੋਤਿਆਂ ਜੂਠਿ ਨ ਉਤਰੈ ਜੇ ਸਉ ਧੋਵਾਂ ਤਿਸੁ।।*

ਸੂਹੀ ਮ: ੧ ਪੰਨਾ ੭੨੯

ਕੀਰਤਨ ਸੁਣਿਆ ਤੇ ਕੀਰਤਨ ਜੋਗਾ ਹੀ ਹੋ ਗਿਆ ਸੀ।

ਵਿਦਵਾਨਾਂ ਦਾ ਕਥਨ ਹੈ ਕਿ ਆਕਾਸ਼ ਦੇ ਤਾਰੇ ਤਾਂ ਸ਼ਾਇਦ ਕੋਈ ਗਿਣ ਲਵੇ ਪਰ ਗੁਰੂ ਨਾਨਕ ਦੇਵ ਦੇ ਤਾਰਿਆਂ ਨੂੰ, ਜਿਨ੍ਹਾਂ ਨੂੰ ਉਨ੍ਹਾਂ ਦੇ ਉਪਦੇਸ਼ ਨੇ ਤਾਰ ਦਿੱਤਾ ਸੀ, ਕੌਣ ਗਿਣ ਸਕਦਾ ਹੈ। ਉਨ੍ਹਾਂ ਵਿਚੋਂ ਤਿੰਨਾਂ ਵਿਅਕਤੀਆਂ ਬਾਰੇ ਅਸੀਂ ਕੁਝ ਵਿਚਾਰਾਂ ਲਿਖੀਆਂ ਹਨ, ਜਿਨ੍ਹਾਂ ਵਿਚ ਦੋ ਪੁਰਸ਼ ਹਨ। ਕੌਡਾ ਰਾਕਸ਼ ਅਤੇ ਸੱਜਣ ਠੱਗ, ਅਤੇ ਇਕ ਇਸਤਰੀ ਹੈ 'ਨੂਰ ਸ਼ਾਹ' ਪਾਰਬਤੀ, ਇਹ ਤਿੰਨੇ ਹੀ ਮਹਾਨ ਪਰਉਪਕਾਰੀ ਜੀਵਨ ਵਾਲੇ ਸਾਧੂ ਹੋਏ ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਕੁਰਾਹੇ ਪਿਆਂ ਨੂੰ ਰਾਹੇ ਪਾ ਦਿੱਤਾ।

ਇਹ ਸਮਝਣ ਵਾਲੀ ਗੱਲ ਹੈ ਕਿ ਗੁਰੂ ਜੋ ਗੁਣ ਅਵਗੁਣ ਮਨੁੱਖ

ਵਿਚੋਂ ਪ੍ਰਗਟ ਕਰਦਾ ਹੈ, ਉਹ ਪ੍ਰਮਾਤਮਾ ਨੇ ਮਨੁੱਖ ਦੇ ਅੰਦਰ ਪਹਿਲਾਂ ਹੀ ਰੱਖੇ ਹੁੰਦੇ ਹਨ। ਨਾਮ ਵੀ ਪਹਿਲਾਂ ਹੀ ਅੰਦਰ ਟਿਕਾਇਆ ਹੈ ਉਸ ਨੂੰ ਗੁਰੂ ਪ੍ਰਗਟ ਕਰ ਦਿੰਦਾ ਹੈ।

*ਹਉ ਬਲਿਹਾਰੀ ਸਤਿਗੁਰ ਆਪਨੇ ਜਿਨਿ ਗੁਪਤੁ ਨਾਮੁ ਪਰਗਾਝਾ।*

ਜੈਤਸਰੀ ਮ: ੪ ਪੰਨਾ ੬੯੭

ਬਾਣੀ ਵਿਚ ਲਿਖਿਆ ਹੈ :

*ਜੋ ਪਾਵਹਿ ਭਾਂਡੇ ਵਿਚ ਵਸਤੁ ਸਾ ਨਿਕਲੈ,*
*ਕਿਆ ਕੋਈ ਕਰੇ ਵੀਚਾਰਾ।*

ਆਸਾ ਛੰਤ ਮ: ੪ ਪੰਨਾ ੪੪੯

ਅੰਦਰੋਂ ਕੁਝ ਨਾ ਨਿਕਲੇ ਤਾਂ ਬਾਹਰ ਦਾ ਪਾਇਆ ਵੀ ਵਿਰਥਾ ਹੋ ਜਾਂਦਾ ਹੈ। ਬਾਹਰਲੀ ਇਮਦਾਦ ਤਾਂ ਜੋ ਮੂਲ ਰੂਪ ਵਿਚ ਅੰਦਰ ਵਸਤੂ ਹੈ ਉਸ ਨੂੰ ਬਾਹਰ ਕੱਢਣ ਵਾਸਤੇ ਹੈ। ਅੰਦਰ ਹੀ ਕੁਝ ਨਹੀਂ ਤਾਂ ਪੂਰਾ ਗੁਰੂ ਵੀ ਕੀ ਕਰੇਗਾ :

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ।*
*ਅੰਧੇ ਏਕ ਨਾ ਲਾਗਈ ਜਿਉ ਬਾਸ ਬਜਾਈਐ ਫੂਕ।*

ਪੰਨਾ ੧੩੭੨

ਹਰ ਬੁਰਿਆਈ ਦਾ ਦੂਸਰਾ ਪਾਸਾ ਭਲਿਆਈ ਹੈ। ਹਰ ਕੁਰਾਹ ਦਾ ਦੂਸਰਾ ਪਾਸਾ ਸਹੀ ਰਾਹ ਹੈ। ਜਦੋਂ ਵੀ ਕੁਰਾਹੇ ਜਾਂਦਾ, ਦੂਸਰੇ ਪਾਸੇ ਮੂੰਹ ਕਰ ਲੈਂਦਾ ਹੈ ਤਾਂ ਉਸ ਦਾ ਸਹੀ ਰਾਹ ਹੋ ਜਾਂਦਾ ਹੈ।

ਇਕ ਕਹਾਣੀ ਮੈਂ ਸੁਣੀ ਸੀ ਕਿ ਇਕ ਬੰਦਾ ਤਰਨ ਵਾਸਤੇ ਨਦੀ ਵਿਚ ਗਿਆ, ਗੋਤੇ ਆਏ ਤੇ ਡੁਬਣੋਂ ਬਚ ਗਿਆ। ਕਹਿਣ ਲੱਗਾ ਜਦੋਂ ਤੱਕ ਤਰਨਾ ਨਾ ਆਇਆ, ਮੈਂ ਫਿਰ ਪਾਣੀ ਵਿਚ ਪੈਰ ਨਹੀਂ ਪਾਉਣਾ। ਪਰ ਪਾਣੀ ਵਿਚ ਗਿਆਂ ਬਿਨਾਂ ਤਰਨਾ ਕਿਵੇਂ ਆਵੇਗਾ, ਹਰ ਕੁਰਾਹ ਵਿਚੋਂ ਹੀ ਰਾਹ ਲਭਦਾ ਹੈ।

ਰਾਹ ਤੇ ਕੁਰਾਹ ਦੋ ਦੀਵੇ ਹਨ ਜਿਨ੍ਹਾਂ ਦੀ ਜੋਤ ਇਕ ਹੈ। ਕੁਰਾਹ

ਦੀ ਖੱਜਲ-ਖਵਾਰੀ ਰਾਹ ਤੱਕ ਪਹੁੰਚਾ ਦਿੰਦੀ ਹੈ ਤੇ ਸਹੀ ਰਾਹ ਤੇ ਤੁਰਿਆਂ ਮੰਜ਼ਲ ਤੱਕ ਪਹੁੰਚ ਜਾਈਦਾ ਹੈ।

# 18

ਗੁਰੂ ਗੋਬਿੰਦ ਸਿੰਘ ਜੀ ਦਾ ਜਾਪੁ ਸਾਹਿਬ ਵਿਚ ਇਕ ਬਚਨ ਹੈ।

*ਨਮੋ ਕਲਹਿ ਕਰਤਾ ਨਮੋ ਸਾਂਤ ਰੂਪੇ।*

ਹੇ ਕਲੇਸ਼ ਕਰਤਾ ਪ੍ਰਮਾਤਮਾ ਤੈਨੂੰ ਨਮਸਕਾਰ ਹੈ, ਹੇ ਸ਼ਾਂਤ ਰੂਪ ਪ੍ਰਮਾਤਮਾ ਤੈਨੂੰ ਨਮਸਕਾਰ ਹੈ। ਭਾਵ ਕਿ ਉਹ ਪ੍ਰਮਾਤਮਾ ਸ਼ਾਂਤੀ ਵੀ ਹੈ ਤੇ ਕਲੇਸ਼ ਵੀ ਹੈ, ਉਹ ਅਮਨ ਵੀ ਹੈ, ਅਤੇ ਜੰਗ ਵੀ ਹੈ।

ਜਦੋਂ ਤੋਂ ਮਨੁੱਖੀ ਇਤਿਹਾਸ ਹੋਂਦ ਵਿਚ ਆਇਆ ਹੈ ਪਤਾ ਲਗਦਾ ਹੈ ਕਿ ਲੜਾਈਆਂ ਹੁੰਦੀਆਂ ਰਹੀਆਂ ਹਨ, ਹੈਰਾਨਗੀ ਦੀ ਗੱਲ ਹੈ ਕਿ ਲੜਾਈ ਲੜਨ ਵਾਲੇ ਵੀ ਲੜਾਈ ਅਮਨ ਦੇ ਨਾਂ ਤੇ ਹੀ ਲੜਦੇ ਹਨ। ਲੜਾਈ ਲੜਨ ਵਾਲਿਆਂ ਨੂੰ ਪੁੱਛੋ ਤਾਂ ਉਹ ਕਹਿੰਦੇ ਹਨ, ਕਿ ਲੜਾਈ ਤੋਂ ਬਿਨਾਂ ਅਮਨ ਨਹੀਂ ਹੋਣਾ, ਸ਼ਾਂਤੀ ਨਹੀਂ ਹੋਣੀ। ਦਿਨ ਰਾਤ ਪ੍ਰਚਾਰ ਲੜਾਈ ਦੇ ਖਿਲਾਫ ਹੀ ਹੈ ਪਰ ਲੜਾਈਆਂ ਹੁੰਦੀਆਂ ਰਹੀਆਂ ਹਨ। ਜਿੰਨੇ ਵੀ ਵੱਡੇ ਜੰਗ ਹੋਏ ਹਨ ਉਨ੍ਹਾਂ ਦਾ ਮਕਸਦ ਕੀ ਸੀ, ਅਮਨ ਸ਼ਾਂਤੀ, ਪਰ ਅਮਨ ਕਦੀ ਹੋਇਆ ਵੀ ਹੈ। ਇੰਜ ਜਾਪਦਾ ਹੈ ਕਿ ਮਨੁੱਖ ਜਦੋਂ ਥੱਕ ਜਾਂਦਾ ਹੈ, ਥਕਾਵਟ ਵਿਚ ਜਿੰਨਾ ਚਿਰ ਡਿਗਿਆ ਰਹਿੰਦਾ ਹੈ, ਉਹੀ ਸਮਾਂ ਅਮਨ ਦਾ ਹੁੰਦਾ ਹੈ। ਜ਼ਰਾ ਹੋਸ਼ ਆਉਂਦੀ ਹੈ ਤਾਂ ਫਿਰ ਲੜਨ ਵਾਸਤੇ ਤਿਆਰ ਹੋ ਜਾਂਦਾ ਹੈ। ਕੁਝ ਸਿਆਣਿਆਂ ਦਾ ਮੱਤ ਹੈ ਕਿ ਜਾਂ ਲੜਾਈ ਹੁੰਦੀ ਹੈ ਜਾਂ ਲੜਾਈ ਦੀ ਤਿਆਰੀ ਹੁੰਦੀ ਹੈ।

ਖੋਜਣਾ ਇਸ ਗੱਲ ਨੂੰ ਹੈ ਕਿ ਲੜਾਈ ਅੰਦਰ ਹੈ ਕਿ ਲੜਾਈ ਬਾਹਰ ਹੈ। ਇਹ ਸੱਚ ਹੈ ਕਿ ਜਦੋਂ ਬੇਗਾਨੇ ਨਾ ਹੋਣ, ਮਨੁੱਖ ਆਪਣਿਆਂ ਨਾਲ ਹੀ ਲੜਦਾ ਹੈ। ਹੋਰ ਕੋਈ ਨਾ ਹੋਵੇ ਤਾਂ ਇਕ ਪਰਿਵਾਰ ਹੀ ਲੜਦਾ ਹੈ। ਬੱਚੇ ਨਾ ਹੋਣ ਤਾਂ ਪਤੀ ਪਤਨੀ ਵੀ ਲੜਦੇ ਹਨ। ਪਤਨੀ ਵੀ ਨਾ

ਹੋਵੇ ਤਾਂ ਬੰਦਾ ਇਕੱਲਾ ਹੀ ਆਪਣੇ ਆਪ ਨਾਲ ਲੜਦਾ ਹੈ। ਇਸ ਦੇ ਅੰਦਰ ਇਸ ਦੀਆਂ ਅਨੇਕਾਂ ਇੱਛਾਵਾਂ ਹਨ, ਅਨੇਕ ਤਰ੍ਹਾਂ ਦੀਆਂ ਵਿਚਾਰਾਂ ਹਨ, ਅੰਦਰ ਹੀ ਮਹਾਭਾਰਤ ਮਚਿਆ ਰਹਿੰਦਾ ਹੈ, ਬਾਹਰ ਸਿਰਫ ਬਹਾਨਾ ਹੈ। ਕ੍ਰੋਧ ਮਨੁੱਖ ਦੇ ਅੰਦਰ ਹੈ। ਹੰਕਾਰ ਮਨੁੱਖ ਦੇ ਅੰਦਰ ਹੈ। ਇਸੇ ਲਈ ਲੜਾਈ ਵੀ ਮਨੁੱਖ ਦੇ ਅੰਦਰ ਹੈ, ਮਨੁੱਖ ਦੇ ਅੰਦਰ ਕ੍ਰੋਧ ਈਰਖਾ ਦੁਵੈਸ਼ ਘ੍ਰਿਣਾ ਇਕੱਠੇ ਹੁੰਦੇ ਰਹਿੰਦੇ ਹਨ। ਜਦੋਂ ਮਨੁੱਖ ਅੰਦਰੋਂ ਚੰਗੀ ਤਰ੍ਹਾਂ ਭਰ ਜਾਂਦਾ ਹੈ ਤਾਂ ਕੋਈ ਬਹਾਨਾ ਬਣ ਜਾਂਦਾ ਹੈ ਤੇ ਅੰਦਰ ਦਾ ਕ੍ਰੋਧ ਜੋ ਅੰਦਰ ਇਕੱਠਾ ਹੋਇਆ ਸੀ, ਉਹ ਸਾਰੇ ਦਾ ਸਾਰਾ ਬਾਹਰ ਨਿਕਲ ਜਾਂਦਾ ਹੈ, ਫਿਰ ਜਾਪਦਾ ਹੈ ਸ਼ਾਂਤੀ ਹੋ ਗਈ ਹੈ। ਉਸ ਤੋਂ ਬਾਅਦ ਫਿਰ ਉਹੀ ਕੁਝ ਹੁੰਦਾ ਹੈ, ਤੇ ਇਹ ਚੱਕਰ ਚੱਲ ਰਿਹਾ ਹੈ। ਬੜੀ ਹੈਰਾਨਗੀ ਦੀ ਗੱਲ ਹੈ ਕਿ ਲੜਨ ਲੱਗਿਆਂ ਨਾ ਬੰਦਾ ਇੱਜ਼ਤ ਦੀ ਪਰਵਾਹ ਕਰਦਾ ਹੈ, ਨਾ ਹੀ ਆਪਣੇ ਹਾਨੀ ਲਾਭ ਦੀ, ਨਾ ਹੀ ਆਪਣੇ ਧਰਮ ਦੀ, ਨਾ ਹੀ ਰਿਸ਼ਤੇਦਾਰੀ ਦੀ। ਨਾ ਪਿਉ ਪੁੱਤਰ ਦਾ ਖਿਆਲ ਰਹਿੰਦਾ ਹੈ, ਨਾ ਹੀ ਭਰਾ ਭਰਾ ਦਾ ਖਿਆਲ ਰਹਿੰਦਾ ਹੈ। ਇੰਜ ਜਾਪਦਾ ਹੈ, ਕੋਈ ਐਸਾ ਗੰਦ ਅੰਦਰ ਇਕੱਠਾ ਹੋ ਜਾਂਦਾ ਹੈ, ਜਿਹੜਾ ਕਿਸੇ ਨਾ ਕਿਸੇ ਬਹਾਨੇ ਬਾਹਰ ਨਿਕਲ ਹੀ ਜਾਂਦਾ ਹੈ।

ਫਿਰ ਇਕ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਲੜਾਈਆਂ ਰੁਕ ਵੀ ਸਕਦੀਆਂ ਹਨ ਕਿ ਨਹੀਂ? ਮੁੱਕ ਸਕਦੀਆਂ ਹਨ, ਜੇਕਰ ਮਨੁੱਖ ਜਾਗ ਪਵੇ, ਸੁਚੇਤ ਹੋ ਜਾਵੇ। ਜਦੋਂ ਤਕ ਮਨੁੱਖ ਸੁੱਤਾ ਹੈ, ਮੂਰਛਤ ਹਾਲਤ ਵਿਚ ਹੈ, ਇਹ ਏਸੇ ਤਰ੍ਹਾਂ ਹੀ ਲੜਦਾ ਰਹੇਗਾ। ਜਾਗਿਆ ਮਨੁੱਖ ਲੜਦਾ ਜ਼ਰੂਰ ਹੈ ਪਰ ਆਪਣੇ ਮਨ ਨਾਲ, ਆਪਣੇ ਔਗੁਣਾਂ ਨਾਲ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਾਲ, ਇਹ ਲੜਦਾ ਹੈ, ਗੁਰੂ ਦਾ ਥਾਪੜਾ ਲੈ ਕੇ ਪੰਜਾਂ ਜਵਾਨਾਂ ਨੂੰ ਮਾਰ ਲੈਂਦਾ ਹੈ। ਇਹ ਹਜ਼ਾਰਾਂ ਜਾਨਾਂ ਲੈਣ ਦੀ ਬਜਾਏ ਹਜ਼ਾਰਾਂ ਦੀਆਂ ਜਾਨਾਂ ਬਚਾਉਂਦਾ ਹੈ। ਮੈਂ 19 ਮਈ ਸੰਨ 1992 ਨੂੰ ਦਿਨ ਮੰਗਲਵਾਰ ਹੀਰੋਸ਼ੀਮਾ ਵੇਖਣ ਗਿਆ ਸੀ। ਇਹ ਜਾਪਾਨ ਦਾ ਪ੍ਰਸਿੱਧ ਸ਼ਹਿਰ ਹੈ। ਰੇਲਵੇ ਸਟੇਸ਼ਨ ਤੋਂ ਨਜ਼ਦੀਕ ਹੀ ਉਹ ਬਿਲਡਿੰਗ ਹੈ ਜਿਸ ਨੂੰ ਨਿਸ਼ਾਨੀ ਵਜੋਂ

ਉਨ੍ਹਾਂ ਬਚਾ ਕੇ ਰਖਿਆ ਹੈ ਕਿ ਜਦੋਂ ਦੇਸ਼ ਤੇ ਬੰਬ ਡਿੱਗੇ ਸਨ, ਬਸ ਇਹੀ ਬਿਲਡਿੰਗ ਬਚੀ ਸੀ, ਉਥੋਂ ਇਕ ਛੋਟੀ ਜਿਹੀ ਨਹਿਰ ਪਾਰ ਕਰਕੇ ਉਹ ਮਿਊਜ਼ੀਅਮ ਹੈ, ਜਿਥੇ ਉਥੇ ਦਾ ਤਬਾਹੀ ਦਾ ਸਾਖਿਆਤ ਦ੍ਰਿਸ਼ ਅੱਜ ਵੀ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਲਿਖਤ ਅਨੁਸਾਰ 2 ਲੱਖ ਬੰਦੇ ਮਰ ਗਏ ਸਨ, ਜਿਸ ਬੰਦੇ ਨੇ ਹਵਾਈ ਜਹਾਜ਼ ਰਾਹੀਂ ਇੱਥੇ ਬੰਬ ਸੁਟਿਆ ਸੀ, ਉਸ ਨੂੰ ਪੁੱਛਿਆ ਗਿਆ ਕਿ ਇੰਨੇ ਬੰਦੇ ਮਾਰ ਕੇ ਤੈਨੂੰ ਰਾਤ ਨੀਂਦ ਆਈ ਸੀ। ਉਸ ਨੇ ਕਿਹਾ ਸੀ ਹਾਂ, ਮੈਨੂੰ ਬਹੁਤ ਅੱਛੀ ਨੀਂਦ ਆਈ ਸੀ, ਜਿਹੜਾ ਕੰਮ ਮੇਰੇ ਜ਼ੁੰਮੇ ਲੱਗਾ ਸੀ ਮੈਂ ਉਸ ਨੂੰ ਪੂਰਾ ਕਰ ਆਇਆ ਸਾਂ।

ਇਤਿਹਾਸਕਾਰਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ 14 ਜੰਗਾਂ ਲੜੀਆਂ ਹਨ ਪਰ ਨਾ ਤਾਂ ਕਦੀ ਕਿਸੇ ਤੇ ਹਮਲਾ ਕਰਕੇ ਗਏ ਹਨ ਅਤੇ ਨਾ ਹੀ ਕਿਸੇ ਜਿੱਤ ਬਾਅਦ ਕਿਸੇ ਇਲਾਕੇ ਤੇ ਕਬਜ਼ਾ ਕੀਤਾ ਹੈ। ਜੰਗ ਕੀਤੀ ਹੈ ਸਿਰਫ ਹਮਲਾਵਰ ਨੂੰ ਰੋਕਣ ਵਾਸਤੇ, ਮਜ਼ਲੂਮਾਂ ਦੀ ਰੱਖਿਆ ਵਾਸਤੇ। ਉਨ੍ਹਾਂ ਤਾਂ ਤਲਵਾਰ ਦਾ ਨਾਂ ਹੀ ਕ੍ਰਿਪਾਣ ਪਾ ਦਿੱਤਾ ਜਿਸ ਦੇ ਅਰਥ ਹਨ ਕ੍ਰਿਪਾ-ਆਣ, ਕਿਸੇ ਹੋਰ ਤੇ ਕ੍ਰਿਪਾ ਕਰਨ ਵਾਸਤੇ ਇਹ ਕ੍ਰਿਪਾਣ ਹੈ। ਇਨ੍ਹਾਂ ਜੰਗਾਂ ਵਿਚ ਹਿੱਸਾ ਲੈਣ ਵਾਲਿਆਂ ਦੀ ਬਹਾਦਰੀ ਸਿਖਰ ਤੇ ਪੁੱਜ ਗਈ ਸੀ। ਨਿੱਤ ਹੀ ਜਲੇਬੀਆਂ ਤੇ ਪਕੌੜੇ ਕਢਣ ਵਾਲੇ ਹਲਵਾਈ ਵੀ ਕ੍ਰਿਪਾਣ ਫੜ ਕੇ ਲੜਦੇ ਵੇਖੇ ਗਏ। ਹਯਾਤ ਖਾਂ ਵਰਗੇ ਸੂਰਮੇ ਨੂੰ ਸੋਟੇ ਨਾਲ ਮਾਰਦੇ ਉਦਾਸੀ ਸਾਧੂ ਮਹੰਤ ਕ੍ਰਿਪਾਲ ਦਾਸ ਨੂੰ ਵੇਖਿਆ ਗਿਆ। ਖੁਦ ਗੁਰੂ ਸਾਹਿਬ ਦੁਸ਼ਮਣ ਨੂੰ ਤਿੰਨ ਵਾਰ ਮੌਕਾ ਦਿੰਦੇ ਹਨ। ਉਹ ਤੀਰ ਚਲਾਉਂਦਾ ਹੈ। ਤਿੰਨ ਵਾਰ ਹੋ ਗਏ, ਫਿਰ ਆਪ ਤੀਰ ਚਲਾਉਂਦੇ ਹਨ ਤੇ ਹਰੀ ਚੰਦ ਮਾਰਿਆ ਜਾਂਦਾ ਹੈ। ਇਨ੍ਹਾਂ ਲੜਾਈਆਂ ਨੇ ਵਾਕਿਆ ਹੀ ਸਿੱਖਾਂ ਲਈ ਉੱਨਤੀ ਦੇ ਰਾਹ ਖੋਲ੍ਹ ਦਿੱਤੇ ਸਨ। ਜਿਹੜੀਆਂ ਸਿੱਖੀਆਂ ਹੋਈਆਂ ਫੌਜਾਂ ਸਨ, ਜਿਨ੍ਹਾਂ ਦੇ ਸਿਪਾਹੀ ਕਈ ਖਾਨਦਾਨੀਆਂ ਤੋਂ ਤਲਵਾਰ ਚਲਾ ਰਹੇ ਸਨ, ਜਿਹੜੇ ਬਹਾਦਰ ਹੋਸ਼ ਸੰਭਾਲਦੇ ਬੱਚੇ ਦੇ ਹੱਥ ਵਿਚ ਤਲਵਾਰ ਫੜਾ ਦੇਂਦੇ ਸਨ, ਜਿਹੜੇ ਬੰਦਿਆਂ ਦਾ ਪਸ਼ੂ ਪੰਖੀਆਂ ਵਾਂਗੂ

ਸ਼ਿਕਾਰ ਕਰਦੇ ਸਨ, ਏਨੇ ਨਿਡਰ ਸਨ ਕਿ ਸ਼ੇਰਾਂ ਨਾਲ ਹੱਥੋਂ ਹੱਥੀ ਲੜ ਲੈਂਦੇ ਸਨ, ਉਨ੍ਹਾਂ ਬੰਦਿਆਂ ਦੇ ਸਾਹਮਣੇ ਕੌਣ ਖੜ੍ਹਾ ਹੋਏ। ਉਹ ਲੋਕ ਜੋ ਜ਼ਿਮੀਂਦਾਰਾ ਕਰਦੇ ਸਨ ਦੁਕਾਨਦਾਰ ਸਨ ਜਾਂ ਵਪਾਰੀ ਸਨ ਜਾਂ ਉਹ ਸ਼ੂਦਰ ਜਿਹੜੇ ਬਾਕੀ ਵਰਨਾਂ ਦੇ ਸੇਵਾਦਾਰ ਸਨ। ਹਿੰਦੁਸਤਾਨ ਵਿਚ ਲੜਾਕੇ ਰਾਜਪੂਤ ਛੱਤਰੀ ਸਨ ਪਰ ਗੁਰੂ ਗੋਬਿੰਦ ਸਿੰਘ ਦੀ ਫੌਜ ਵਿਚ ਰਾਜਪੂਤ ਛੱਤਰੀ ਕੋਈ ਵੀ ਸ਼ਾਮਲ ਨਹੀਂ ਹੋਇਆ। ਸਾਰੇ ਹੀ ਪੇਂਡੂ ਲੋਕ ਸਨ ਅਤੇ ਕਿਰਤੀ ਬੰਦੇ ਸਨ ਇਨ੍ਹਾਂ ਦੇ ਬਾਰੇ ਕਾਜ਼ੀ ਨੂਰ ਮੁਹੰਮਦ ਦਾ ਕਹਿਣਾ ਹੈ ਕਿ ਲੜਾਈ ਵੇਲੇ ਇਹ ਕਿਸੇ ਇਸਤਰੀ ਦੇ ਗਹਿਣੇ ਨਹੀਂ ਲੁਟਦੇ, ਭਾਵੇਂ ਉਹ ਸੁਆਣੀ ਹੋਵੇ, ਭਾਵੇਂ ਗੋਲੀ। ਇਨ੍ਹਾਂ ਵਿਚ ਕੋਈ ਵਿਭਚਾਰੀ ਨਹੀਂ, ਕੋਈ ਚੋਰ ਨਹੀਂ। ਇਹ ਭੱਜੇ ਜਾਂਦੇ ਤੇ ਵਾਰ ਨਹੀਂ ਕਰਦੇ। ਇਹ ਸਿੱਖਾਂ ਦੇ ਕਰੈਕਟਰ ਦਾ ਸਿਖਰ ਹੈ। ਸਿੱਖਾਂ ਨੂੰ ਸੱਗ (ਕੁੱਤੇ), ਕਹਿਕੇ ਵੀ ਉਹ ਕਹਿੰਦਾ ਹੈ, ਇਨ੍ਹਾਂ ਨੂੰ ਸੱਗ ਨਾ ਆਖੋ ਇਹ ਤਾਂ ਸ਼ੇਰ ਹਨ। ਇਨ੍ਹਾਂ ਦੀ ਬਹਾਦਰੀ ਕਿਤੇ ਮੈਦਾਨੇ-ਜੰਗ ਵਿਚ ਵੇਖੋ। ਇਹ ਸ਼ੇਰਾਂ ਤੋਂ ਵੀ ਦਲੇਰ ਹਨ। ਜਿੱਥੇ ਸਿੰਘ ਏਨੇ ਬਹਾਦਰ ਸਨ ਉਥੇ ਸਿੰਘਣੀਆਂ ਦੇ ਕਾਰਨਾਮੇ ਪੜ੍ਹ ਕੇ ਵੀ ਬੰਦਾ ਹੈਰਾਨ ਹੋ ਜਾਂਦਾ ਹੈ। ਬੀਬੀ ਦੀਪ ਕੌਰ ਦਾ ਚਾਰ ਨੌਜਵਾਨ ਪਠਾਨਾਂ ਨਾਲ ਲੜਨਾ ਉਨ੍ਹਾਂ ਨੂੰ ਹਰਾ ਦੇਣਾ ਤੇ ਇਕ ਦੀ ਛਾਤੀ ਤੇ ਚੜ੍ਹ ਕੇ ਬੈਠ ਜਾਣਾ ਕੋਈ ਛੋਟੀ ਬਹਾਦਰੀ ਨਹੀਂ। ਬੀਬੀ ਹਰਸ਼ਰਨ ਕੌਰ ਦਾ ਹੌਸਲਾ ਕਿੰਨਾ ਸੀ। ਜਿਹੜੇ ਕੰਮ ਉਸਨੇ ਕੀਤੇ ਸਨ, ਸੁਣ ਕੇ ਬਹਾਦਰ ਵੀ ਅੱਸ਼ ਅੱਸ਼ ਕਰ ਉਠਦੇ ਸਨ। ਇਹ ਸਾਰੀਆਂ ਉੱਨਤੀਆਂ ਜੰਗ ਦੀ ਦੇਣ ਹੀ ਹਨ। ਬਹਾਦਰੀ ਤੇ ਸਹੂਲਤਾਂ ਜੇ ਜੰਗ ਦੀ ਦੇਣ ਹੀ ਹਨ, ਨਵੀਆਂ ਨਵੀਆਂ ਖੋਜਾਂ ਜੇ ਕਰ ਜੰਗ ਦੀ ਦੇਣ ਹਨ ਤਾਂ ਇਹ ਵੀ ਸੱਚ ਹੈ ਕਿ ਸ਼ਾਂਤੀ ਵੀ ਜੰਗ ਦੀ ਹੀ ਦੇਣ ਹੈ, ਉਹ ਕਿਵੇਂ?

ਜਿਵੇਂ ਜੰਗ ਤੋਂ ਬਾਅਦ ਕੁਝ ਚਿਰ ਸ਼ਾਂਤੀ ਹੁੰਦੀ ਹੈ, ਉਸੇ ਸ਼ਾਂਤੀ ਵਿਚ ਹੀ ਸਾਰਾ ਵਿਕਾਸ ਹੁੰਦਾ ਹੈ। ਜੰਗ ਤੋਂ ਬਾਅਦ ਦਾ ਸਮਾਂ ਬੜਾ ਕੀਮਤੀ ਹੈ। ਜਿਨ੍ਹਾਂ ਕੌਮਾਂ ਨੇ ਉਸ ਸਮੇਂ ਨੂੰ ਸਹੀ ਢੰਗ ਨਾਲ ਵਰਤ ਲਿਆ ਹੈ, ਉਨ੍ਹਾਂ ਕੌਮਾਂ ਦੀ ਉੱਨਤੀ ਸਿਖਰ ਤੱਕ ਜਾ ਪਹੁੰਚੀ। ਪਰ ਜਿਨ੍ਹਾਂ ਕੌਮਾਂ

ਨੇ ਉਹ ਸਮਾਂ ਗਵਾ ਲਿਆ ਉਹ ਕੌਮਾਂ ਸਦਾ ਵਾਸਤੇ ਮਿਟ ਗਈਆਂ ਹਨ। ਜਾਪਾਨ ਵੇਖ ਕੇ ਮੈਨੂੰ ਇਹ ਕਿਤੇ ਮਹਿਸੂਸ ਨਹੀਂ ਹੋਇਆ ਕਿ ਏਥੇ ਵੀ ਕਦੀ ਬੰਬ ਡਿੱਗੇ ਹੋਣਗੇ। ਜੇ ਉਨ੍ਹਾਂ ਆਪ ਉਹ ਨਿਸ਼ਾਨੀਆਂ ਨਾ ਸਾਂਭੀਆਂ ਹੁੰਦੀਆਂ। ਉਨ੍ਹਾਂ ਦੇ ਸਿਆਣੇ ਕਹਿੰਦੇ ਹਨ ਇਹੀ ਨਿਸ਼ਾਨੀਆਂ ਸਾਡੀ ਉੱਨਤੀ ਦਾ ਕਾਰਨ ਹਨ। ਹਿੰਦੁਸਤਾਨ ਨੇ ਜਿੰਨੀਆਂ ਜੰਗਾਂ ਲੜੀਆਂ, ਉਨ੍ਹਾਂ ਤੋਂ ਬਾਅਦ ਦਾ ਸਮਾਂ ਸਾਂਭਿਆ ਨਹੀਂ। ਇਸੇ ਵਾਸਤੇ ਜੋ ਉੱਨਤੀ ਹੋਣੀ ਸੀ, ਨਹੀਂ ਹੋਈ। ਜੰਗ ਤੋਂ ਬਾਅਦ ਅਧਿਆਤਮਕ ਉੱਨਤੀ ਹੋਣੀ ਚਾਹੀਦੀ ਹੈ, ਆਰਥਿਕ ਉੱਨਤੀ ਹੋਣੀ ਚਾਹੀਦੀ ਹੈ, ਵਿਗਿਆਨਕ ਉੱਨਤੀ ਹੋਣੀ ਚਾਹੀਦੀ ਹੈ। ਮੇਰੇ ਕਹਿਣ ਤੋਂ ਇਹ ਭਾਵ ਨਹੀਂ ਕਿ ਨਾ ਵੀ ਲੋੜ ਹੋਵੇ ਤਾਂ ਵੀ ਲੜਾਈਆਂ ਹੋਣੀਆਂ ਚਾਹੀਦੀਆਂ। ਮੈਂ ਨਹੀਂ ਚਾਹੁੰਦਾ ਕੋਈ ਲੜੇ ਪਰ ਮੇਰੇ ਚਾਹਿਆਂ ਕੀ ਹੋ ਸਕਦਾ ਹੈ। ਜਗਤ ਦੇ ਸਿਆਣਿਆਂ ਨੇ ਹਰ ਵਾਰ ਲੜਾਈ ਰੋਕਣ ਦਾ ਜਤਨ ਕੀਤਾ ਹੈ, ਪਰ ਲੜਾਈ ਇਕ ਨਹੀਂ ਹਜ਼ਾਰਾਂ ਹੋਈਆਂ ਹਨ, ਅਤੇ ਅੱਜ ਵੀ ਹੋ ਰਹੀਆਂ ਹਨ।

ਭਾਈ ਸੰਤੋਖ ਸਿੰਘ ਛੇਵੇਂ ਪਾਤਸ਼ਾਹ ਦੀਆਂ ਜੰਗਾਂ ਦਾ ਕਾਰਨ ਲਿਖਦੇ ਹਨ। ਗੁਰੂ ਨਾਨਕ ਦੇਵ ਜੀ ਨੇ ਕਲਹਿ ਨਾਲ ਵਾਅਦਾ ਕੀਤਾ ਸੀ ਕਿ ਛੇਵੇਂ ਜਾਮੇ ਵਿਚ ਤੈਨੂੰ ਖ਼ੂਨ ਨਾਲ ਤ੍ਰਿਪਤ ਕਰ ਦੇਵਾਂਗੇ। ਇਨ੍ਹਾਂ ਸਾਖੀਆਂ ਵਿਚ ਬੜੀ ਰਮਜ਼ ਹੈ। ਕਲਹਿ ਤੇ ਸ਼ਾਂਤੀ ਮਨੁੱਖ ਦੇ ਮਨ ਦਾ ਹਿੱਸਾ ਹਨ। ਇਹ ਪ੍ਰਮਾਤਮਾ ਦਾ ਬਣਾਇਆ ਹੈ ਤੇ ਪ੍ਰਮਾਤਮਾ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਆਪ ਹੀ ਕਲਹਿ-ਕਰਤਾ ਹੈ ਤੇ ਆਪ ਹੀ ਸ਼ਾਂਤ ਰੂਪ ਹੈ। ਇਹ ਸ਼ਬਦ ਬੜੇ ਧਿਆਨ ਨਾਲ ਸੋਚਣ ਵਾਲੇ ਹਨ। ਕਲਹਿ ਰੂਪ ਨਹੀਂ ਕਿਹਾ ਕਲਹਿ ਕਰਤਾ ਹੈ ਤੇ ਸ਼ਾਂਤ ਰੂਪ ਹੈ। ਉਹ ਜੇ ਸ਼ਾਂਤ ਰੂਪ ਹੈ ਤੇ ਫਿਰ ਕਲਹਿ ਕਰਤਾ ਕਿਉਂ ਹੈ। ਇਸ ਲਈ ਕਿ ਸ਼ਾਂਤ ਰੂਪ ਦੀ ਸਹੀ ਪ੍ਰੀਖਿਆ ਹੋ ਸਕੇ ਕਿ ਕਲਹਿ ਦੀ ਅਗਨੀ ਵਿਚੋਂ ਵੀ ਸ਼ਾਂਤੀ ਦਾ ਸੋਨਾ ਸ਼ੁੱਧ ਨਿਕਲਦਾ ਹੈ ਕਿ ਨਹੀਂ। ਕਲਹਿ ਹੀ ਮਨੁੱਖ ਦੀ ਪ੍ਰੀਖਿਆ ਹੈ। ਚਾਰ ਚੁਫੇਰੇ ਕਲੇਸ਼ ਹੀ ਕਲੇਸ਼ ਹੋਵੇ ਫਿਰ ਵੀ ਇਹਦੇ ਅੰਦਰ ਸ਼ਾਂਤੀ ਦਾ ਆਸਣ ਕਾਇਮ ਰਹਿੰਦਾ ਹੈ ਕਿ ਨਹੀਂ। ਸਰਸਾ ਨਦੀ ਦੇ ਕਿਨਾਰੇ

ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣਾਂ ਦੇ ਘੇਰੇ ਵਿਚ ਵੀ ਨਿਤਨੇਮ ਦਾ ਪਾਠ ਕਰ ਲਿਆ ਸੀ। ਆਸਾ ਦੀ ਵਾਰ ਦਾ ਕੀਰਤਨ ਨਹੀਂ ਤਾਂ ਪਾਠ ਹੀ ਕਰ ਲਿਆ ਸੀ। ਕਲਹਿ ਤੇ ਸ਼ਾਂਤੀ ਦੇ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ। ਕਲਹਿ ਦੇ ਦੀਵੇ ਦੀ ਰੌਸ਼ਨੀ ਕਹਿ ਰਹੀ ਹੈ, ਮੇਰੀ ਅਗਨੀ ਵਿਚੋਂ ਗੁਜ਼ਰ ਕੇ ਅੱਗੇ ਜਾ। ਸ਼ਾਂਤੀ ਦਾ ਦੀਵਾ ਅੱਗੇ ਬੁਲਾ ਰਿਹਾ ਹੈ ਕਿ ਸ਼ਾਂਤ ਰੂਪ ਵੱਲ, ਪ੍ਰਮਾਤਮਾ ਵੱਲ ਆ। ਜੋ ਕਲਹਿ ਵਿਚੋਂ ਨਹੀਂ ਗੁਜ਼ਰਦਾ, ਉਹ ਸ਼ਾਂਤ ਰੂਪ ਤੱਕ ਨਹੀਂ ਪੁੱਜ ਸਕਦਾ।

# 19

ਆਮ ਤੌਰ ਤੇ ਸਾਡਾ ਇਹ ਖਿਆਲ ਹੁੰਦਾ ਹੈ ਕਿ ਦੇਣ ਵਾਲਾ ਵੱਡਾ ਹੈ ਅਤੇ ਲੈਣ ਵਾਲਾ ਛੋਟਾ ਹੈ। ਜਿਹੜੇ ਦੇਣ ਵਾਲੇ ਹਨ ਇਹ ਤਾਂ ਬੜੇ ਕਰਮ ਕਰਕੇ ਆਏ ਹਨ, ਪਰ ਜਿਹੜੇ ਲੈਣ ਵਾਲੇ ਹਨ, ਇਹ ਬੜੇ ਹੀ ਮਾੜੇ ਕਰਮ ਕਰਕੇ ਆਏ ਹਨ। ਜਿਹੜੇ ਬੰਦੇ ਜੰਮੇ ਵੀ ਭਿਖਾਰੀਆਂ ਦੇ ਘਰ, ਜੰਮਿਆ, ਤੇ ਮੋਢੇ ਨਾਲ ਲਗਾ ਕੇ ਮਾਂ ਮੰਗਣ ਵਾਸਤੇ ਤੁਰ ਪਈ ਤੇ ਹਰ ਆਏ ਗਏ ਨੂੰ ਕਹਿਣ ਲਗੀ, ਮੇਰੇ ਬੱਚੇ ਵਾਸਤੇ ਕੁਝ ਦੇ ਕੇ ਜਾਓ, ਜੰਮਦੇ ਬੱਚੇ ਦੇ ਨਾਂ ਤੇ ਮੰਗਣਾ ਸ਼ੁਰੂ ਕਰ ਦਿਤਾ ਹੈ। ਹੋਸ਼ ਸੰਭਾਲੀ ਤੇ ਆਪ ਭਿਛਿਆ ਮੰਗਣ ਤੁਰ ਪੈਣ, ਸਾਰੀ ਉਮਰ ਮੰਗਦਿਆਂ ਹੀ ਗੁਜ਼ਰ ਜਾਂਦੀ ਹੈ। ਇਹੀ ਕਾਰਨ ਹੈ ਕਿ ਦੇਣ ਵਾਲਾ ਆਪਣੇ ਆਪ ਨੂੰ ਬੜਾ ਉੱਚਾ ਸਮਝਦਾ ਹੈ ਅਤੇ ਲੈਣ ਵਾਲਾ ਆਪਣੇ ਆਪ ਨੂੰ ਬੜਾ ਨੀਵਾਂ ਸਮਝਦਾ ਹੈ। ਪਰ ਗੋਬਿੰਦ ਸਿੰਘ ਜੀ ਦੀ ਬਾਣੀ ਪੜ੍ਹਿਆਂ ਕੁਝ ਹੋਰ ਹੀ ਤੱਥ ਸਾਹਮਣੇ ਆਉਂਦੇ ਹਨ। ਸਤਿਗੁਰੂ ਜੀ ਦਾ ਇਕ ਸਵੈਯਾ ਹੈ ਜਿਸਦਾ ਭਾਵ ਹੈ ਕਿ ਹੇ ਪ੍ਰਮਾਤਮਾ, ਤੁਸੀਂ ਆਪ ਹੀ ਕਿਤੇ ਭਿਖਾਰੀ ਹੋ ਕੇ ਮੰਗਦੇ ਫਿਰਦੇ ਹੋ ਅਤੇ ਕਿਤੇ ਮਹਾਰਾਜੇ ਹੋ ਕੇ ਤੁਸੀਂ ਦਾਨ ਦੇ ਰਹੇ ਹੋ, ਫਿਰ ਜੋ ਕੋਈ ਮੰਗਦਾ ਹੈ, ਉਹੀ ਦਾਨ ਦੇਂਦੇ ਹੋ :

*ਕਤਹੂ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਾਹੂ ਮਹਾਰਾਜ ਹੁਇਕੈ ਮਾਂਗਿਉ ਧਨ ਦੇਤ ਹੋ।*

ਪਾਤਸ਼ਾਹੀ ੧੦

ਪ੍ਰਮਾਤਮਾ ਆਪ ਹੀ ਭਿਖਾਰੀ ਹੈ ਅਤੇ ਕਿਤੇ ਆਪ ਹੀ ਦਾਤਾ ਹੈ। ਭਿਖਾਰੀ ਵਿਚ ਵੀ ਆਪ ਹੈ ਅਤੇ ਦਾਤੇ ਵਿਚ ਵੀ ਆਪ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜੋ ਦਿੱਤਾ ਜਾ ਰਿਹਾ ਹੈ, ਉਹ ਮਹਾਨ ਨਹੀਂ।

ਨਾ ਵੀ ਦੇਵੇ ਤਾਂ ਕਲ੍ਹ ਨੂੰ ਸਵਾਹ ਹੋ ਹੀ ਜਾਵੇਗਾ। ਜੋ ਦੇਣ ਵਾਲਾ ਹੈ, ਜਿਸਦੇ ਅੰਦਰ ਦੇਣ ਦੀ ਭਾਵਨਾ ਉੱਠ ਰਹੀ ਹੈ, ਉਹ ਮਹਾਨ ਹੈ, ਅਤੇ ਉਸ ਅੰਦਰ ਪ੍ਰਮਾਤਮਾ ਹੈ, ਜੋ ਲੈ ਰਿਹਾ ਹੈ। ਉਹ ਵਸਤੂ ਮਹਾਨ ਨਹੀਂ, ਵਸਤੂ ਤੁਛ ਹੈ, ਉਹ ਤਾਂ ਖੇਹ ਹੋ ਹੀ ਜਾਣੀ ਹੈ ਪਰ ਜੋ ਲੈ ਰਿਹਾ ਹੈ ਉਹ ਪ੍ਰਮਾਤਮਾ ਆਪ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫਰਮਾਨ ਹੈ ਕਿ ਜਗਤ ਭਿਖਾਰੀ ਫਿਰਤ ਹੈ, ਸਭ ਕੋ ਦਾਤਾ ਰਾਮ। ਦਾਤਾ ਤਾਂ ਰਾਮ ਹੈ ਸਾਰਾ ਜਗਤ ਉਸੇ ਦਾ ਭਿਖਾਰੀ ਹੈ। ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ ਕਿ ਠੀਕ ਹੈ ਦਾਤਾ ਰਾਮ ਹੈ, ਜਗਤ ਭਿਖਾਰੀ ਹੈ, ਪਰ ਭਿਖਾਰੀ ਵਿਚ ਵੀ ਆਪ ਵਸਦਾ ਹੈ। ਦਾਤੇ ਵੀ ਇੱਥੇ ਜੇ ਮਨੁੱਖਾਂ ਵਿਚ ਵੇਖੀਏ ਤਾਂ ਵੱਡੇ ਛੋਟੇ ਹਨ। ਕੋਈ ਰੁਪਏ ਦਾ ਦਾਨੀ ਹੈ, ਕੋਈ ਸੌ ਦਾ, ਕੋਈ ਹਜ਼ਾਰ ਦਾ। ਇਸੇ ਤਰ੍ਹਾਂ ਭਿਖਾਰੀ ਵੀ ਵੱਡੇ ਛੋਟੇ ਹਨ। ਕੋਈ ਛੋਟਾ ਭਿਖਾਰੀ ਕਹਿੰਦਾ ਹੈ ਮੈਂ ਬਿਮਾਰ ਹਾਂ, ਦਵਾਈ ਲਈ ਪੈਸੇ ਦਿਓ, ਪਰ ਵੱਡਾ ਕਹਿੰਦਾ ਹੈ ਮੈਂ ਭੁਖਾ ਹਾਂ, ਮੈਨੂੰ ਖਾਣੇ ਲਈ ਪੈਸੇ ਦਿਓ। ਵੱਡਾ ਭਿਖਾਰੀ ਕਹਿੰਦਾ ਹੈ ਮੈਂ ਹਜ਼ਾਰਾਂ ਭਿਖਾਰੀਆਂ ਨੂੰ ਖਾਣਾ ਖਵਾਉਣਾ ਹੈ, ਪੈਸੇ ਦਿਓ। ਛੋਟਾ ਭਿਖਾਰੀ ਕਹਿੰਦਾ ਹੈ, ਮੈਂ ਆਪਣਾ ਬੱਚਾ ਪੜ੍ਹਾਉਣਾ ਹੈ ਮੈਨੂੰ ਪੈਸੇ ਦਿਓ, ਵੱਡਾ ਭਿਖਾਰੀ ਕਹਿੰਦਾ ਹੈ, ਮੈਂ ਸਕੂਲ ਖੋਲ੍ਹਣਾ ਹੈ ਮੈਨੂੰ ਪੈਸੇ ਦਿਓ। ਛੋਟੇ ਭਿਖਾਰੀਆਂ ਨੂੰ ਕੋਈ ਭਾਵੇਂ ਦੱਸ ਰੁਪਏ ਨਾ ਦੇਵੇ ਪਰ ਵੱਡੇ ਭਿਖਾਰੀਆਂ ਨੂੰ ਦੱਸ ਲੱਖ ਜ਼ਰੂਰ ਮਿਲ ਜਾਂਦਾ ਹੈ। ਮੰਗਣ ਵਾਲੇ ਨੂੰ ਇਹ ਸ਼ੱਕ ਹੈ ਕਿ ਮੈਂ ਮੰਗ ਰਿਹਾ ਹਾਂ। ਦੇਣ ਵਾਲੇ ਨੂੰ ਸ਼ੱਕ ਹੈ ਕਿ ਮੈਂ ਦੇ ਰਿਹਾ ਹਾਂ ਪਰ ਦੇਣ ਵਾਲਾ ਕਦੀ ਸੋਚੇਗਾ ਕਿ ਦਿਤਾ ਤਾਂ ਉਹ ਜਾਂਦਾ ਹੈ ਜੋ ਆਪਣਾ ਹੋਵੇ। ਮੈਂ ਤੇ ਆਪ ਕਿਸੇ ਹੋਰ ਪਾਸੋਂ ਮੰਗਦਾ ਹਾਂ। ਫਿਰ ਥੋੜ੍ਹਾ ਜਿਹਾ ਦੇ ਕੇ ਸ਼ੋਭਾ ਵੀ ਚਾਹੁੰਦਾ ਹਾਂ।

ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ :

*ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ।*
*ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੈ ਸੰਸਾਰੁ॥*

(ਪੰਨਾ ੪੬੬)

ਅਸੀਂ ਆਮ ਕਰਕੇ ਦੇਣ ਵਾਲੇ ਨੂੰ ਬੜਾ ਉੱਤਮ ਤੇ ਲੈਣ ਵਾਲੇ

ਨੂੰ ਨਖਿੱਧ ਗਿਣਦੇ ਹਾਂ। ਪਰ ਕਦੀ ਇਹ ਨਹੀਂ ਵਿਚਾਰਿਆ ਕਿ ਦਾਨ ਦੀ ਮਹਿਮਾ ਨਿਰੇ ਦਾਨੀ ਕਰਕੇ ਹੀ ਨਹੀਂ, ਸਗੋਂ ਭਿਖਾਰੀ ਕਰਕੇ ਵੀ ਹੈ। ਇੰਜ ਸੋਚੀਏ ਕਿ ਮੈਂ ਲੰਗਰ ਤਿਆਰ ਕਰਕੇ ਰੱਖ ਛੱਡਾਂ, ਪਰ ਕੋਈ ਛਕਣ ਵਾਲਾ ਹੀ ਨਾ ਆਵੇ ਅਤੇ ਪਿਆ ਪਿਆ ਲੰਗਰ ਖਰਾਬ ਹੋ ਜਾਵੇ ਤਾਂ ਲੰਗਰ ਬਣਾਉਣ ਵਾਲੇ ਦਾਨੀ ਦੀ ਕੀ ਮਹਾਨਤਾ ਰਹਿ ਜਾਵੇਗੀ। ਏਨੇ ਬੰਦੇ ਮੇਰਾ ਬਣਾਇਆ ਲੰਗਰ ਛਕ ਗਏ, ਇਸ ਗੱਲ ਦੀ ਤਾਂ ਮਹਾਨਤਾ ਹੈ, ਪਰ ਮੇਰਾ ਪਕਾਇਆ ਸੈਂਕੜੇ ਮਣ ਅਨਾਜ ਖਰਾਬ ਹੋ ਗਿਆ ਹੈ, ਇਸ ਦੀ ਕਾਹਦੀ ਮਹਾਨਤਾ ਹੈ।

ਮੁਸਲਮਾਨਾਂ ਵਿਚ ਇਕ ਬੜਾ ਹੀ ਉਦਾਰਚਿਤ ਦਾਨੀ ਪੁਰਸ਼ ਹੋਇਆ ਹੈ, ਉਸ ਦਾ ਨਾਂ ਹਾਤਮ ਸੀ। ਹਾਤਮ ਬਾਰੇ ਲਿਖਿਆ ਮਿਲਦਾ ਹੈ ਕਿ ਹਾਤਮ ਬੜਾ ਹੀ ਦਾਨੀ ਸੀ। ਇਸ ਬਾਰੇ ਪ੍ਰਸਿੱਧ ਹੈ ਕਿ ਕੁਝ ਬੰਦੇ ਇਕ ਬੜੇ ਕੀਮਤੀ ਘੋੜੇ ਦੀ ਖੋਜ ਵਿਚ ਸਨ ਤੇ ਉਹ ਉਸ ਘੋੜੇ ਨੂੰ ਚੁਰਾਉਣਾ ਚਾਹੁੰਦੇ ਸਨ। ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਜਿਸਦੇ ਘਰ ਅਸੀਂ ਮਹਿਮਾਨ ਹਾਂ, ਇਹੀ ਉਸ ਘੋੜੇ ਦਾ ਮਾਲਕ ਹੈ। ਇਸਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਸਵੇਰੇ ਤੁਰਨ ਲੱਗਿਆਂ ਉਨ੍ਹਾਂ ਪੁੱਛਿਆ ਕਿ ਤੂੰ ਸਾਡੀ ਬੜੀ ਸੇਵਾ ਕੀਤੀ ਹੈ, ਤੂੰ ਸਾਡਾ ਦਿਲ ਜਿੱਤ ਲਿਆ ਹੈ। ਅਸੀਂ ਚਾਹੁੰਦੇ ਹਾਂ, ਤੇਰੇ ਪਾਸੋਂ ਕੁਝ ਹੋਰ ਸਹਾਇਤਾ ਲਈਏ। ਇਕ ਏਥੇ ਹਾਤਮ ਨਾਂ ਦਾ ਬੰਦਾ ਹੈ ਅਸੀਂ ਉਸ ਦਾ ਘੋੜਾ ਚੁਰਾਉਣ ਆਏ ਹਾਂ। ਤੂੰ ਸਾਡੀ ਕੀ ਸਹਾਇਤਾ ਕਰ ਸਕਦਾ ਹੈਂ? ਉਹ ਕਹਿਣ ਲੱਗਾ, ਤੁਸੀਂ ਗਲਤੀ ਕੀਤੀ। ਰਾਤ ਨੂੰ ਦੱਸਣਾ ਸੀ-ਮੇਰੇ ਘਰ ਹੋਰ ਖਾਣ ਲਈ ਕੁਝ ਨਹੀਂ ਸੀ। ਮੈਂ ਉਹ ਦਰਿਆਈ ਘੋੜਾ ਰਾਤ ਨੂੰ ਤੁਹਾਨੂੰ ਜ਼ਿਬ੍ਹਾ ਕਰਕੇ ਖੁਆ ਦਿਤਾ ਹੈ। ਉਹ ਹੈਰਾਨ ਸਨ ਕਿ ਲੱਖਾਂ ਰੁਪਿਆਂ ਦਾ ਘੋੜਾ ਇਸ ਨੇ ਸਾਡੇ ਲਈ ਮਾਰ ਦਿਤਾ। ਇਕ ਵਾਰ ਇਕ ਨੌਜਵਾਨ ਆਇਆ। ਇਸ ਨੇ ਉਸਦੀ ਬੜੀ ਹੀ ਸੇਵਾ ਕੀਤੀ। ਉਸਨੇ ਵੀ ਇਮਦਾਦ ਮੰਗੀ ਕਿ ਇਥੇ ਕੋਈ ਹਾਤਮ ਹੈ, ਮੈਂ ਉਸ ਦਾ ਸਿਰ ਲੈਣ ਆਇਆ ਹਾਂ। ਹਾਤਮ ਨੇ ਕ੍ਹਿਹਾ, ਤੂੰ ਮੇਰਾ ਮਹਿਮਾਨ ਹੈਂ, ਮੈਂ ਤੇਰੀ ਹਰ ਲੋੜ ਪੂਰੀ ਕਰਾਂਗਾ। ਮੈਂ ਹੀ ਹਾਤਮ ਹਾਂ,

ਤੂੰ ਮੇਰਾ ਸਿਰ ਕੱਟ ਕੇ ਲੈ ਜਾ, ਉਹ ਇੰਨਾ ਸ਼ਰਮਸਾਰ ਹੋਇਆ ਕਿ ਹਾਤਮ ਦੇ ਪੈਰ ਫੜ ਲਏ ਤੇ ਕਹਿਣ ਲੱਗਾ, ਮੈਨੂੰ ਇਕ ਬਾਦਸ਼ਾਹ ਨੇ ਇਸ ਕੰਮ ਲਈ ਭੇਜਿਆ ਸੀ। ਕਿਸੇ ਨੇ ਉਸ ਨੂੰ ਕਿਹਾ ਸੀ ਕਿ ਜਦੋਂ ਤੱਕ ਹਾਤਮ ਜ਼ਿੰਦਾ ਹੈ, ਤੇਰਾ ਨਾਂ ਸਖਾਵਤ ਵਿਚ ਉੱਚਾ ਨਹੀਂ ਹੋ ਸਕਦਾ। ਹਾਤਮ ਵਰਗਾ ਦਾਨੀ ਕੋਈ ਨਹੀਂ। ਇਸ ਲਈ ਮੈਨੂੰ ਉਸਨੇ ਭੇਜਿਆ ਸੀ। ਜੇ ਮੈਂ ਤੇਰਾ ਸਿਰ ਲੈ ਜਾਵਾਂ, ਫਿਰ ਤਾਂ ਰਹਿੰਦੀ ਦੁਨੀਆ ਤੱਕ ਤੇਰਾ ਮੁਕਾਬਲਾ ਕੋਈ ਨਹੀਂ ਕਰ ਸਕੇਗਾ। ਲੋਕ ਕਹਿਣਗੇ ਹਾਤਮ ਆਏ ਮਹਿਮਾਨਾਂ ਨੂੰ ਕੀਮਤੀ ਘੋੜਾ ਹੀ ਨਹੀਂ ਖੁਆ ਸਕਦਾ, ਸਗੋਂ ਆਏ ਮਹਿਮਾਨ ਦੀ ਭੇਟਾ ਆਪਣਾ ਸਿਰ ਵੀ ਕਰ ਸਕਦਾ ਹੈ। ਇਸੇ ਹਾਤਮ ਦੇ ਘਰ ਵਿਚ ਦਾਅਵਤ ਸੀ। ਇਕ ਗਰੀਬ ਮਜ਼ਦੂਰ ਆਪਣੇ ਪਰਿਵਾਰ ਦੀ ਰੋਟੀ ਲਈ ਆਟਾ ਖਰੀਦ ਰਿਹਾ ਸੀ।

ਦੁਕਾਨਦਾਰ ਨੇ ਕਹਿ ਦਿੱਤਾ, ਤੂੰ ਅੱਜ ਆਟੇ ਦੇ ਪੈਸੇ ਬਚਾ ਲੈ, ਤੇਰੇ ਕਲ੍ਹ ਲਈ ਕੰਮ ਆਉਣਗੇ। ਤੈਨੂੰ ਅੱਜ ਰੋਟੀ ਪਕਾਉਣ ਦੀ ਜ਼ਰੂਰਤ ਨਹੀਂ, ਹਾਤਮ ਦੇ ਘਰ ਦਾਅਵਤ ਹੈ। ਤੂੰ ਉੱਥੇ ਜਾ, ਤੈਨੂੰ ਰੋਟੀ ਮਿਲ ਜਾਏਗੀ। ਅੱਜ ਜਿਹੜਾ ਵੀ ਉਸ ਦੇ ਘਰ ਜਾਏਗਾ, ਰੱਜ ਕੇ ਆਏਗਾ।

ਉਸ ਮਜ਼ਦੂਰ ਨੇ ਅੱਗੋਂ ਕਿਹਾ, ਜਦੋਂ ਮੈਨੂੰ ਖੁਦਾ ਨੇ ਹੱਥ ਦਿੱਤੇ ਹਨ, ਮੈਂ ਆਪਣੀ ਕਿਰਤ ਕਰਕੇ ਰੋਟੀ ਖਾ ਸਕਦਾ ਹਾਂ। ਮੈਂ ਕਿਸੇ ਦੀ ਹਾਤਮਤਾਈ ਦਾ ਅਹਿਸਾਨ ਕਿਉਂ ਉਠਾਵਾਂ। ਮੈਂ ਕਿਸੇ ਦੀ ਸਖਾਵਤ ਦਾ ਮੁਥਾਜ ਨਹੀਂ ਹੋਵਾਂਗਾ। ਮੈਂ ਰੋਟੀ ਆਪ ਪਕਾਵਾਂਗਾ ਤੇ ਖਾਵਾਂਗਾ। ਹਾਤਮ ਨੂੰ ਪਤਾ ਲੱਗਾ ਤੇ ਇਹ ਕਹਿਣ ਲੱਗਾ, ਉਸ ਮਜ਼ਦੂਰ ਨੂੰ ਮੈਂ ਸਿਰ ਝੁਕਾਉਂਦਾ ਹਾਂ। ਇਹ ਮੇਰੇ ਨਾਲੋਂ ਬਹਾਦਰ ਹੈ, ਉਹ ਮੇਰਾ ਉਸਤਾਦ ਹੈ। ਉਸ ਨੇ ਮੈਨੂੰ ਇਹ ਸਿੱਖਿਆ ਦਿਤੀ ਹੈ ਕਿ ਜੇ ਸਾਰੇ ਹੀ ਲੋਕ ਇਹੋ ਜਿਹੇ ਹੋਣ ਤਾਂ ਮੇਰੇ ਦਾਨ ਦੀ ਵਡਿਆਈ ਮਿੱਟੀ ਵਿਚ ਮਿਲ ਜਾਵੇ। ਸ਼ੁਕਰਾਨਾ ਹੈ ਉਨ੍ਹਾਂ ਲੋੜਵੰਦਾਂ ਦਾ ਜੋ ਆ ਜਾਂਦੇ ਹਨ ਅਤੇ ਮੈਨੂੰ ਸੇਵਾ ਅਤੇ ਪਰਉਪਕਾਰ ਕਰਨ ਦਾ ਮੌਕਾ ਮਿਲ ਜਾਂਦਾ ਹੈ। ਜੇ ਲੋੜਵੰਦ ਹੀ ਕੋਈ ਨਾ ਆਵੇ ਤਾਂ ਦਾਤੇ ਦੇ ਦਾਨ ਦੀ ਵਡਿਆਈ ਖਤਮ ਹੋ ਜਾਵੇ। ਜਿਸ ਢੰਗ ਨਾਲ ਦਾਨੀ

ਤੇ ਭਿਖਾਰੀ ਨੂੰ ਅਸੀਂ ਵੇਖਦੇ ਹਾਂ, ਗੁਰੂ ਗੋਬਿੰਦ ਸਿੰਘ ਜੀ ਇਸ ਦ੍ਰਿਸ਼ਟੀ ਨਾਲ ਨਹੀਂ ਵੇਖਦੇ। ਉਨ੍ਹਾਂ ਦੀ ਵੇਖਣ ਦੀ ਦ੍ਰਿਸ਼ਟੀ ਹੋਰ ਹੈ। ਉਹ ਵੇਖਦੇ ਹਨ ਕਿ ਸਾਰੀ ਸ੍ਰਿਸ਼ਟੀ ਉਸ ਪ੍ਰਮਾਤਮਾ ਦੀ ਖੇਡ ਹੈ। ਖੇਡ ਦੇ ਪਾਤਰ ਦਾਨੀ ਵੀ ਹਨ ਅਤੇ ਭਿਖਾਰੀ ਵੀ ਹਨ। ਦੇਣਾ ਲੈਣਾ ਤੇ ਇਕ ਖੇਡ ਦੀ ਤਰ੍ਹਾਂ ਹੈ। ਸਾਰਿਆਂ ਵਿਚ ਪ੍ਰਮਾਤਮਾ ਆਪ ਹੀ ਰਮਿਆ ਹੈ। ਇਸ ਲਈ ਮੰਗਣ ਵਾਲੇ ਤੇ ਦੇਣ ਵਾਲੇ ਸਾਰੇ ਉਸੇ ਦੇ ਹੀ ਹਨ ਤੇ ਸਾਰਿਆਂ ਵਿਚ ਆਪ ਹੀ ਵਿਆਪਕ ਹੈ। ਜੇ ਇਹ ਗੱਲ ਖਿਆਲ ਵਿਚ ਆ ਜਾਵੇ ਤਾਂ ਲੈਣਾ ਇਕ ਤਮਾਸ਼ਾ ਹੋਵੇਗਾ ਅਤੇ ਬੜਾ ਹੀ ਸੁਆਦਲਾ ਤਮਾਸ਼ਾ ਹੋਵੇਗਾ। ਜੇ ਦੇਣ ਵਾਲੇ ਨੂੰ ਇਹ ਧਿਆਨ ਆ ਜਾਵੇ ਕਿ ਮੈਂ ਨਹੀਂ ਦੇ ਰਿਹਾ। ਪ੍ਰਮਾਤਮਾ ਦੀ ਪ੍ਰੇਰਣਾ ਨਾਲ ਹੀ ਦੇ ਰਿਹਾਂ ਹਾਂ, ਨਹੀਂ ਤਾਂ ਮੈਂ ਕਿਵੇਂ ਦਿੰਦਾ।

*ਜੋਰੁ ਨ ਮੰਗਣਿ ਦੇਣਿ ਨ ਜੋਰੁ॥*

ਜਪੁ ਜੀ ਸਾਹਿਬ

ਇਕ ਬੜੀ ਸੁਹਣੀ ਕਥਾ ਹੈ ਕਿ ਇਕ ਬੰਦੇ ਦੇ ਘਰ ਕੋਈ ਮੰਗਣ ਗਿਆ। ਉਸਨੇ ਆਪਣੇ ਨੌਕਰ ਨੂੰ ਕਿਹਾ, ਇਸਨੂੰ ਧੱਕੇ ਮਾਰ ਤੇ ਬਾਹਰ ਕੱਢ। ਨੌਕਰ ਨੇ ਹੁਕਮ ਮੰਨਿਆ, ਧੱਕਾ ਦੇ ਕੇ ਉਸ ਨੂੰ ਬਾਹਰ ਕੱਢ ਦਿੱਤਾ। ਸਮਾਂ ਬਦਲਿਆ, ਇਹ ਬੰਦਾ ਕੰਗਾਲ ਹੋ ਗਿਆ। ਜਿਸ ਨੂੰ ਧੱਕੇ ਦੇ ਕੇ ਬਾਹਰ ਕੱਢਿਆ ਸੀ ਉਹ ਧਨਵਾਨ ਹੋ ਗਿਆ। ਇਸ ਦਾ ਨੌਕਰ ਉਸ ਦੇ ਪਾਸ ਨੌਕਰੀ ਕਰਨ ਲੱਗਾ। ਇਕ ਦਿਨ ਇਹ ਭੀਖ ਮੰਗਦਾ ਉਸਦੇ ਦਰਵਾਜ਼ੇ ਅੱਗੇ ਜਾ ਖੜ੍ਹਾ ਹੋਇਆ। ਉਸ ਨੇ ਨੌਕਰ ਨੂੰ ਕਿਹਾ, ਇਸ ਨੂੰ ਅੰਦਰ ਲੈ ਆ, ਕੱਪੜਾ ਵਿਛਾ ਕੇ ਬਿਠਾ ਤੇ ਖਾਣਾ ਖੁਆ। ਨੌਕਰ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਖਾਣਾ ਖੁਆਇਆ। ਉਹ ਖਾ ਕੇ ਤੁਰ ਗਿਆ। ਨੌਕਰ ਦੀਆਂ ਅੱਖਾਂ ਭਰੀਆਂ ਹਨ। ਮਾਲਕ ਨੇ ਪੁੱਛਿਆ, ਰੋ ਕਿਉਂ ਰਿਹਾ ਹੈਂ? ਉਸਨੇ ਕਿਹਾ, ਇਹ ਖੁਸ਼ੀ ਤੇ ਗਮੀ ਦੇ ਸਾਂਝੇ ਅੱਥਰੂ ਹਨ। ਇਕ ਦਿਨ ਉਸ ਦਾ ਨੌਕਰ ਸਾਂ, ਜਿਸ ਨੇ ਦਰ ਆਏ ਨੂੰ ਤੈਨੂੰ ਧੱਕੇ ਮਾਰੇ ਸਨ, ਅੱਜ ਤੇਰਾ ਨੌਕਰ ਹਾਂ, ਤੂੰ ਉਸੇ ਬੰਦੇ ਨੂੰ ਭੋਜਨ ਛਕਾਇਆ ਤੇ ਆਦਰ ਨਾਲ ਛਕਾਇਆ ਤੇ ਕਮਾਲ ਗੱਲ ਹੈ ਕਿ ਧੱਕੇ ਮਾਰਨ ਵਾਲਾ

ਵੀ ਮੈਂ ਤੇ ਖਾਣਾ ਖੁਆਉਣ ਵਾਲਾ ਵੀ ਮੈਂ ਹੀ ਹਾਂ। ਮਾਲਕ ਨੇ ਬੜੀ ਸੁਹਣੀ ਗੱਲ ਕਹੀ, ਕਹਿਣ ਲੱਗਾ, ਇਹ ਮੈਂ ਇਸ ਲਈ ਕੀਤਾ ਹੈ ਕਿ ਅੱਗੇ ਵੀ ਇਸ ਦੇ ਘਰ ਜਾਣਾ ਪਿਆ ਸੀ, ਐਸਾ ਨਾ ਹੋਵੇ ਕਿ ਫਿਰ ਕਿਤੇ ਇਸ ਦੇ ਘਰ ਜਾਣਾ ਪਵੇ। ਦਾਤਿਆਂ ਨੂੰ ਭਿਖਾਰੀ ਬਣਦਿਆਂ ਦੇਰੀ ਕਿੰਨੀ ਕੁ ਲੱਗਦੀ ਹੈ। ਇਹ ਵੀ ਤਾਂ ਕਲ੍ਹ ਧਨਵਾਨ ਸੀ, ਅੱਜ ਭਿਖਾਰੀ ਹੈ। ਕਲ੍ਹ ਤੂੰ ਇਸ ਦਾ ਨੌਕਰ ਸੀ। ਮੇਰਾ ਵੀ ਕੀ ਭਰੋਸਾ ਹੈ ਕਲ੍ਹ ਇਹਦੇ ਦਰਵਾਜ਼ੇ ਤੇ ਫਿਰ ਮੈਨੂੰ ਖਲੋਣਾ ਪਵੇ। ਐਸੇ ਦੇਣ ਵਿਚ ਦਾਤਾ-ਪਨ ਨਹੀਂ ਹੋਵੇਗਾ, ਪ੍ਰੇਮ ਭਰੀ ਭਾਵਨਾ ਹੋਵੇਗੀ, ਦਇਆ ਹੋਵੇਗੀ, ਨਿਮਰਤਾ ਹੋਵੇਗੀ। ਜੇ ਭਿਖਾਰੀ ਸਮਝ ਲਵੇ ਕਿ ਰੱਬ ਹੀ ਮੰਗ ਰਿਹਾ ਹੈ ਤਾਂ ਭਿਖਾਰੀ ਜ਼ਲੀਲ ਨਹੀਂ ਹੋਵੇਗਾ। ਉਹ ਭਿਖਸ਼ੂ ਤਾਂ ਹੋਵੇਗਾ, ਪਰ ਮਹਾਤਮਾ ਬੁੱਧ ਵਰਗਾ ਭਿਖਸ਼ੂ ਹੋਵੇਗਾ। ਜਾਪਦਾ ਸੀ ਕਿ ਜੋ ਮੰਗਣ ਆਇਆ ਹੈ, ਮੰਗਤਾ ਨਹੀਂ, ਸਗੋਂ ਬਾਦਸ਼ਾਹ ਦਰਵਾਜ਼ੇ ਅੱਗੇ ਖੜ੍ਹਾ ਹੈ। ਫਿਰ ਮੰਗਣਾ ਵੀ ਇਕ ਲੀਲ੍ਹਾ ਹੋਵੇਗੀ, ਦੇਣਾ ਵੀ ਲੀਲ੍ਹਾ ਬਣੇਗਾ। ਅਸਲ ਵਿਚ ਭਿੱਖਿਆ ਦੀ ਪਰੰਪਰਾ ਜਿਨ੍ਹਾਂ ਮਹਾਂਪੁਰਖਾਂ ਨੇ ਚਲਾਈ ਸੀ ਉਨ੍ਹਾਂ ਦਾ ਬੜਾ ਗਹਿਰਾ ਭਾਵ ਸੀ। ਰਾਜੇ ਦੇ ਪੁੱਤਰ ਨੂੰ ਭਿੱਖਿਆ ਲਈ ਭੇਜ ਰਹੇ ਸਨ, ਕੀ ਉਸ ਨੂੰ ਰੋਟੀ ਦੀ ਘਾਟ ਸੀ, ਨਹੀਂ। ਇਹ ਇਕ ਲੀਲ੍ਹਾ ਸੀ, ਜਦੋਂ ਕੋਈ ਭਿਖਿਆ ਦੇਂਦਾ ਸੀ ਤਾਂ ਇਹ ਕ੍ਰਿਆ ਇਕ ਲੀਲ੍ਹਾ ਬਣ ਜਾਂਦੀ ਸੀ। ਐਸੀ ਲੀਲ੍ਹਾ ਵਿਚ ਪ੍ਰਮਾਤਮਾ ਆਪ ਹੁੰਦਾ ਹੈ। ਮੰਗਣ ਵਾਲਾ ਹੰਕਾਰ ਛੱਡ ਕੇ ਆਇਆ ਹੈ। ਮੈਂ ਇਕ ਰਾਜੇ ਦੀ ਝੋਲੀ ਵਿਚ ਆਟੇ ਦੀ ਮੁੱਠ ਪਾ ਰਿਹਾ ਹਾਂ, ਤਾਂ ਕਾਹਦਾ ਹੰਕਾਰ ਹੈ। ਸਗੋਂ ਇਕ ਲੀਲ੍ਹਾ ਹੈ। ਗੁਰੂ ਸਾਹਿਬ ਨੇ ਵੀ ਇਸ ਲੀਲ੍ਹਾ ਨੂੰ ਅਪਣਾਇਆ ਹੈ। ਖੱਪਰ ਫੜਿਆ ਹੈ। ਪ੍ਰਮਾਤਮਾ ਦੇ ਦਰ ਤੇ ਮੰਗਿਆ ਹੈ, ਕਰਤਾ ਤੂੰ ਮੇਰਾ ਜਜਮਾਨ। ਰੱਬ ਹੀ ਮੰਗਣ ਵਾਲਾ, ਰੱਬ ਹੀ ਦੇਣ ਵਾਲਾ ਹੈ। ਇਸੇ ਲਈ ਗੁਰਮਤਿ ਵਿਚ ਇਸ ਪਰੰਪਰਾ ਨੂੰ ਹੋਰ ਸਪਸ਼ਟ ਕਰ ਦਿੱਤਾ ਗਿਆ ਕਿ ਗੁਰੂ ਦੀ ਗੋਲਕ ਵਿਚ ਕੋਈ ਪਾ ਜਾਵੇ, ਲੋੜਵੰਦ ਲੈ ਜਾਵੇ। ਗੋਲਕ ਵਿਚ ਪਾਉਣ ਵਾਲੇ ਵਿਚ ਵੀ ਉਹ ਆਪ ਹੈ। ਗੋਲਕ ਵਿਚੋਂ ਲੈਣ ਵਾਲੇ ਵਿਚ ਵੀ ਆਪ ਹੈ। ਦੇਣਾ ਤੇ ਲੈਣਾ ਧਾਰਮਕ ਸਾਧਨਾਂ ਦੇ ਇਹ ਦੋ ਦੀਵੇ ਹਨ। ਜਿਨ੍ਹਾਂ ਨੇ ਧਾਰਮਕ ਬੰਦਿਆਂ ਨੂੰ ਰੌਸ਼ਨੀ ਦਿੱਤੀ

ਹੈ ਕਿ ਹੇ ਬੰਦੇ, ਜਦੋਂ ਵੀ ਤੈਨੂੰ ਕੋਈ ਲੋੜ ਪਵੇ ਤੂੰ ਪ੍ਰਮਾਤਮਾ ਪਾਸੋਂ ਹੀ ਮੰਗ। ਵਸੀਲਾ ਬੇਸ਼ਕ ਕੋਈ ਬੰਦਾ ਹੀ ਬਣੇ, ਬਹਾਨਾ ਕੋਈ ਵੀ ਬਣੇ ਤੇ ਜਿਹੜਾ ਬਹਾਨਾ ਵੀ ਬਣੇ ਉਸ ਦਾ ਵੀ ਸ਼ੁਕਰਾਨਾ ਕਰ। ਪਰ ਯਾਦ ਰੱਖ ਕਿ ਦੇਣ ਵਾਲਾ ਇਕ ਪ੍ਰਮਾਤਮਾ ਹੀ ਹੈ। ਜੇ ਤੂੰ ਕਿਸੇ ਨੂੰ ਦੇ ਰਿਹਾ ਹੈਂ ਤਾਂ ਮੰਗਣ ਵਾਲਾ ਬੰਦਾ ਸਿਰਫ ਬਹਾਨਾ ਹੈ। ਤੂੰ ਪ੍ਰਮਾਤਮਾ ਦਾ ਸ਼ੁਕਰ ਕਰ ਕਿ ਉਸ ਦਾ ਬਹਾਨਾ ਬਣ ਗਿਆ ਹੈ। ਕੋਈ ਲੈਣ ਆ ਗਿਆ ਹੈ ਤੇ ਤੈਨੂੰ ਉਸ ਨੇ ਦੇਣ ਦੀ ਪ੍ਰੇਰਨਾ ਦੇ ਦਿੱਤੀ ਹੈ, ਪਰ ਦਾਤ ਤਾਂ ਉਸੇ ਦੀ ਹੈ।

ਇਕ ਕਥਾ ਹੈ ਕਿ ਇਕ ਸੇਠ ਦੇ ਬੱਚੇ ਦੀ ਸ਼ਾਦੀ ਸੀ। ਬਹੁਤ ਲੋਕ ਆਏ ਸਨ, ਇਕ ਸਾਧੂ ਵੀ ਆ ਗਿਆ, ਪਰ ਉਸ ਨੂੰ ਕਿਸੇ ਨੇ ਭੋਜਨ ਨਹੀਂ ਦਿਤਾ। ਉਹ ਵਾਪਸ ਜਾ ਰਿਹਾ ਸੀ ਕਿ ਦੇਵਤੇ ਆ ਗਏ। ਉਨ੍ਹਾਂ ਨੇ ਬਲਦੀਆਂ ਮਸ਼ਾਲਾਂ ਹੱਥ ਵਿਚ ਫੜੀਆਂ ਹਨ ਤੇ ਕਹਿਣ ਲੱਗੇ ਕਿ ਹੇ ਸਾਧੂ, ਅਸੀਂ ਉਸ ਸੇਠ ਦੇ ਘਰ ਨੂੰ ਸਾੜਨ ਵਾਸਤੇ ਚੱਲੇ ਹਾਂ। ਸਾਧੂ ਨੇ ਪੁੱਛਿਆ, ਕਿਉਂ ਚੱਲੇ ਹੋ, ਉਸ ਦਾ ਕੀ ਦੋਸ਼ ਹੈ। ਦੇਵਗਨ ਕਹਿਣ ਲੱਗੇ ਕਿ ਤੂੰ ਉਸਦੇ ਘਰ ਗਿਆ ਸੈਂ ਤੇ ਉਸ ਨੇ ਤੇਰਾ ਧਿਆਨ ਨਹੀਂ ਕੀਤਾ, ਤੈਨੂੰ ਭੋਜਨ ਨਹੀਂ ਦਿੱਤਾ, ਏਨਾ ਭਜਨੀਕ ਤਪੱਸਵੀ ਮਹਾਂ-ਪੁਰਖ ਘਰ ਗਿਆ ਹੋਵੇ ਤੇ ਉਹ ਤੁਹਾਡੀ ਸੇਵਾ ਨਾ ਕਰੇ, ਇਹ ਅਸੀਂ ਬਰਦਾਸ਼ਤ ਨਹੀਂ ਕਰ ਸਕੇ, ਇਸ ਲਈ ਅਸੀਂ ਉਸ ਦੇ ਘਰ ਨੂੰ ਸਾੜਨ ਵਾਸਤੇ ਆਏ ਹਾਂ। ਸਾਧੂ ਨੇ ਉਨ੍ਹਾਂ ਦੇ ਹੱਥ ਵਿਚੋਂ ਬਲਦੀ ਮਸ਼ਾਲ ਲਈ ਤੇ ਕਹਿਣ ਲੱਗਾ, ਲਓ ਇਹਦੇ ਨਾਲ ਸਾੜੋ, ਸੇਠ ਦਾ ਘਰ ਨਹੀਂ, ਰੱਬ ਦਾ ਘਰ ਸਾੜੋ, ਜਿਸ ਨੇ ਇਸ ਨੂੰ ਦੇਣ ਦੀ ਪ੍ਰੇਰਨਾ ਨਹੀਂ ਦਿੱਤੀ। ਜੇਕਰ ਇਹ ਉਸ ਨੂੰ ਦੇਣ ਦੀ ਪ੍ਰੇਰਨਾ ਦਿੰਦਾ ਤਾਂ ਉਹ ਮੈਨੂੰ ਭੋਜਨ ਦਿੰਦਾ। ਜੇ ਤੁਸੀਂ ਸਮਝਦੇ ਹੋ ਕਿ ਰੱਬ ਗਲਤੀ ਨਹੀਂ ਕਰਦਾ, ਜੋ ਕਰਦਾ ਹੈ, ਠੀਕ ਹੈ, ਫਿਰ ਮੈਂ ਤਾਂ ਉਸਦੀ ਰਜ਼ਾ ਵਿਚ ਰਾਜ਼ੀ ਹਾਂ। ਮੈਨੂੰ ਉਸ ਨੇ ਸੇਠ ਦੇ ਘਰ ਭੋਜਨ ਵਾਸਤੇ ਜਾਣ ਦੀ ਪ੍ਰੇਰਣਾ ਦੇ ਦਿੱਤੀ, ਮੈਂ ਚਲਾ ਗਿਆ ਸਾਂ। ਉਸ ਨੂੰ ਉਸ ਨੇ ਦੇਣ ਦੀ ਪ੍ਰੇਰਣਾ ਨਹੀਂ ਦਿੱਤੀ ਤਾਂ ਮੈਨੂੰ ਕੋਈ

ਨਾਰਾਜ਼ਗੀ ਨਹੀਂ, ਕਿ ਤੂੰ ਮੈਨੂੰ ਭੇਜ ਦਿੱਤਾ ਹੈ ਤੇ ਅਗਲੇ ਨੂੰ ਦੇਣ ਲਈ ਨਹੀਂ ਕਿਹਾ। ਮੈਨੂੰ ਕੋਈ ਗਿਲਾ ਨਹੀਂ। ਇਸ ਲਈ ਮੈਂ ਤੁਰਨ ਲੱਗਾ ਅਰਦਾਸ ਕਰਕੇ ਆਇਆ ਹਾਂ। ਜੇ ਮੈਨੂੰ ਉਹ ਪ੍ਰਸ਼ਾਦਾ ਛਕਾ ਵੀ ਦਿੰਦਾ, ਮੈਂ ਤਾਂ ਵੀ ਇਹੋ ਹੀ ਅਰਦਾਸ ਕਰਦਾ, ਜਿਹੋ ਜਿਹੀ ਹੁਣ ਕਰਕੇ ਆਇਆ ਹਾਂ ਕਿ ਹੇ ਪ੍ਰਮਾਤਮਾ ਇਸ ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਰਹਿਣ, ਇਨ੍ਹਾਂ ਦਾ ਭਲਾ ਕਰੀਂ। ਮੈਨੂੰ ਰੱਬ ਦੀ ਰਜ਼ਾ ਨਾਲ ਪਿਆਰ ਹੈ। ਸ਼ਾਇਦ ਉਸ ਨੇ ਮੇਰੀ ਭਗਤੀ ਦੀ ਪ੍ਰੀਖਿਆ ਕੀਤੀ ਹੋਵੇ। ਮੈਨੂੰ ਕੋਈ ਨਾਰਾਜ਼ਗੀ ਨਹੀਂ। ਜੇ ਤੁਹਾਨੂੰ ਹੈ, ਫਿਰ ਸੇਠ ਵੱਲ ਨਹੀਂ, ਪ੍ਰਮਾਤਮਾ ਵੱਲ ਜਾਓ। ਦੇਵਤਿਆਂ ਨੇ ਪੈਰ ਫੜ ਲਏ ਤੇ ਕਿਹਾ, ਸਾਧੂ ਤੂੰ ਧੰਨ ਹੈਂ। ਉਹ ਦੇਵਗਨ ਸਮੇਤ ਜਦੋਂ ਵਾਪਸ ਕੁਟੀਆ ਵਿਚ ਪੁੱਜਾ ਤਾਂ ਉਹੀ ਸੇਠ ਥਾਲ ਪਰੋਸ ਕੇ ਆ ਪੁੱਜਾ, ਚਰਨਾਂ ਤੇ ਡਿੱਗਾ, ਖਿਮਾ ਮੰਗੀ ਤੇ ਕਿਹਾ, ਮਹਾਰਾਜ ਮੁਆਫ਼ ਕਰ ਦੇਣਾ। ਮੈਂ ਰੁਝੇਵੇਂ ਵਿਚ ਸਾਂ। ਤੁਹਾਡੇ ਵੱਲ ਧਿਆਨ ਨਹੀਂ ਦੇ ਸਕਿਆ, ਪ੍ਰਸ਼ਾਦ ਪ੍ਰਵਾਨ ਕਰੋ। ਸਾਧੂ ਨੇ ਦੇਵਗਨ ਨੂੰ ਕਿਹਾ, ਹੁਣ ਦੱਸੋ ਉਹ ਪ੍ਰੇਰਣਾ ਦੇਵੇ ਤਾਂ ਹੀ ਕੋਈ ਦੇਵੇ। ਦਾਨ ਪ੍ਰੰਪਰਾ ਅੱਜ ਹੰਕਾਰ ਤੇ ਢੀਠਤਾ ਬਣ ਕੇ ਰਹਿ ਗਈ ਹੈ। ਇਸ ਦਾ ਇਹ ਭਾਵ ਨਹੀਂ ਸੀ। ਲੈਣਾ ਅਤੇ ਦੇਣਾ ਦੋ ਦੀਵੇ ਹਨ। ਜਿਨ੍ਹਾਂ ਦੀ ਜੋਤ ਇਕ ਹੈ ਕਿ ਲੈਣ ਵਾਲਾ ਵੀ ਉਹ ਆਪ ਹੈ ਅਤੇ ਦੇਣ ਵਾਲਾ ਵੀ ਉਹ ਆਪ ਹੈ, ਪ੍ਰੇਰਣਾ ਉਸ ਦੀ ਹੈ, ਦਾਤ ਉਸ ਦੀ ਹੈ।

20

ਇਸਤਰੀ ਪੁਰਖ ਦੇ ਸਰੀਰ ਵਿਚ ਭੇਦ ਹੈ ਪਰ ਆਤਮਾ ਵਿਚ ਭੇਦ ਨਹੀਂ। ਇਸ ਮਨੁੱਖਾ ਸਰੀਰ ਵਿਚ ਪ੍ਰਮਾਤਮਾ ਦੀ ਇਕ ਜੋਤ ਜਗ ਰਹੀ ਹੈ। ਉਹ ਜੋਤ ਆਤਮਾ ਹੈ। ਸਾਡੇ ਸਰੀਰ ਵਿਚ ਅੰਗ ਬਹੁਤ ਹਨ ਪਰ ਆਤਮਾ ਦੋ ਨਹੀਂ ਹਨ। ਆਤਮਾ ਇਕ ਹੀ ਹੈ ਜੋ ਅਨੇਕ ਅੰਗਾਂ ਨੂੰ ਚਲਾ ਰਹੀ ਹੈ। ਸਾਡੇ ਅੰਦਰ ਆਤਮਾ ਇਕ ਹੋਣ ਕਾਰਨ ਅਨੇਕਤਾ ਵਿਚ ਵੀ ਏਕਤਾ ਹੈ। ਸਾਡੀਆਂ ਅੱਖਾਂ ਦੋ ਹਨ ਪਰ ਵੇਖਦੀਆਂ ਇਕ ਪਾਸੇ ਹਨ। ਐਸਾ ਨਹੀਂ ਹੁੰਦਾ ਕਿ ਇਕ ਅੱਖ ਸੱਜੇ ਪਾਸੇ ਵੇਖੀ ਜਾਵੇ ਤੇ ਦੂਸਰੀ ਖੱਬੇ ਪਾਸੇ ਵੇਖੀ ਜਾਵੇ। ਇਹ ਜਿਧਰ ਵੇਖਣ, ਦੋਵੇਂ ਇਕ ਪਾਸੇ ਹੀ ਵੇਖਦੀਆਂ ਹਨ। ਸਾਡੇ ਕੰਨ ਦੋ ਹਨ ਪਰ ਗੱਲ ਇਕ ਹੀ ਸੁਣਦੇ ਹਨ, ਦੋ ਗੱਲਾਂ ਇਕੱਠੀਆਂ ਅਸੀਂ ਨਹੀਂ ਸੁਣ ਸਕਦੇ। ਇਕ ਬੰਦਾ ਗੱਲ ਕਰਦਾ ਹੋਵੇ, ਦੂਸਰਾ ਸ਼ੁਰੂ ਕਰ ਦੇਵੇ ਤਾਂ ਕਹਿੰਦੇ ਹਾਂ, ਜ਼ਰਾ ਠਹਿਰ ਜਾ ਮਿੱਤਰਾ, ਪਹਿਲਾਂ ਮੈਂ ਇਸ ਨਾਲ ਗੱਲ ਕਰ ਲਵਾਂ ਫਿਰ ਮੈਂ ਤੇਰੀ ਗੱਲ ਸੁਣਾਂਗਾ। ਇਕ ਮਿੱਤਰ ਨੂੰ ਫੋਨ ਆਇਆ। ਉਹ ਗੱਲ ਕਰ ਰਹੇ ਸਨ, ਗੱਲ ਚੱਲ ਰਹੀ ਸੀ, ਦੂਸਰਾ ਫੋਨ ਵੀ ਆ ਗਿਆ। ਉਹ ਕਹਿਣ ਲੱਗੇ ਇਕ ਮਿੰਟ ਰੁਕਣਾ। ਮੈਂ ਮਜ਼ਾਕ ਨਾਲ ਕਿਹਾ ਕੰਨ ਰੱਬ ਨੇ ਦੋ ਦਿੱਤੇ ਹਨ। ਦੋਵਾਂ ਕੰਨਾਂ ਨਾਲ ਫੋਨ ਸੁਣ ਲਓ। ਉਹ ਅੱਗੋਂ ਕਹਿਣ ਲੱਗੇ ਰੱਬ ਨੇ ਕੰਨ ਤੇ ਦੋ ਦਿੱਤੇ ਹਨ, ਧਿਆਨ ਇਕ ਦਿੱਤਾ ਹੈ। ਦੋਵਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਧਿਆਨ ਇਕ ਹੈ। ਇੰਦ੍ਰੀਆਂ ਦੱਸ ਹਨ, ਪੰਜ ਕਰਮ ਇੰਦ੍ਰੀਆਂ ਅਤੇ ਪੰਜ ਗਿਆਨ ਇੰਦ੍ਰੀਆਂ, ਪਰ ਮਨ

ਤੇ ਇਕ ਹੈ ਜੋ ਇਨ੍ਹਾਂ ਇੰਦ੍ਰੀਆਂ ਨੂੰ ਚਲਾ ਰਿਹਾ ਹੈ। ਬੜੀ ਸੁੰਦਰ ਕਥਾ ਹੈ ਕਿ ਰਾਧਾ ਨੂੰ ਜਦੋਂ ਊਧੋ ਨੇ ਕਿਹਾ ਸੀ ਕਿ ਕ੍ਰਿਸ਼ਨ ਨਹੀਂ ਆ ਸਕਦੇ, ਹੁਣ ਤੁਸੀਂ ਪ੍ਰਮਾਤਮਾ ਦਾ ਭਜਨ ਕਰੋ, ਤਾਂ ਉਨ੍ਹਾਂ ਕਮਾਲ ਗੱਲ ਕਹੀ ਸੀ, ਊਧੋ ਦੱਸ ਵੀਹ ਮਨ ਨਹੀਂ, ਮਨ ਇਕ ਹੀ ਹੈ, ਉਹ ਕ੍ਰਿਸ਼ਨ ਲੈ ਗਏ ਹਨ। ਹੁਣ ਤਾਂ ਮਨ ਪਾਸ ਹੈ ਹੀ ਨਹੀਂ। ਸਿਮਰਨ ਕਰਨ ਵਾਸਤੇ ਮਨ ਚਾਹੀਦਾ ਹੈ, ਸਿਮਰਨ ਕਿਸ ਨਾਲ ਕਰੀਏ।

*ਊਧਉ ਮਨ ਨਹੀਂ ਦਸ ਬੀਸ,*
*ਏਕ ਥਾ ਮਨ ਵੋਹ ਸ਼ਿਆਮ ਲੈ ਗਏ,*
*ਕਉਨ ਭਜੇ ਜਗਦੀਸ਼।*

ਨਾਸਾਂ ਦੋ ਹਨ ਪਰ ਕਰਮ ਇਕ ਹੀ ਕਰਦੀਆਂ ਹਨ। ਲੱਤਾਂ ਸਾਡੀਆਂ ਦੋ ਹਨ ਪਰ ਯਾਤਰਾ ਇਹ ਇਕ ਪਾਸੇ ਹੀ ਕਰਦੀਆਂ ਹਨ। ਦੋ ਹੁੰਦੀਆਂ ਵੀ ਇਕ ਸਰੀਰ ਨਾਲ ਜੁੜੀਆਂ ਹੋਈਆਂ ਹਨ, ਜਾਣਗੀਆਂ ਇਕ ਪਾਸੇ ਹੀ। ਇਹ ਸਾਰੇ ਇੰਦ੍ਰੇ ਧਿਆਨ ਦੇ ਵੱਸ ਵਿਚ ਹਨ। ਜਿੱਥੇ ਮਨ ਜੁੜਿਆ ਹੋਵੇਗਾ, ਜੋ ਮਨ ਚਾਹੇਗਾ ਉਹ ਕੰਮ ਇੰਦ੍ਰੀਆਂ ਕਰੀ ਜਾਣਗੀਆਂ। ਮਨ ਇਕ ਹੈ ਇਸੇ ਲਈ ਅੱਖਾਂ ਦੋ ਹੁੰਦੀਆਂ ਵੀ ਇਕ ਮਨ ਦੀ ਆਗਿਆ ਵਿਚ ਇਕ ਪਾਸੇ ਵੇਖਦੀਆਂ ਹਨ। ਕੰਨ ਦੋ ਹੁੰਦੇ ਹੋਏ ਵੀ ਮਨ ਦੀ ਆਗਿਆ ਵਿਚ ਗੱਲ ਇਕ ਹੀ ਸੁਣਦੇ ਹਨ। ਲੱਤਾਂ ਦੋ ਹੁੰਦਿਆਂ ਵੀ ਇਕ ਮਨ ਦੀ ਆਗਿਆ ਵਿਚ ਇਕ ਪਾਸੇ ਤੁਰਦੀਆਂ ਹਨ। ਮਨ ਆਗਿਆ ਪਹਿਲਾਂ ਕਰਦਾ ਹੈ, ਫਿਰ ਸਰੀਰ ਚਲਦਾ ਹੈ, ਪਰ ਸਾਨੂੰ ਖਿਆਲ ਹੋਵੇ ਜਾਂ ਨਾ, ਜਦੋਂ ਅਸੀਂ ਸਵੇਰੇ ਆਪਣੇ ਬਿਸਤਰੇ ਤੋਂ ਸੌਂ ਕੇ ਉੱਠਦੇ ਹਾਂ ਤਾਂ ਜਦੋਂ ਤੱਕ ਮਨ ਨਹੀਂ ਆਗਿਆ ਦੇਂਦਾ ਇਹ ਸਰੀਰ ਨਹੀਂ ਉੱਠ ਸਕਦਾ। ਸਰੀਰ ਆਗਿਆ ਮੰਗਦਾ ਹੈ, ਮਨ ਆਗਿਆ ਦੇਂਦਾ ਹੈ। ਸਰੀਰ ਬੇਸ਼ਕ ਬੜਾ ਥੱਕਿਆ ਹੈ। ਮਨ ਅੱਧੀ ਰਾਤ ਕਹਿ ਦਿੰਦਾ ਹੈ, ਉੱਠ ਤੁਰ, ਨਹੀਂ ਤਾਂ ਨੁਕਸਾਨ ਹੋ ਜਾਏਗਾ। ਤਨ ਉੱਠ ਕੇ ਤੁਰ ਪੈਂਦਾ ਹੈ। ਸਾਰੇ ਇੰਦ੍ਰੇ ਕੰਮ ਕਰਦੇ ਹਨ ਪਰ ਮਕਸਦ ਇਕ ਹੀ ਹੁੰਦਾ ਹੈ।

ਸਰੀਰ ਇਕ ਹੈ ਪਰ ਅੰਗ ਵੱਖ ਵੱਖ ਹਨ ਤੇ ਸਾਰੇ ਅੰਗ ਮਿਲ

ਕੇ ਕੰਮ ਕਰਦੇ ਹਨ। ਕੰਮ ਅਨੇਕ ਹਨ ਪਰ ਅਨੇਕ ਕੰਮ ਕਰਕੇ ਵੀ ਮਕਸਦ ਇਕ ਹੈ ਕਿ ਸੁਖ ਮਿਲੇ। ਅਸੀਂ ਸਮਝਦੇ ਹਾਂ, ਸੁਖ ਸਾਨੂੰ ਸਹੂਲਤਾਂ ਰਾਹੀਂ ਮਿਲੇਗਾ। ਸਹੂਲਤਾਂ ਧਨ ਰਾਹੀਂ ਮਿਲਣਗੀਆਂ। ਫਿਰ ਧਨ ਕਿਸੇ ਕੰਮ ਰਾਹੀਂ ਆਵੇ ਭਾਵੇਂ ਦੁਕਾਨ ਰਾਹੀਂ ਆਵੇ, ਨੌਕਰੀ ਰਾਹੀਂ ਆਵੇ, ਵਪਾਰ ਰਾਹੀਂ ਆਵੇ, ਭਾਵੇਂ ਖੇਤੀ ਦੁਆਰਾ ਆਵੇ, ਧਨ ਆਵੇ, ਧਨ ਰਾਹੀਂ ਸਹੂਲਤਾਂ ਮਿਲਣਗੀਆਂ। ਸਹੂਲਤਾਂ ਰਾਹੀਂ ਸੁਖ ਮਿਲੇਗਾ। ਕਿੱਤੇ ਅਨੇਕ ਹਨ ਪਰ ਮਕਸਦ ਹੈ ਧਨ।

ਇਸੇ ਤਰ੍ਹਾਂ ਧਾਰਮਕ ਕਰਮ ਵੀ ਅਨੇਕ ਹਨ, ਅਨੇਕ ਤਰ੍ਹਾਂ ਦੀਆਂ ਧਾਰਮਕ ਸਾਧਨਾਂ ਹਨ। ਕੋਈ ਗਿਆਨ ਦੀ ਸਾਧਨਾ ਕਰਦਾ ਹੈ। ਕੋਈ ਧਿਆਨ ਦੀ ਸਾਧਨਾ ਕਰਦਾ ਹੈ। ਕੋਈ ਤਪ ਸਾਧਦਾ ਹੈ, ਕੋਈ ਕਰਮ ਕਾਂਡੀ ਹੈ, ਕੋਈ ਪ੍ਰੇਮਾ ਭਗਤੀ ਕਰ ਰਿਹਾ ਹੈ ਪਰ ਮਕਸਦ ਸਾਰਿਆ ਦਾ ਇਕ ਹੀ ਹੈ ਕਿ ਸਾਨੂੰ ਅਨੰਦ ਦੀ ਪ੍ਰਾਪਤੀ ਹੋਵੇ।

ਅਸਲ ਵਿਚ ਦੂਈ ਸਾਡੀ ਯਾਤਰਾ ਹੈ ਤੇ ਏਕਤਾ ਸਾਡੀ ਮੰਜ਼ਲ ਹੈ। ਇਹ ਸਬਕ ਸਾਡੇ ਸਰੀਰ ਵਿਚ ਪ੍ਰਮਾਤਮਾ ਨੇ ਹੀ ਰੱਖਿਆ ਹੈ। ਕੋਈ ਭਾਗਾਂ ਵਾਲਾ ਇਸ ਸਬਕ ਨੂੰ ਪੜ੍ਹਦਾ ਹੈ, ਸਿੱਖਦਾ ਹੈ ਤੇ ਵਿਚਾਰਦਾ ਹੈ। ਇਨ੍ਹਾਂ ਅੰਗਾਂ ਵਿਚ ਕਿੰਨਾ ਪਿਆਰ, ਕਿੰਨਾ ਪਰਉਪਕਾਰ, ਪ੍ਰਮਾਤਮਾ ਨੇ ਰੱਖਿਆ ਹੈ। ਬੰਦਾ ਸਰੀਰ ਤੋਂ ਵੀ ਕੁਝ ਨਾ ਸਿੱਖੇ ਤਾਂ ਫਿਰ ਹੋਰ ਕਿੱਥੋਂ ਸਿੱਖੇਗਾ। ਵੇਖੋ ਪੈਰ ਤੁਰੇ, ਹੱਥਾਂ ਨੇ ਕੰਮ ਕੀਤਾ ਪਰ ਸਾਰੀ ਕਮਾਈ ਖੁਰਾਕ ਦੇ ਰੂਪ ਵਿਚ ਮੂੰਹ ਦੇ ਹਵਾਲੇ ਕਰ ਦਿੱਤੀ, ਪਰ ਮੂੰਹ ਨੇ ਆਪਣੇ ਪਾਸ ਕੁਝ ਨਹੀਂ ਰੱਖਿਆ। ਮੂੰਹ ਨੇ ਖੁਰਾਕ ਨੂੰ ਚਬਾਇਆ ਤੇ ਪੇਟ ਵਿਚ ਮਿਹਦੇ ਵਿਚ ਪਹੁੰਚਾ ਦਿੱਤੀ। ਕਿੰਨੀ ਪਰਉਪਕਾਰੀ ਘਾਲਣਾ ਹੈ। ਅੱਗੋਂ ਮਿਹਦੇ ਨੇ ਆਪਣੇ ਪਾਸ ਕੁਝ ਨਹੀਂ ਰੱਖਿਆ। ਉਸਨੇ ਘਾਲਣਾ ਇਹ ਘਾਲੀ ਕਿ ਖ਼ੂਨ ਬਣਾਇਆ ਤੇ ਦਿਲ ਦੇ ਹਵਾਲੇ ਕੀਤਾ। ਉਹ ਅੱਗੋਂ ਕਿਵੇਂ ਇਕ ਇਕ ਅੰਗ ਤੱਕ ਪਹੁੰਚਾਉਂਦਾ ਹੈ। ਇਸ ਨੂੰ ਨਾ ਦਿਨੇ ਚੈਨ ਨਾ ਰਾਤ ਚੈਨ, ਇਹ ਖਲੋ ਗਿਆ ਤਾਂ ਬੰਦਾ ਮੁਰਦਾ ਹੋ ਗਿਆ। ਸਰੀਰ ਦਾ ਵਿਗਿਆਨ ਪੜ੍ਹ ਕੇ ਬੰਦਾ ਹੈਰਾਨ ਹੋ ਜਾਂਦਾ ਹੈ ਕਿ ਕਿਵੇਂ ਇਕ

ਅੰਗ ਦੂਸਰੇ ਅੰਗ ਵਾਸਤੇ ਕੰਮ ਕਰ ਰਿਹਾ ਹੈ। ਸਰੀਰ ਦਾ ਸਿਲਸਿਲਾ ਕੋਈ ਛੋਟਾ ਨਹੀਂ। ਇੰਜ ਜਾਪਦਾ ਹੈ ਜਿਵੇਂ ਸਾਰਾ ਬ੍ਰਹਿਮੰਡ ਹੀ ਇਸਦੇ ਅੰਦਰ ਵੱਸਿਆ ਹੋਇਆ ਹੈ। ਅਨੇਕਤਾ ਹੁੰਦਿਆਂ ਵੀ ਏਕਤਾ ਦਾ ਕਾਰਨ ਇਹ ਹੈ ਕਿ ਜੋਤ ਇਕ ਦੀ ਹੈ। ਧਿਆਨ ਇਕ ਦਾ ਹੈ। ਇਕ ਸਰੀਰ ਦੀ ਹੀ ਗੱਲ ਨਹੀਂ, ਸਰੀਰਾਂ ਦੀ ਵਿਲੱਖਣਤਾ ਵੀ ਉਸ ਜੋਤ ਦੀ ਏਕਤਾ ਨੂੰ ਭੰਗ ਨਹੀਂ ਕਰ ਸਕਦੀ। ਇਸਤ੍ਰੀ ਪੁਰਸ਼ ਦੇ ਸਰੀਰ ਦੋ ਹਨ, ਸਰੀਰਾਂ ਦੀ ਬਣਤਰ ਵੱਖ ਵੱਖ ਹੈ ਪਰ ਜੋਤ ਇਕ ਹੈ। ਕਿਤੇ ਜੋਤ ਦਾ ਵਖੇਵਾਂ ਨਾ ਸਮਝ ਲਈਏ ਇਸੇ ਵਾਸਤੇ ਸਤਿਗੁਰੂ ਅਮਰਦਾਸ ਜੀ ਨੇ ਕਿਹਾ ਸੀ :

*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।*

ਪੰਨਾ ੭੮੮

ਭੱਟ ਫਰਮਾਉਂਦੇ ਹਨ :

*ਆਪੇ ਨਰੁ ਆਪੇ ਫੁਨਿ ਨਾਰੀ,*
*ਆਪੇ ਸਾਰਿ ਆਪ ਹੀ ਪਾਸਾ।*

ਪੰਨਾ ੧੪੦੩

ਕਬੀਰ ਸਾਹਿਬ ਦਾ ਬਚਨ ਹੈ :

*ਨਾਰੀ ਤੇ ਜੋ ਪੁਰਖੁ ਕਰਾਵੈ,*
*ਪੁਰਖਨ ਤੇ ਜੋ ਨਾਰੀ।* ਸਾਰੰਗ ਕਬੀਰ ਜੀ ਪੰਨਾ ੧੨੪੨
*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ,*
*ਬੂਝਹੁ ਬ੍ਰਹਮ ਗਿਆਨੀ।*

ਰਾਮਕਲੀ ਮ: ੧ ਪੰਨਾ ੮੭੯

ਮਨੁੱਖਾ ਸਰੀਰ ਵਿਚ ਉਹ ਜੋਤ ਹੈ ਜੋ ਪੁਰਸ਼ ਦਾ ਰੂਪ ਵੀ ਧਾਰਨ ਕਰਦੀ ਹੈ ਤੇ ਜੋ ਇਸਤਰੀ ਦਾ ਰੂਪ ਵੀ ਧਾਰਨ ਕਰਦੀ ਹੈ।

ਭਗਤ ਨਾਮਦੇਵ ਜੀ ਦੇ ਕਥਨ ਅਨੁਸਾਰ ਪੁਰਸ਼ ਤੇ ਇਸਤਰੀਆਂ ਸਭ ਨੱਚ ਰਹੇ ਹਨ ਪਰ ਉਸ ਨਚਾਉਣ ਵਾਲੇ ਪ੍ਰਮਾਤਮਾ ਤੋਂ ਵੱਖ ਨਹੀਂ

ਭਾਵ ਉਸਦੀ ਜੋਤ ਨੂੰ ਕੋਈ ਫਰਕ ਨਹੀਂ ਪੈਂਦਾ। ਜੈਨੀਆਂ ਦਾ ਇਹ ਕਹਿਣਾ ਕਿ ਇਸਤਰੀ ਕਿੰਨਾ ਤੱਪ ਕਰੇ ਇਹ ਮੁਕਤ ਨਹੀਂ ਹੋ ਸਕਦੀ। ਇਸ ਦਾ ਸਰੀਰ ਇਸਤਰੀ ਦਾ ਹੈ, ਪਤਾ ਨਹੀਂ ਕਿਸ ਆਧਾਰ ਤੇ ਇਹ ਗੱਲ ਕਹੀ ਗਈ ਹੈ। ਗੁਰਮਤਿ ਵਿਚ ਇਸਤਰੀ ਪੁਰਸ਼ ਦੇ ਸਰੀਰ ਵਿਚ ਫਰਕ ਜ਼ਰੂਰ ਹੈ ਪਰ ਆਤਮਾ ਵਿਚ ਕੋਈ ਫਰਕ ਨਹੀਂ। ਐਸਾ ਕਿਤੇ ਬਾਣੀ ਵਿਚ ਜਾਂ ਗੁਰ ਇਤਿਹਾਸ ਵਿਚ ਲਿਖਿਆ ਨਹੀਂ ਮਿਲਦਾ ਕਿ ਇਸਤਰੀ ਤੇ ਪੁਰਸ਼ ਦੀ ਆਤਮਾ ਵਿਚ ਕੋਈ ਫਰਕ ਹੈ। ਇਸਤਰੀ ਤੇ ਪੁਰਸ਼ ਦੀ ਜੋਤ ਵਿਚ ਕੋਈ ਅੰਤਰ ਨਹੀਂ, ਜੋਤ ਇਕ ਹੀ ਹੈ। ਇਸਤਰੀ ਦੇ ਸਰੀਰ ਵਿਚ ਪ੍ਰਮਾਤਮਾ ਨੇ ਕੋਮਲਤਾ, ਨਿਮਰਤਾ ਤੇ ਪਿਆਰ ਰੱਖਿਆ ਹੈ। ਮਨੁੱਖ ਨੇ ਇਸਤਰੀ ਨਾਲ ਵਧੀਕੀ ਕੀਤੀ ਹੈ ਤੇ ਜੋ ਉਸ ਵਧੀਕੀ ਦਾ ਪਰਿਣਾਮ ਹੋਇਆ ਹੈ, ਉਸ ਤੋਂ ਅੱਜ ਸੰਸਾਰ ਦੇ ਸਾਰੇ ਹੀ ਸਿਆਣੇ ਡਰ ਰਹੇ ਹਨ ਕਿ ਇਸਤਰੀ ਦੇ ਇਹ ਗੁਣ ਪਿਆਰ, ਦਇਆ, ਨਿਮਰਤਾ, ਕੋਮਲਤਾ ਕਿਤੇ ਅਲੋਪ ਨਾ ਹੋ ਜਾਣ। ਕਿਉਂਕਿ ਸੰਸਾਰ ਵਿਚ ਅੱਜ ਇਸਤਰੀ ਬਿਲਕੁਲ ਮਰਦ ਦਾ ਰੂਪ ਬਣ ਕੇ ਮਰਦ ਦੇ ਬਰਾਬਰ ਖੜ੍ਹੀ ਹੈ ਅਤੇ ਮਰਦ ਬਣਨ ਦੇ ਜਤਨ ਵਿਚ ਹੈ। ਇਸਤਰੀ ਆਪਣੇ ਸਰੀਰ ਨੂੰ ਜੇ ਮਰਦ ਦਾ ਸਰੀਰ ਬਣਾ ਵੀ ਲਵੇ ਤਾਂ ਸੰਸਾਰ ਨੂੰ ਮਿਲੇਗਾ ਕੁਝ ਨਹੀਂ ਬਲਕਿ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਨਕਲੀ ਬਾਪ ਸੰਸਾਰ ਨੂੰ ਮਿਲ ਜਾਵੇਗਾ ਪਰ ਮਾਂ ਵਿੱਦਿਆ ਹੋ ਜਾਵੇਗੀ। ਮਾਂ ਨਾ ਹੋਈ, ਤਾਂ ਮਾਂ ਦੀ ਬਖਸ਼ਿਸ਼, ਮਾਂ ਦਾ ਪਿਆਰ, ਮਾਂ ਦੀ ਕੁਰਬਾਨੀ, ਮਾਂ ਦੀਆਂ ਲੋਰੀਆਂ ਤੋਂ ਸੰਸਾਰ ਵਾਂਝਿਆ ਗਿਆ ਤਾਂ ਸੰਸਾਰ ਵਿਚ ਕਠੋਰ ਬੰਦੇ ਤੇ ਨਿਰਦਈ ਬੰਦੇ ਤਾਂ ਮਿਲਣਗੇ ਪਰ ਪ੍ਰੇਮੀ, ਪਰਉਪਕਾਰੀ, ਦਇਆਲੂ ਬੰਦਾ ਲੱਭਣਾ ਮੁਸ਼ਕਲ ਹੋ ਜਾਏਗਾ।

ਫਿਰ ਸੰਸਾਰ, ਬੰਦਿਆਂ ਦਾ ਸੰਸਾਰ ਨਹੀਂ ਹੋਵੇਗਾ, ਭੂਤਨਿਆਂ ਦਾ ਹੀ ਸੰਸਾਰ ਹੋਵੇਗਾ। ਇਹ ਉਨ੍ਹਾਂ ਬੰਦਿਆਂ ਦੀ ਗਲਤੀ ਦਾ ਨਤੀਜਾ ਹੋਵੇਗਾ ਜਿਨ੍ਹਾਂ ਕਿਹਾ ਕਿ ਇਸਤਰੀ ਦੇ ਅੰਦਰ ਆਤਮਾ ਹੀ ਨਹੀਂ ਹੁੰਦੀ, ਇਹ ਮੁਕਤ ਹੀ ਨਹੀਂ ਹੋ ਸਕਦੀ। ਇਹ ਕੁਦਰਤ ਦੀ ਮਜ਼ੇਦਾਰ ਗਲਤੀ ਹੈ,

ਆਪਣੇ ਤੇ ਹੋਈ ਵਧੀਕੀ ਦਾ ਬਦਲਾ ਲੈਣ ਲਈ ਅੱਜ ਇਸਤਰੀ ਉੱਠ ਖਲੋਤੀ ਹੈ। ਬਹੁਤ ਸਾਰੇ ਦੇਸ਼ਾਂ ਵਿਚ ਤਾਂ ਅੱਜ ਪਹਿਚਾਣਨਾ ਹੀ ਮੁਸ਼ਕਲ ਹੋ ਗਿਆ ਹੈ ਕਿ ਇਸਤਰੀ ਕਿਹੜੀ ਹੈ ਤੇ ਪੁਰਸ਼ ਕਿਹੜਾ ਹੈ। ਜੇਕਰ ਮਨੁੱਖ ਤੇ ਇਸਤਰੀ ਇਹ ਗੱਲ ਸਮਝ ਜਾਣ ਕਿ ਸਰੀਰ ਦੋ ਹਨ ਪਰ ਜੋਤ ਇਕ ਹੈ, ਇਹ ਰੱਬ ਦੇ ਬਣਾਏ ਦੋ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ। ਇਨ੍ਹਾਂ ਦੋ ਦੀਵਿਆਂ ਦੀ ਰੌਸ਼ਨੀ ਨਾਲ ਜਗਤ ਜਗਮਗਾ ਰਿਹਾ ਹੈ। ਇਨ੍ਹਾਂ ਦੋਵਾਂ ਦੀਵਿਆਂ ਵਿਚੋਂ ਇਕ ਦੀਵਾ ਵੀ ਬੁਝ ਜਾਏ ਤਾਂ ਜਗਤ ਨਾ ਹੋਇਆਂ ਵਰਗਾ ਹੋ ਜਾਏਗਾ। ਇਹ ਇਕੱਲਾ ਦੀਵਾ ਰਹਿ ਹੀ ਨਹੀਂ ਸਕਦਾ। ਪੁਰਸ਼ ਖਤਮ ਹੋ ਜਾਏ ਤਾਂ ਇਸਤਰੀ ਖ਼ਤਮ ਹੋ ਜਾਏਗੀ। ਇਸਤਰੀ ਖਤਮ ਹੋ ਜਾਏ ਤਾਂ ਪੁਰਸ਼ ਖਤਮ ਹੋ ਜਾਏਗਾ। ਦੋਵੇਂ ਹੀ ਖਤਮ ਹੋ ਜਾਣ ਤਾਂ ਜਗਤ ਕੀ ਹੋਵੇਗਾ, ਅੰਦਾਜ਼ਾ ਆਪ ਲਗਾਓ। ਫਿਰ ਧਰਤੀ ਤੇ ਮਨੁੱਖ ਨਹੀਂ ਹੋਏਗਾ, ਸ਼ਹਿਰ ਕਿਵੇਂ ਰਹਿਣਗੇ। ਜੇ ਮਨੁੱਖ ਨਾ ਹੋਇਆ ਬਾਗ ਨਹੀਂ ਹੋਣਗੇ, ਜੰਗਲ ਹੀ ਹੋਣਗੇ। ਮਨੁੱਖ ਨਾ ਰਹੇ ਤਾਂ ਸਾਰੀ ਤਰਤੀਬ ਜੋ ਸੰਸਾਰ ਦੀ ਹੈ ਧਰਤੀ ਦੀ ਤਰਤੀਬ ਨਹੀਂ ਰਹਿਣੀ। ਪਾਣੀ ਦੀ ਵੀ ਅੱਜ ਵਾਲੀ ਤਰਤੀਬ ਨਹੀਂ ਰਹੇਗੀ। ਇਹ ਸਾਰੀ ਸਜਾਵਟ ਪ੍ਰਮਾਤਮਾ ਨੇ ਕੀਤੀ ਹੀ ਮਨੁੱਖ ਵਾਸਤੇ ਹੈ। ਇਸ ਸੰਸਾਰ ਦੀ ਰੌਣਕ ਬਣਾਈ ਰੱਖਣ ਵਾਸਤੇ ਮਨੁੱਖ ਨੂੰ ਧਰਤੀ ਦਾ ਸਰਦਾਰ ਥਾਪਿਆ ਹੈ :

*ਅਵਰ ਜੋਨਿ ਤੇਰੀ ਪਨਿਹਾਰੀ।*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ।*

ਆਸਾ ਮਃ ੫ ਪੰਨਾ ੩੭੪

ਇਸ ਸੰਸਾਰ ਨੂੰ ਰੌਸ਼ਨ ਕਰਨ ਲਈ ਇਹ ਦੋ ਦੀਵੇ ਹਨ, ਇਕ ੀਵਾ ਪੁਰਸ਼ ਹੈ ਦੂਸਰਾ ਦੀਵਾ ਇਸਤਰੀ ਹੈ। ਦੋਵਾਂ ਦੀ ਇਕ ਹੀ ਜੋਤ । ਤੇ ਕਮਾਲ ਗੱਲ ਹੈ ਕਿ ਦੋਵੇਂ ਇਕੱਠੇ ਹੀ ਜਗਦੇ ਹਨ, ਇਕੱਠੇ ਹੀ ਝਦੇ ਹਨ। ਭਾਵ ਕਿ ਸੰਸਾਰ ਦੀ ਰੌਣਕ ਲਈ ਪ੍ਰਮਾਤਮਾ ਨੂੰ ਇਕੱਠੇ ੀ ਇਸਤਰੀ ਮਰਦ ਭੇਜਣੇ ਪੈਂਦੇ ਹਨ ਅਤੇ ਸੰਸਾਰ ਦੀ ਰੌਣਕ ਮੁਕਾਉਣ

ਵਾਸਤੇ ਇਕੱਠੇ ਹੀ ਇਸਤਰੀ ਪੁਰਸ਼ ਖ਼ਤਮ ਕਰਨੇ ਪੈਂਦੇ ਹਨ :

ਇਹ ਹਨ ਦੋ ਦੀਵੇ-ਇਕ ਜੋਤ।

# 21

ਗੁਰੂ ਘਰ ਵਿਚ ਵਿਦਵਾਨ ਉਸ ਨੂੰ ਕਿਹਾ ਜਾਂਦਾ ਹੈ ਜੋ ਬੋਲ ਕੇ ਜਾਂ ਲਿਖ ਕੇ ਗੁਰਮਤਿ ਦ੍ਰਿੜ੍ਹ ਕਰਾਏ। ਜਿਵੇਂ ਸੰਸਾਰ ਵਿਚ ਦਾਰਸ਼ਨਿਕਤਾ ਦਾ ਬੋਲਬਾਲਾ ਹੈ, ਜਿਵੇਂ ਕੋਈ ਫਲਸਫੀ ਦਿਨ ਰਾਤ ਇਕ ਕਰਕੇ ਖੋਜ ਕਰ ਰਿਹਾ ਹੈ। ਕੋਈ ਖੋਜ ਦੀ ਗੱਲ ਸੰਸਾਰ ਦੇ ਸਾਹਮਣੇ ਰੱਖਦਾ ਹੈ ਤਾਂ ਸਿਆਣੇ ਪੁਰਸ਼ ਵਾਹ ਵਾਹ ਕਰ ਉੱਠਦੇ ਹਨ। ਗੁਰਮਤਿ ਵਿਚ ਵਿਦਵਾਨ ਦੀ ਵਿੱਦਿਆ ਦਾ ਇਕ ਹੀ ਚਮਤਕਾਰ ਹੈ ਕਿ ਉਹ ਕਿੰਨੇ ਬੰਦਿਆਂ ਨੂੰ ਗੁਰਮਤਿ ਨਾਲ ਜੋੜਦਾ ਹੈ। ਗੁਰਮਤਿ ਵਿਚ ਐਸੇ ਦਾਰਸ਼ਨਿਕ ਦੀ ਵੀ ਕੋਈ ਥਾਂ ਨਹੀਂ ਜੋ ਸ਼ਰਧਾ ਤੇ ਪ੍ਰੇਮ ਤੋਂ ਵਿਹੂਣਾ ਹੋ ਕੇ ਸਿਰਫ ਵਾਲ ਦੀ ਖੱਲ ਲਾਹ ਰਿਹਾ ਹੋਵੇ। ਗੁਰਮਤਿ ਵਿਚ ਐਸੇ ਫਿਲਾਸਫਰ ਦੀ ਵੀ ਕੋਈ ਥਾਂ ਨਹੀਂ, ਜਿਹੜਾ ਗੁਰੂ ਦੀ ਮਤਿ ਨੂੰ ਸਿਰਫ਼ ਆਪਣੀ ਦਲੀਲ ਦੀ ਕਸਵੱਟੀ ਤੇ ਪਰਖੇ ਤੇ ਫੈਸਲਾ ਦੇਵੇ ਕਿ ਇਹ ਗੱਲ ਮੰਨਣਯੋਗ ਹੈ ਤੇ ਇਹ ਗੱਲ ਮੰਨਣਯੋਗ ਨਹੀਂ। ਸਿੱਖ ਧਰਮ ਭਗਤੀ ਦਾ ਧਰਮ ਹੈ, ਪ੍ਰੇਮ ਦਾ ਧਰਮ ਹੈ, ਇਸ ਵਿਚ ਸਿੱਖ ਨੂੰ ਸਿਖਾਇਆ ਗਿਆ ਹੈ ਕਿ ਜੋ ਤੈਨੂੰ ਸਤਿਗੁਰੂ ਨੇ ਹੁਕਮ ਕੀਤਾ ਹੈ, ਤੂੰ ਸਿਰ ਮੱਥੇ ਤੇ ਮੰਨਣਾ ਹੈ। ਤੇਰਾ ਮਨ ਮੰਨਦਾ ਹੈ, ਤੇਰੀ ਅਕਲ ਮੰਨਦੀ ਹੈ, ਤਾਂ ਵੀ ਮੰਨਣਾ ਹੈ, ਤੇਰਾ ਮਨ, ਤੇਰੀ ਅਕਲ ਨਹੀਂ ਮੰਨਦੀ ਤਾਂ ਵੀ ਮੰਨਣਾ ਹੈ । ਉਸ ਦਾ ਕਾਰਨ ਸਾਫ ਹੈ ਕਿ ਤੇਰੀ ਅਕਲ ਤੇਰਾ ਮਨ ਗਲਤ ਹੋ ਸਕਦਾ ਹੈ, ਸਤਿਗੁਰੂ ਦਾ ਹੁਕਮ ਗਲਤ ਨਹੀਂ ਹੋ ਸਕਦਾ। ਐਸੀ ਮਤਿ ਧਾਰਨ ਕਰਨ ਵਾਲੇ ਤੇ ਪ੍ਰਚਾਰਨ ਵਾਲੇ ਗੁਰਮਤਿ ਦੇ ਕਈ ਵਿਦਵਾਨ ਹੋਏ ਹਨ, ਅੱਜ ਹੈਨ ਅੱਗੋਂ ਹੋਣਗੇ। ਜਿਹੜੇ ਹੋ ਗੁਜ਼ਰੇ ਹਨ ਜਾਂ ਜਿਹੜੇ ਘਾਲਣਾ ਘਾਲ

ਰਹੇ ਹਨ, ਸਾਰਿਆਂ ਦਾ ਮੈਂ ਦਿਲੋਂ ਸ਼ੁਕਰਾਨਾ ਕਰਦਾ ਹਾਂ। ਪਰ ਦੋ ਗੁਰਮਤਿ ਦੇ ਵਿਦਵਾਨ ਐਸੇ ਹੋਏ ਹਨ ਜਿਨ੍ਹਾਂ ਦੇ ਅਸੀਂ ਸਦਾ ਲਈ ਰਿਣੀ ਰਹਾਂਗੇ। ਸੱਚਖੰਡ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰੂ ਗੋਬਿੰਦ ਸਿੰਘ ਦੀ ਬਾਣੀ ਦਾ ਕੀਰਤਨ ਹੁੰਦਾ ਹੈ, ਉੱਥੇ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਕੀਰਤਨ ਵੀ ਕੀਰਤਨੀਏ ਕਰਦੇ ਹਨ ਅਤੇ ਸਮੁੱਚੇ ਪੰਥ ਦੀ ਪ੍ਰਵਾਨਗੀ ਨਾਲ ਕਰਦੇ ਹਨ। ਅੱਜ ਤੱਕ ਕਿਸੇ ਇਸ ਗੱਲ ਦਾ ਇਤਰਾਜ਼ ਨਹੀਂ ਕੀਤਾ ਕਿ ਭਾਈ ਗੁਰਦਾਸ ਜੀ ਜਾਂ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਕੀਰਤਨ ਕਿਉਂ ਕਰਦੇ ਹਾਂ। ਉਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਪ੍ਰਵਾਨਗੀ ਗੁਰੂ ਅਰਜਨ ਦੇਵ ਜੀ ਨੇ ਦੇ ਦਿੱਤੀ ਸੀ। ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਪ੍ਰਵਾਨਗੀ ਗੁਰੂ ਗੋਬਿੰਦ ਸਿੰਘ ਜੀ ਨੇ ਦੇ ਦਿੱਤੀ ਸੀ। ਭਾਈ ਗੁਰਦਾਸ ਜੀ ਨੇ ਗੁਰ ਭਗਤੀ ਵਿਚ ਭਿੱਜ ਕੇ ਬੜੇ ਅਦਬ ਨਾਲ ਗੁਰਮਤਿ ਸਿਧਾਂਤਾ ਦੀ ਵਿਆਖਿਆ ਕੀਤੀ ਹੈ। ਅਨੇਕਾਂ ਵਿਦਵਾਨਾਂ ਨੇ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਬਾਣੀ ਦੀ ਕੁੰਜੀ ਵੀ ਕਿਹਾ ਹੈ। ਕਈਆਂ ਦੀ ਰਾਏ ਹੈ ਕਿ ਭਾਈ ਗੁਰਦਾਸ ਜੀ ਦੀ ਬਾਣੀ ਗੁਰਬਾਣੀ ਦਾ ਟੀਕਾ ਹੈ। ਕਿਤੇ ਇਕ ਪਉੜੀ ਕਿਸੇ ਸ਼ਬਦ ਜਾਂ ਸਲੋਕ ਨਾਲ ਮਿਲ ਜਾਣ ਕਰਕੇ ਅਸੀਂ ਟੀਕਾ ਤਾਂ ਨਹੀਂ ਕਹਿ ਸਕਦੇ। ਬਾਕੀ ਜਿਨ੍ਹਾਂ ਵਿਦਵਾਨਾਂ ਭਾਈ ਗੁਰਦਾਸ ਦੀ ਬਾਣੀ ਨੂੰ ਕੁੰਜੀ ਕਿਹਾ ਹੈ, ਮੈਂ ਉਨ੍ਹਾਂ ਨੂੰ ਗਲਤ ਨਹੀਂ ਕਹਿ ਸਕਦਾ। ਮੈਂ ਸਾਰਿਆਂ ਦੀ ਚਰਨ-ਧੂੜ ਹਾਂ, ਪਰ ਇਕ ਵਿਚਾਰ ਵੱਲ ਧਿਆਨ ਜ਼ਰੂਰ ਦਿਵਾਉਣਾ ਚਾਹੁੰਦਾ ਹਾਂ। ਪਹਿਲੀ ਗੱਲ ਵਿਚਾਰਨ ਵਾਲੀ ਹੈ ਕਿ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਲਾ ਹੈ? ਇਹ ਤਾਲਾ ਹੈ ਤਾਂ ਇਹ ਤਾਲਾ ਕਿੱਥੇ ਲੱਗਾ ਹੈ। ਬੱਸ ਏਨੀ ਕੁ ਵਿਚਾਰ ਹੀ ਵਿਦਵਾਨ ਵਿਚਾਰ ਲੈਣ। ਇੰਨੀ ਬੇਨਤੀ ਜ਼ਰੂਰ ਕਰਾਂਗਾ ਬਾਣੀ ਵਿਚ ਤਾਂ ਐਸਾ ਲਿਖਿਆ ਮਿਲਦਾ ਹੈ

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨਾ ਉਘੜੈ*
*ਅਵਰ ਨ ਕੁੰਜੀ ਹਥਿ।*

ਸਾਰੰਗ ਦੀ ਵਾਰ ਸਲੋਕ ਮ: ੨ ਪੰਨਾ ੧੨੩੭

ਗੁਰੂ ਕੁੰਜੀ ਹੈ ਤਾਂ ਫਿਰ ਗੁਰਬਾਣੀ ਖੁਦ ਕੁੰਜੀ ਹੈ, ਜਿਸ ਨਾਲ ਮਨ ਦਾ ਜੰਦਰਾ ਖੁਲ੍ਹਣਾ ਹੈ, ਹੋਰ ਕਿਸੇ ਦੇ ਹੱਥ ਵਿਚ ਕੁੰਜੀ ਹੈ ਨਹੀਂ। ਬਾਕੀ ਭਾਈ ਗੁਰਦਾਸ ਜੀ ਦੀ ਬਾਣੀ ਗੁਰਬਾਣੀ ਦੇ ਅਰਥ ਹਨ, ਐਸਾ ਵੀ ਨਜ਼ਰ ਨਹੀਂ ਆਉਂਦਾ। ਕਿਤੇ ਕਿਤੇ ਜਪੁਜੀ ਦੇ ਅੰਤਲੇ ਸਲੋਕ ਦੇ, ਇਕ ਸਲੋਕ ਦੇ ਅਰਥ ਹੋ ਸਕਦੇ ਹਨ ਜਾਂ ਕਿਤੇ ਸਿੱਧਾਂ ਦੀਆਂ ਕਰਾਮਾਤਾਂ ਦਾ ਜੁਆਬ ਸਾਹਿਬ ਦੇ ਰਹੇ ਹਨ। ਇਕ ਪੌੜੀ ਇਕ ਥਾਂ ਮਿਲ ਜਾਏ। ਦੋ ਚਾਰ ਸ਼ਬਦ ਮਿਲਣ ਨਾਲ ਇਹ ਬਾਣੀ ਦਾ ਟੀਕਾ ਨਹੀਂ ਅਖਵਾ ਸਕਦੀ। ਠੀਕ ਗੱਲ ਇਹੀ ਹੈ ਕਿ ਗੁਰ ਭਗਤੀ ਵਿਚ ਲਬਰੇਜ਼, ਗੁਰਮਤਿ ਸਿਧਾਂਤਾਂ ਦੀਆਂ ਬੜੀਆਂ ਸੁੰਦਰ ਦਲੀਲਾਂ ਦੇ ਕੇ ਵਿਆਖਿਆ ਕੀਤੀ ਹੈ ਤੇ ਬੜੇ ਅਦਬ ਤੇ ਸ਼ਰਧਾ ਨਾਲ ਗੁਰੂ ਨਾਲ ਜੁੜਨ ਵਾਸਤੇ ਪ੍ਰੇਰਨਾ ਦਿੱਤੀ ਹੈ। ਇਸੇ ਤਰ੍ਹਾਂ ਹੀ ਭਾਈ ਨੰਦ ਲਾਲ ਜੀ ਨੇ ਲਿਖਿਆ ਹੈ। ਇਹ ਗੁਰੂ ਘਰ ਦੇ ਦੋ ਜਗਦੇ ਦੀਵੇ ਹਨ, ਜੋ ਸਦਾ ਵਾਸਤੇ ਜਗਦੇ ਰਹਿਣਗੇ। ਇਨ੍ਹਾਂ ਦੀ ਰਚਨਾ ਦੋ ਦੀਵਿਆਂ ਵਾਂਗੂੰ ਹੈ, ਜਿਸਦੀ ਜੋਤ ਇਕ ਹੈ। ਪਰ ਦੋਹਾਂ ਦੀ ਰਚਨਾ ਦੇ ਸੰਮੇਂ ਦਾ ਅੰਤਰ ਹੈ। ਇਕ ਦੀ ਰਚਨਾ ਪੰਜਵੇ ਪਾਤਸ਼ਾਹ ਗੁਰੂ ਅਰਜਨ ਦੇਵ ਦੇ ਸਮੇਂ ਦੀ ਹੈ ਦੂਜੇ ਦੀ ਰਚਨਾ ਦਸਵੇ ਪਾਤਸ਼ਾਹ ਦੇ ਸਮੇਂ ਦੀ ਹੈ। ਉਪਦੇਸ਼ ਰੂਪ ਜੋਤ ਇਕ ਹੀ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ :

*ਸਤਿਗੁਰ ਅਗਮ ਅਗਾਧ ਪੁਰਖ ਕਿਹੜਾ ਝਲੇ ਗੁਰ ਕੀ ਝਾਲਾ।*

ਮੇਰੇ ਸਤਿਗੁਰ ਗਮਤਾ ਤੋਂ ਪਰ੍ਹਾਂ ਭਾਵ ਸਾਡੀ ਸਮਝ ਦੀ ਪਹੁੰਚ ਤੋਂ ਪਰ੍ਹਾਂ ਹਨ, ਅਥਾਹ ਹਨ, ਉਹ ਐਸੇ ਪੁਰਖ ਹਨ ਕਿ ਕੌਣ ਹੈ ਜਿਹੜਾ ਮੇਰੇ ਸਤਿਗੁਰੂ ਦੀ ਝਾਲ ਝੱਲ ਸਕੇ।

ਭਾਈ ਨੰਦ ਲਾਲ ਜੀ ਫਰਮਾਉਂਦੇ ਹਨ ਮੇਰੇ ਸਤਿਗੁਰੂ ਦੀ ਝਾਲ ਕੌਣ ਝੱਲ ਸਕਦਾ ਹੈ। ਚੰਦਰਮਾ ਸਤਿਗੁਰੂ ਦਾ ਚਿਹਰਾ ਵੇਖ ਕੇ ਸ਼ਰਮਸਾਰ ਹੁੰਦਾ ਹੈ ਅਤੇ ਸੂਰਜ ਵੀ ਮੇਰੇ ਸਤਿਗੁਰੂ ਦੇ ਦਰ ਦਾ ਗੋਲਾ ਹੈ, ਦਾਸ ਹੈ।

*ਬਦਰ ਪੇਸ਼ੇ ਰੂਏ ਤੋ ਸ਼ਰਮਿੰਦਾ ਅਸਤ।*
*ਬਲਕਿ ਖੁਰਸ਼ੀਦੇ ਜਹਾਂ, ਹਮ ਬੰਦਾ ਅਸਤ।*

ਕੈਸਾ ਹੈ ਸਤਿਗੁਰੂ ਦਾ ਜਲਾਲ। ਦੋਵਾਂ ਨੇ ਹੀ ਸੱਚ ਕਿਹਾ ਹੈ, ਕੌਣ ਹੈ ਜੋ ਸਤਿਗੁਰੂ ਦੇ ਬਰਾਬਰ ਹੋਵੇ। ਸਤਿਗੁਰੂ ਵਿਚ ਪ੍ਰਮਾਤਮਾ ਨੇ ਆਪਣਾ ਆਪਾ ਟਿਕਾਇਆ ਹੈ। ਜਿੱਥੇ ਪ੍ਰਮਾਤਮਾ ਆਪ ਹੋਵੇ, ਉੱਥੇ ਹੋਰ ਦੂਜਾ ਕੌਣ ਹੈ, ਜੋ ਆ ਕੇ ਬਰਾਬਰ ਆਸਨ ਲਾ ਕੇ ਬੈਠ ਸਕੇ। ਸ਼ਰਧਾ ਵਾਲੇ ਤਾਂ ਬਹੁਤ ਹਨ, ਪਰ ਇਨ੍ਹਾਂ ਦੋਵਾਂ ਮਹਾਪੁਰਖਾਂ ਵਰਗੀ ਸ਼ਰਧਾ ਕਿਥੋਂ ਲੱਭੇਗੀ, ਜੋ ਇਨ੍ਹਾਂ ਨੂੰ ਸਤਿਗੁਰੂ ਤੇ ਸ਼ਰਧਾ ਹੈ।

ਭਾਈ ਗੁਰਦਾਸ ਜੀ ਨੂੰ ਏਨੀ ਸ਼ਰਧਾ ਹੈ ਕਿ ਗੁਰੂ ਨਾਨਕ ਦੇਵ ਅਕਾਲ ਰੂਪ ਨਜ਼ਰ ਆਉਂਦੇ ਹਨ। ਸਰੀਰ ਵੇਖਣ ਵਾਲੇ ਤਾਂ ਬਹੁਤ ਹਨ। ਭਾਈ ਗੁਰਦਾਸ ਜੀ ਗੁਰੂ ਦਾ ਉਹ ਰੂਪ ਵੇਖ ਰਹੇ ਹਨ, ਜਿਸ ਉੱਤੇ ਕਾਲ ਦਾ ਕੋਈ ਅਸਰ ਨਹੀਂ। ਸਪੱਸ਼ਟ ਹੈ ਕਿ ਉਹ ਗੁਰੂ ਦਾ ਸ਼ਬਦ ਰੂਪ ਵੇਖ ਰਹੇ ਹਨ, ਸ਼ਬਦ ਤੇ ਕਾਲ ਦਾ ਕੋਈ ਅਸਰ ਨਹੀਂ। ਅਸੀਂ ਗੁਰ ਵਿਅਕਤੀਆਂ ਦੀਆਂ ਉਮਰਾਂ ਗਿਣਦੇ ਹਾਂ, ਪਰ ਸ਼ਬਦ ਦੀ ਉਮਰ ਕਿਉਂ ਨਹੀਂ ਗਿਣਦੇ, ਇਸ ਲਈ ਕਿ ਸ਼ਬਦ ਅਕਾਲ ਰੂਪ ਹੈ। ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ। ਇਕ ਸ਼ਬਦ ਹੈ ਦੂਜਾ ਸ਼ਬਦ ਦਾ ਕੀਰਤਨ ਕਰਨ ਵਾਲਾ ਹੈ। ਗੁਰੂ ਦੀ ਝਾਲ ਕੌਣ ਝੱਲੇ, ਗੁਰੂ ਅਕਾਲ ਰੂਪ ਹੈ। ਹੈ ਕੋਈ ਐਸਾ ਗੁਰੁ ਦਾ ਸਵਾਰਿਆ ਜਿਹੜਾ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇਵ ਜੀ ਨੂੰ ਵੇਖੇ। ਭਾਈ ਨੰਦ ਲਾਲ ਜੀ ਕਹਿੰਦੇ ਹਨ ਮੇਰੇ ਮਜ਼੍ਹਬ ਵਿਚ ਦੂਸਰਾ ਹੈ ਹੀ ਕੋਈ ਨਹੀਂ। ਭਾਵ ਇਹ ਹੈ ਕਿ ਮੇਰਾ ਗੁਰੂ ਤੇ ਰੱਬ ਦੋ ਨਹੀਂ, ਮੇਰਾ ਗੁਰੂ ਹੀ ਰੱਬ ਹੈ ਤੇ ਰੱਬ ਹੀ ਗੁਰੂ ਹੈ। ਅਸੀਂ ਹੋਰ ਕਿਸੇ ਤਰ੍ਹਾਂ ਦੀ ਪੂਜਾ ਨਹੀਂ

ਕਰਦੇ ਅਤੇ ਨਾ ਗਾਫ਼ਿਲ ਹੁੰਦੇ ਹਾਂ। ਅਸੀਂ ਤਾਂ ਸਿਰ ਤੋਂ ਪੈਰਾਂ ਤੱਕ ਉਸ ਦੇ ਧਿਆਨ ਵਿਚ ਪੂਰਨ ਤੌਰ ਤੇ ਜਾਗਰਤਾ ਤੇ ਸਿਮਰਨ ਨਾਲ ਭਰਪੂਰ ਰਹਿੰਦੇ ਹਾਂ। ਅਸੀਂ ਕਿਸੇ ਹੋਰ ਦੀ, ਦੂਸਰੇ ਦੀ ਪੂਜਾ ਨਹੀਂ ਕਰਦੇ :

*ਦਰ ਮਜ਼ਹਬੇ ਮਾ ਗ਼ੈਰ ਪ੍ਰਸਤੀ ਨਾ ਕੁਨੰਦ।*
*ਸਰ ਤਾ ਬਾ ਕਦਮ ਬਾਹੋਸ਼ ਮਸਤੀ ਨਾ ਕੁਨੰਦ।*

ਭਾਈ ਗੁਰਦਾਸ ਜੀ ਸਤਿਗੁਰੂ ਦੀ ਮੂਰਤੀ ਦੀ ਵਿਆਖਿਆ ਕਰਦੇ ਕਹਿੰਦੇ ਹਨ :

*ਗੁਰ ਮੂਰਤਿ ਗੁਰ ਸ਼ਬਦ ਹੈ, ਸਾਧ ਸੰਗਤਿ ਵਿਚ ਪ੍ਰਗਟਿਆਇਆ।*

ਸਾਧ ਸੰਗਤ ਵਿਚ ਇਹ ਗੱਲ ਸਪੱਸ਼ਟ ਹੋ ਗਈ ਹੈ। ਭਾਵ ਸਾਧ ਸੰਗਤ ਵਿਚ ਬੈਠਣ ਵਾਲਾ ਹਰ ਗੁਰਸਿੱਖ ਜਾਣਦਾ ਹੈ ਕਿ ਸਤਿਗੁਰੂ ਦੀ ਹੋਰ ਕੋਈ ਮੂਰਤੀ ਬਣਾਉਣ ਦੀ ਲੋੜ ਨਹੀਂ। ਸਤਿਗੁਰੂ ਦੀ ਮੂਰਤ ਸਤਿਗੁਰੂ ਦਾ ਸ਼ਬਦ ਹੀ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਫਰਮਾਇਆ ਸੀ:

*ਗੁਰੂ ਕੀ ਮੂਰਤਿ ਮਨ ਮਹਿ ਧਿਆਨੁ।*
*ਗੁਰ ਕੈ ਸਬਦਿ ਮੰਤ੍ਰੁ ਮਨੁਮਾਨ।*

ਗੋਂਡ ਮ: ੫ ਪੰਨਾ : ੮੬੪

ਭਾਈ ਨੰਦ ਲਾਲ਼ ਜੀ ਲਿਖਦੇ ਹਨ ਕਿ ਮੈਨੂੰ ਮੇਰੇ ਸਤਿਗੁਰੂ ਨੇ ਕਿਹਾ ਕਿ ਹੇ ਨੰਦ ਲਾਲ ਮੇਰੇ ਤਿੰਨ ਰੂਪ ਹਨ, ਇਕ ਨਿਰਗੁਣ ਹੈ, ਜੋ ਅਦ੍ਰਿਸ਼ਟ ਹੈ। ਦੂਸਰਾ ਸਰਗੁਣ ਹੈ ਜੋ ਤੂੰ ਵੇਖ ਰਿਹਾ ਹੈਂ। ਨਿਰਗੁਣ ਦਿਸਦਾ ਨਹੀਂ। ਸਰਗੁਣ ਸਦਾ ਨਹੀਂ ਰਹਿੰਦਾ। ਮੇਰਾ ਤੀਸਰਾ ਰੂਪ ਸ਼ਬਦ ਗੁਰੂ ਹੈ। ਇਹ ਤੇਰਾ ਸਾਥ ਦੇਵੇਗਾ। ਇਸ ਨਾਲ ਸਾਥ ਬਣਾਉਣਾ :

*ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਇ।*
*ਨਿਰਗੁਣ ਸਰਗੁਣ ਗੁਰ ਸ਼ਬਦ ਕਹਉ ਤੋਹਿ ਸਮਝਾਇ।*
*ਵਿਸ਼ਵਾਸ ਪ੍ਰੀਤਿ ਗੁਰ ਸ਼ਬਦ ਜੋ ਧਰੈ।*
*ਸੋ ਗੁਰ ਕੈ ਦਰਸ਼ਨ ਨਿਤ ਉਠਿ ਕਰੈ।*

ਭਾਈ ਗੁਰਦਾਸ ਜੀ ਗੁਰੂ ਦੀ ਅਨੰਨ ਭਗਤੀ ਬਾਰੇ ਲਿਖਦੇ ਹਨ:

*ਸਤਿਗੁਰ ਸਾਹਿਬ ਛਡਕੈ, ਮਨਮੁਖ ਹੋਇ ਬੰਦੇ ਦਾ ਬੰਦਾ।*
*ਹੁਕਮੀ ਬੰਦਾ ਹੋਇਕੈ, ਨਿਤ ਉਠ ਜਾਏ ਸਲਾਮ ਕਰੰਦਾ।*
*ਆਠ ਪਹਿਰ ਹਥਿ ਜੋੜ ਕੇ, ਹੋਇ ਹਜੂਰੀ ਖੜਾ ਰਹੰਦਾ।*
*ਨੀਂਦ ਨਾ ਭੁਖ ਨਾ ਸੁਖ ਤਿਸ ਸੂਲੀ ਚੜ੍ਹਿਆ ਰਹੈ ਡਰੰਦਾ।*
*ਪਾਣੀ ਪਾਲਾ ਧੁਪ ਛਾਉ, ਸਿਰ ਉੱਤੇ ਝੱਲ ਦੁੱਖ ਸਹੰਦਾ।*
*ਆਤਸ਼ਬਾਜ਼ੀ ਸਾਰ ਵੇਖਿ, ਰਣ ਅੰਦਰ ਹੋਇ ਘਾਇਲ ਮਰੰਦਾ।*
*ਗੁਰ ਪੂਰੇ ਵਿਣ ਜਨਮ ਭਵੰਦਾ।*

ਭਾਈ ਨੰਦ ਲਾਲ ਜੀ ਨੇ ਆਪ ਐਸੇ ਬੰਦਿਆਂ ਦੀ ਨੌਕਰੀ ਕੀਤੀ ਸੀ। ਉਨ੍ਹਾਂ ਨੇ ਬਾਦਸ਼ਾਹਾਂ ਨੂੰ ਸਲਾਮਾਂ ਹੁੰਦੀਆਂ ਵੇਖੀਆਂ ਸਨ ਤੇ ਡਰਦੇ ਮਾਰੇ ਨੌਕਰਾਂ ਨੂੰ ਗਰਮੀ ਸਰਦੀ ਸਹਾਰਦਿਆਂ, ਗੋਲੀਆਂ ਖਾਂਦਿਆਂ, ਤਲਵਾਰਾਂ ਦੇ ਫੱਟ ਸਹਿੰਦਿਆਂ ਮਰਦਿਆਂ ਵੇਖਿਆ ਸੀ। ਇੰਨਾ ਕੁਝ ਕਰਕੇ ਵੀ ਨੌਕਰ ਦੇ ਅੰਦਰ ਕੋਈ ਤ੍ਰਿਪਤੀ ਨਹੀਂ। ਉਹ ਸਿਰਫ ਰੋਟੀ ਵਾਸਤੇ ਸਭ ਕੁਝ ਕਰ ਰਿਹਾ ਸੀ। ਨਾ ਮਾਲਕ ਦਾ ਮਕਸਦ ਪ੍ਰੇਮ ਹੈ, ਨਾ ਹੀ ਨੌਕਰ ਦਾ ਮਕਸਦ ਪ੍ਰੇਮ ਹੈ। ਮਾਲਕ ਖੁਸ਼ ਹੋ ਜਾਂਦਾ ਹੈ ਤਾਂ ਤਨਖਾਹ ਵਧਾ ਦੇਂਦਾ ਹੈ, ਨਾਰਾਜ਼ ਹੋ ਜਾਂਦਾ ਹੈ ਤਾਂ ਸਿਰ ਕੱਟ ਦਿੰਦਾ ਹੈ। ਬੰਦੇ ਦਾ ਬੰਦਾ ਬਣਨ ਨਾਲ ਕਿਸੇ ਨੂੰ ਅੰਦਰੋਂ ਤ੍ਰਿਪਤੀ ਨਹੀਂ ਮਿਲੀ। ਰਾਜ ਘਰਾਣੇ ਦੀ ਸੇਵਾ ਕਰਕੇ ਵੀ ਭਾਈ ਨੰਦ ਲਾਲ ਜੀ ਨੂੰ ਆਗਰੇ ਤੋਂ ਚੋਰੀ ਭੱਜਣਾ ਪਿਆ ਸੀ। ਉਨ੍ਹਾਂ ਬੰਦੇ ਦੀ ਬੰਦਗੀ ਛੱਡ ਦਿੱਤੀ, ਤੇ ਸਤਿਗੁਰੂ ਦੇ ਦਰ ਨਾਲ ਇੰਨਾ ਪਿਆਰ ਬਣ ਗਿਆ ਤੇ ਇੰਨਾ ਅਨੰਦ ਆਇਆ ਕਿ ਹਵਾ ਨੂੰ ਵੀ ਕਹਿਣ ਲੱਗੇ ਕਿ ਐ ਹਵਾ, ਕਿਤੇ ਐਸਾ ਨਾ ਕਰਨਾ ਕਿ ਮੇਰੇ ਸਸਕਾਰ ਤੋਂ ਬਾਅਦ ਮੇਰੀ ਖਾਕ ਮੇਰੇ ਗੁਰੂ ਦੇ ਦਰ ਤੋਂ ਕਿਸੇ ਹੋਰ ਪਾਸੇ ਲੈ ਜਾਵੇਂ। ਮੇਰੇ ਦੁਸ਼ਮਣ ਤਾਅਨੇ ਮਿਹਣੇ ਦੇਣਗੇ ਕਿ ਨੰਦ ਲਾਲ ਹਰਜਾਈ ਹੈ। ਜੇ ਟਿਕਦਾ ਹੁੰਦਾ ਤਾਂ ਇਸ ਦੀ ਖ਼ਾਕ ਵੀ ਗੁਰੂ ਦਰ ਤੋਂ ਬਿਨਾਂ ਹੋਰ ਪਾਸੇ ਕਿਉਂ ਜਾਂਦੀ। ਮੈਨੂੰ ਹਰਜਾਈ ਨਾ ਬਣਾਈਂ। ਬੰਦੇ ਦੀ ਗੁਲਾਮੀ ਉਨ੍ਹਾਂ ਪੂਰਨ ਤੌਰ ਤੇ ਗਲੋਂ ਲਾਹ ਦਿੱਤੀ ਸੀ।

*ਮ-ਬਰ ਐ ਬਾਦਿ ਖ਼ਾਕਿਮ ਅਜ਼ ਦਰੇ ਦੋਸਤ।*
*ਕਿ ਦੁਸ਼ਮਨਮ ਸਰਜ਼ਨਸ਼ ਕੁਨੰਦ ਕਿ ਈ ਹਰਜਾਈਸਤ।*

ਭਾਈ ਗੁਰਦਾਸ ਜੀ ਸਤਿਗੁਰੂ ਨੂੰ ਸੱਚਾ ਸ਼ਾਹ ਕਹਿੰਦੇ ਹਨ, ਜਿਨ੍ਹਾਂ ਦੇ ਦਰ ਤੇ ਸਭ ਕੁਝ ਹੈ। ਤਿੰਨ ਭਵਨ ਉਨ੍ਹਾਂ ਨੂੰ ਸਤਿਗੁਰੂ ਦੇ ਦਰ ਦੇ ਵਣਜਾਰੇ ਜਾਪਦੇ ਹਨ। ਬੇਸ਼ੁਮਾਰ ਰਤਨ ਪਦਾਰਥ ਹਨ, ਪ੍ਰੇਮ ਭਗਤੀ ਦੇ ਭੰਡਾਰ ਭਰੇ ਪਏ ਹਨ। ਇਕ ਨਹੀਂ ਲੱਖਾਂ ਹੀ ਲਖਮੀਆਂ ਗੋਲੀਆਂ ਹਨ, ਪਾਰਸਾਂ ਦੇ ਅੰਬਾਰ ਲੱਗੇ ਪਏ ਹਨ। ਸੂਰਜ, ਚੰਦ, ਦੀਵੇ ਹਨ ਤੇ ਲੱਖਾਂ ਹਨ। ਰਿੱਧੀਆਂ ਸਿੱਧੀਆਂ ਨਿਧੀਆਂ ਦੇ ਬੋਹਲ ਲੱਗੇ ਹਨ।

ਗੁਰੂ ਦੇ ਬਾਗ ਵਿਚ ਲੱਖਾਂ ਹੀ ਪਾਰਜਾਤ ਹਨ, ਕਾਮਧੇਨ ਗਾਵਾਂ ਦੇ ਵੱਗ ਪਏ ਫਿਰਦੇ ਹਨ ਤੇ ਹਜ਼ਾਰਾਂ ਹੀ ਵੱਗ ਹਨ। ਰਿੱਧੀਆਂ ਸਿੱਧੀਆਂ ਦੇ ਅੰਬਾਰ ਲੱਗੇ ਹਨ। ਇੰਦਰਾਂ ਵਰਗੇ ਮਾਸ਼ਕੀ ਲੱਖਾਂ ਹਨ ਤੇ ਜਿਹੜਾ ਅੰਮ੍ਰਿਤ ਇੰਦਰ ਪਾਸ ਹੈ, ਉਹ ਸਤਿਗੁਰੂ ਦੇ ਦਰ ਤੇ ਅੰਮ੍ਰਿਤ ਛਿੜਕਿਆ ਜਾ ਰਿਹਾ ਹੈ, ਭਾਵ ਇਹ ਹੈ ਕਿ ਇਸ ਇੰਦਰ ਦਾ ਅੰਮ੍ਰਿਤ ਸਤਿਗੁਰੂ ਦੇ ਦਰ ਤੇ ਪਾਣੀ ਦੇ ਬਰਾਬਰ ਹੈ। ਸਤਿਗੁਰੂ ਨੇ ਇਹ ਸਾਰੀਆਂ ਦਾਤਾਂ ਆਪਣੇ ਪਿਆਰਿਆਂ ਨੂੰ ਵੰਡ ਕੇ ਦਿੱਤੀਆਂ ਹਨ। ਭਗਤਾਂ ਨੂੰ ਪਿਆਰ ਕਰਨ ਵਾਲੇ ਸਤਿਗੁਰੂ ਨਿਰੰਕਾਰ ਦਾ ਰੂਪ ਹਨ।

*ਸਤਿਗੁਰ ਪੂਰਾ ਸ਼ਾਹ ਹੈ ਤ੍ਰਿਭਵਣ ਜਗ ਤਿਸਦਾ ਵਣਜਾਰਾ।*
*ਰਤਨ ਪਦਾਰਥ ਬੇਸ਼ੁਮਾਰ ਭਾਉ ਭਗਤ ਲਖ ਭਰੇ ਭੰਡਾਰਾ।*
*ਪਾਰਜਾਤ ਲਖ ਬਾਗ ਵਿਚ ਕਾਮਧੇਨ ਦੇ ਵਗ ਹਜ਼ਾਰਾਂ*
*ਲਖਮੀਆ ਲਖ ਗੋਲੀਆਂ ਪਾਰਸ ਦੇ ਪਰਬਤ ਅੰਬਾਰਾ।*
*ਲਖ ਅੰਮ੍ਰਿਤ ਲਖ ਇੰਦਰ ਲੈ ਹੋਇ ਸਕੇ ਛਿੜਕਨ ਦਰਬਾਰਾ।*
*ਸੂਰਜ ਚੰਦ ਚਰਾਗ ਲਖ ਰਿੱਧਿ ਸਿੱਧਿ ਨਿਧ ਬੋਹਲ ਅੰਬਾਰਾ।*
*ਸਭੈ ਵੰਡਿ ਵੰਡਿ ਦਿਤੀਅਨੁ ਭਾਉ ਭਗਤ ਕਰਿ ਸਚ ਪਿਆਰਾ।*
*ਭਗਤ ਵਛਲ ਸਤਿਗੁਰ ਨਿਰੰਕਾਰਾ।*

ਸਤਿਗੁਰੂ ਦੇ ਦਰ ਤੇ ਇੰਨੀਆਂ ਬਰਕਤਾਂ ਭਾਈ ਗੁਰਦਾਸ ਜੀ ਨੂੰ

ਦਿਸਦੀਆਂ ਹਨ ਅਤੇ ਭਾਈ ਨੰਦ ਲਾਲ ਜੀ ਕਹਿੰਦੇ ਹਨ, ਹੇ ਸਤਿਗੁਰੂ ਤੁਹਾਡੇ ਦਰ ਦੀ ਖਾਕ ਦੀ ਮੁੱਠ ਮਿਲ ਜਾਏ ਤਾਂ ਇਹ ਧੂੜ ਤਾਂ ਉਹ ਰਸਾਇਣ ਹੈ, ਜੋ ਲੋਹੇ ਨੂੰ ਸੋਨਾ ਕਰ ਦਿੰਦੀ ਹੈ।

ਇਕ ਉਹ ਫਕੀਰ ਜਿਹੜਾ ਰੋਟੀ ਵਾਸਤੇ ਦਰ ਦਰ ਤੇ ਭਿੱਖਿਆ ਮੰਗਦਾ ਫਿਰਦਾ ਸੀ। ਉਸ ਨੂੰ ਸੱਤਾਂ ਵਲਾਇਤਾਂ ਦਾ ਬਾਦਸ਼ਾਹ ਬਣਾ ਦੇਂਦੀ ਹੈ:

*ਮੁਸ਼ਤੇ ਖਾਕੇ ਦਰਗਹ ਊ ਕੀਮੀਆਗਰ ਮੇ ਕੁਨੰਦ।*
*ਹਰ ਗੱਦਾ ਰਾ ਬਾਦਸ਼ਾਹੇ ਹਫਤੇ ਕਿਸ਼ਵਰ ਮੇ ਕੁਨੰਦ।*

ਭਾਈ ਗੁਰਦਾਸ ਜੀ ਮਨੁੱਖੀ ਅੰਗਾਂ ਦੀ ਸਫਲਤਾ ਇਹ ਦੱਸਦੇ ਹਨ ਕਿ ਬੜੀ ਦੇਰ ਬਾਅਦ ਮਨੁੱਖਾ ਜਨਮ ਮਿਲਿਆ ਹੈ। ਗੁਰੂ ਦੀ ਸਰਣ ਵਿਚ ਗੁਰੂ ਦੇ ਚਰਨਾਂ ਵਿਚ ਹੀ ਇਸ ਸਰੀਰ ਦੀ ਸਫਲਤਾ ਹੈ ਤੇ ਇਹ ਤਾਂ ਹੀ ਅਮੋਲਕ ਹਨ ਜੇ ਇਹ ਗੁਰੂ ਦੇ ਅਮੋਲਕ ਦਰਸ਼ਨ ਕਰਨ। ਕੰਨ ਤਾਂ ਹੀ ਅਮੋਲਕ ਹਨ ਜੇ ਇਹ ਗੁਰੂ ਦੇ ਬਚਨ ਸੁਣਨ, ਨੱਕ ਤਾਂ ਹੀ ਅਮੋਲਕ ਹਨ ਜੇ ਗੁਰੂ ਦੇ ਚਰਨਾਂ ਕਮਲਾਂ ਦੀ ਸੁਗੰਧੀ ਲੈਣ, ਰਸਨਾ ਤਾਂ ਹੀ ਅਮੋਲਕ ਹੈ ਜੇ ਇਹ ਗੁਰੂ ਦੇ ਮੰਤਰ ਦਾ ਜਾਪ ਕਰੇ, ਹੱਥ ਤਾਂ ਹੀ ਅਮੁੱਲ ਹਨ ਜੇ ਗੁਰੂ ਦੀ ਸੇਵਾ ਕਰਨ। ਪੈਰ ਤਾਂ ਅਮੁੱਲ ਹਨ ਜੇ ਗੁਰੂ ਦੀਆਂ ਪਰਕਰਮਾ ਕਰਨ ਭਾਵ ਇਹ ਸਰੀਰਕ ਇੰਦਰੇ ਸਫਲ ਤਾਂ ਹੁੰਦੇ ਹਨ ਜੇ ਇਹ ਉਹ ਕਰਮ ਕਰਨ ਜੋ ਭਾਈ ਗੁਰਦਾਸ ਜੀ ਨੇ ਦੱਸੇ ਹਨ।

ਇਹ ਕਬਿਤ ਇਸ ਤਰ੍ਹਾਂ ਹੈ :

*ਚਿਰੰਕਾਲ ਮਾਨਸ ਜਨਮ ਨਿਰਮੋਲ ਪਾਇਓ,*
*ਸਫਲ ਜਨਮ ਗੁਰਚਰਨ ਸਰਣ ਕੈ।*
*ਲੋਚਨ ਅਮੋਲ ਗੁਰਦਰਸ਼ ਅਮੋਲ ਦੇਖੈ,*
*ਸ੍ਰਵਣ ਅਮੋਲ ਗੁਰਬਚਨ ਧਰਨ ਕੈ।*
*ਨਾਨਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ,*
*ਰਸਨਾ ਅਮੋਲ ਗੁਰਮੰਤ੍ਰ ਸਿਮਰਨ ਕੈ।*

*ਹਸਤ ਅਮੋਲ ਗੁਰਦੇਵ ਸੇਵ ਸਫਲ ਕੈ,*
*ਚਰਨ ਅਮੋਲ ਪਰਦਖਨਾ ਕਰਨ ਕੈ।*

ਭਾਈ ਨੰਦ ਲਾਲ ਜੀ ਵੀ ਇਹ ਸਾਧਨਾ ਦੱਸਦੇ ਫਰਮਾਉਂਦੇ ਹਨ:

*ਕਦਮ ਆਂ ਬਿਹ ਕਿ ਦਰ ਰਾਹੇ ਖ਼ੁਦਾ ਪੈਮੂਦਾ ਮੇ ਬਾਸ਼ਦ,*
*ਜ਼ੁਬਾਨੇ ਬਿਹ ਕਿ ਦਰ ਜ਼ਿਕਰੇ ਖ਼ੁਦਾ ਆਸੂਦਾ ਮੇ ਬਾਸ਼ਦ।*

ਇਸ ਦਾ ਭਾਵ ਹੈ ਕਿ ਉਹੀ ਕਦਮ ਚੰਗਾ ਹੈ, ਜਿਹੜਾ ਰੱਬ ਦੇ ਰਸਤੇ ਤੇ ਤੁਰਿਆ ਗਿਆ ਹੋਵੇ। ਜ਼ਬਾਨ ਉਹੀ ਬਿਹਤਰ ਹੈ, ਚੰਗੀ ਹੈ, ਜਿਸ ਨੂੰ ਰੱਬ ਦੀਆਂ ਗੱਲਾਂ, ਪ੍ਰਮਾਤਮਾ ਦਾ ਜ਼ਿਕਰ ਕਰਨ ਵਿਚ ਖੁਸ਼ੀ ਪ੍ਰਾਪਤ ਹੋਵੇ।

ਸਿਰ ਦੀ ਸਫਲਤਾ ਦੱਸਦੇ ਹਨ, ਜਿੰਦ ਦੀ ਸਫਲਤਾ ਦੱਸਦੇ ਹਨ। ਸਿਰ ਰੱਖਣਾ ਹੈ ਤਾਂ ਸਤਿਗੁਰੂ ਦੇ ਚਰਨਾਂ ਤੇ ਜਾ ਕੇ ਰੱਖ ਦੇ। ਜਿੰਦ ਸਦਕੇ ਕਰਨੀ ਹੈ ਤਾਂ ਤੁਛ ਪਦਾਰਥਾਂ ਵਾਸਤੇ ਨਾ ਮਰ, ਜਾਹ, ਜਾ ਕੇ ਸਤਿਗੁਰੂ ਤੋਂ ਜਿੰਦ ਸਦਕੇ ਕਰ ਦੇ। ਫਰਮਾਉਂਦੇ ਹਨ :

*ਸਰ ਅਗਰ ਦਾਰੀ ਬਿਰੌ ਸਰਰਾ ਬਿਨੇਹ ਬਰ ਪਾਇਊ,*
*ਜਾਂ ਅਗਰ ਦਾਰੀ ਨਿਸਾਰਸ਼ ਕੁੰਨ ਅਗਰ ਦਰਕਾਰ ਅਸਤ।*

ਹੱਥ ਸਫਲ ਕਰਨੇ ਹਨ ਤਾਂ ਜਾ, ਗੁਰੂ ਮਿੱਤਰ ਦਾ ਪੱਲਾ ਪਕੜ ਲੈ। ਜੇ ਪੈਰਾਂ ਵਿਚ ਤੁਰਨ ਦੀ ਸਤਾ ਹੈ ਤਾਂ ਉਸ ਸਤਿਗੁਰੂ ਵੱਲ ਤੁਰ ਕੇ ਜਾਹ।

*ਦਸਤ ਗਰਦਾਰੀ ਬਿਰੌ ਦਾਮਨ ਜਾਨਾ ਰਾ ਬਗੀਰ,*
*ਸੂਇ ਊ ਮੇ ਰੌ ਅਗਰ ਪਾ ਰਾ ਸਰੇ ਰਫਤਾਰ ਅਸਤ।*

ਭਾਈ ਗੁਰਦਾਸ ਜੀ ਕਹਿੰਦੇ ਹਨ ਮੇਰੇ ਵਾਸਤੇ ਗੁਰੂ ਦੀ ਸ਼ਰਣ ਵਿਚ ਰਹਿਣਾ ਹੀ ਬੈਕੁੰਠ ਹੈ, ਮੁਕਤੀ ਹੈ। ਉਨ੍ਹਾਂ ਤਿੰਨ ਪ੍ਰਮਾਣ ਦਿੱਤੇ ਹਨ ਕਿ ਬਾਜ਼ ਖੁਲ੍ਹੇ ਨਾਲੋਂ ਬੱਝਾ ਹੀ ਚੰਗਾ ਹੈ। ਤੋਤਾ ਪਿੰਜਰੇ ਵਿਚ ਬੰਦ ਹੀ ਠੀਕ ਹੈ। ਚਕਵੀ ਚਕਵਾ ਬੰਦ ਹੀ ਠੀਕ ਹਨ :

ਬੱਝਾ ਬਾਜ਼ ਜੀਵ ਘਾਤ ਨਾ ਕਰੇਗਾ। ਬੱਝਾ ਤੋਤਾ ਰਾਮ ਰਾਮ ਕਰੇਗਾ ਅਤੇ ਚਕਵੀ ਚਕਵਾ ਬੱਝੇ ਹੋਏ ਰਾਤ ਵਿਛੜਨਗੇ ਨਹੀਂ।

*ਖੁਲੈ ਸੈ ਬੰਧਨੁ ਬਿਖੈ ਭਲੋ ਹੈ ਸੀਚਾਨੇ ਜਾਂਤੇ*
*ਜੀਵ ਘਾਤ ਕਰੇ ਨਾ, ਬਿਕਾਰ ਹੋਇ ਆਵਈ,*
*ਖੁਲੈ ਸੈ ਬੰਧਨੁ ਬਿਖੈ ਚਕਈ ਭਲੀ ਸੁ ਜਾਂਤੇ ਰਾਮ ਰੇਖ*
*ਮੇਟ ਨਿਸ ਪ੍ਰਿਆ ਸੰਗ ਪਾਵਈ,*
*ਖੁਲੈ ਸੈ ਬੰਧਨੁ ਬਿਖੈ ਭਲੋ ਹੈ ਸੂਆ ਪ੍ਰਸਿੱਧ*
*ਸੁਨਿ ਉਪਦੇਸ ਰਾਮ ਨਾਮ ਲਿਵ ਲਾਵਈ,*
*ਮੋਖ ਪਦਵੀ ਸੈ ਤੈਸੇ ਮਾਨਸ ਜਨਮ ਭਲੋ,*
*ਗੁਰਮੁਖ ਹੋਇ ਸਾਧਿ ਸੰਗਿ ਪ੍ਰਭ ਧਿਆਵਈ।*

ਮੁਕਤੀ ਪਦ ਤੋਂ ਮਨੁੱਖਾ ਜਨਮ ਹੀ ਚੰਗਾ ਹੈ, ਬੰਦਾ ਗੁਰਮੁਖ ਬਣ ਕੇ ਪ੍ਰਮਾਤਮਾ ਦਾ ਸਿਮਰਨੰ ਕਰਦਾ ਹੈ।

ਭਾਈ ਨੰਦ ਲਾਲ ਜੀ ਨੇ ਵੀ ਬੜਾ ਹੀ ਸੁੰਦਰ ਫਰਮਾਇਆ ਹੈ ਕਿ ਜਿਵੇਂ ਕਿਸੇ ਮੰਜ਼ਲ ਵਾਸਤੇ ਜਦੋਂ ਕਾਫਲਾ ਤੁਰਦਾ ਹੈ ਤੇ ਕਿਤੇ ਰਾਤ ਆਰਾਮ ਕਰਦਾ ਹੈ, ਸਵੇਰੇ ਸਵੇਰੇ ਉਨ੍ਹਾਂ ਮੁਸਾਫਰਾਂ ਨੂੰ ਜਗਾਉਣ ਵਾਸਤੇ ਘੜਿਆਲ ਖੜਕਾ ਦਿੱਤਾ ਜਾਂਦਾ ਹੈ ਕਿ ਭਾਈ ਉੱਠੋ, ਤੁਰੋ ਮੰਜ਼ਲ ਅੱਗੇ ਹੈ। ਭਾਈ ਸਾਹਿਬ ਜੀ ਫਰਮਾਉਂਦੇ ਹਨ, ਅਨੇਕਾਂ ਮਜ਼੍ਹਬ ਹਨ ਤੇ ਸਾਰੇ ਰੌਲਾ ਪਾ ਰਹੇ ਹਨ, ਸਾਰਿਆਂ ਦੇ ਘੰਟੇ ਸ਼ੋਰ ਪਾ ਰਹੇ ਹਨ ਕਿ ਉੱਠੋ ਤੁਸੀਂ ਸਵਰਗ ਤੱਕ ਜਾਣਾ ਹੈ। ਗੁਰੂ ਦੇ ਰਾਹ ਤੇ ਤੁਰਨਾ ਹੀ ਸਾਡੀ ਮੰਜ਼ਲ ਹੈ। ਭਾਵ ਇਹ ਹੈ ਕਿ ਗੁਰੂ ਦੀ ਸ਼ਰਣ ਵਿਚ ਰਹਿਣਾ ਹੀ ਸਾਡਾ ਬੈਕੁੰਠ ਧਾਮ ਹੈ। ਸਾਡੀ ਸਾਰੀ ਪ੍ਰਸੰਨਤਾ, ਸਾਡੀ ਸਾਰੀ ਖੁਸ਼ੀ ਇਸ ਵਿਚ ਹੈ ਕਿ ਜਿਸ ਪਾਸੇ ਗੁਰੂ ਨੇ ਤੋਰਿਆ, ਅਸੀਂ ਤੁਰ ਪਏ। ਗੁਰੂ ਦੀ ਮਤਿ ਅਨੁਸਾਰ ਤੁਰਨਾ, ਮਿੱਤਰ ਦਾ ਰਾਹ ਹੀ ਸਾਡੀ ਮੰਜ਼ਲ ਹੈ।

ਫਰਮਾਉਂਦੇ ਹਨ :

*ਮਰਾ ਦਰ ਮੰਜ਼ਲੇ ਜਾਨਾ ਹਮਾ ਐਸ਼ੋ ਹਮਾ ਸ਼ਾਦੀ,*
*ਜਰਸ ਬੇਹੂਦਾ ਮੇਨਾਲਦ ਕੁਜਾ ਬੰਦੇਮ ਮਹਮਲਹਾ।*

ਭਾਈ ਸਾਹਿਬ ਠੀਕ ਕਹਿੰਦੇ ਹਨ, ਮਜ਼ਬਾਂ ਦੇ ਘੰਟੇ ਸ਼ੋਰ ਪਾ ਰਹੇ ਹਨ, ਪਰ ਅਸੀਂ, ਮਹਿਮਲ ਊਠ ਦੀ ਲੱਕੜ ਦੀ ਕਾਠੀ ਨੂੰ ਕਹਿੰਦੇ ਹਨ, ਕਾਠੀ ਕਿਧਰ ਬੰਨ੍ਹੀਏ ਭਾਵ ਕਿੱਥੇ ਜਾਈਏ, ਜਿੱਥੇ ਪੁੱਜਣਾ ਸੀ ਪੁੱਜ ਗਏ ਹਾਂ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਅਸੀਂ ਜੀਵ ਅਵਗੁਣਆਰੇ ਹਾਂ। ਸਾਨੂੰ ਆਪਣੀ ਕਰਨੀ ਤੇ ਟੇਕ ਨਹੀਂ ਰੱਖਣੀ ਚਾਹੀਦੀ। ਸਾਨੂੰ ਸਿਰਫ ਪ੍ਰਮਾਤਮਾ ਦੀ ਬਖਸ਼ਿਸ਼ ਤੇ ਟੇਕ ਰੱਖਣੀ ਚਾਹੀਦੀ ਹੈ। ਸਾਡੇ ਵਿਚ ਗੁਣ ਕੋਈ ਨਹੀਂ, ਅਵਗੁਣ ਬਹੁਤ ਹਨ। ਮਹਾਂਪੁਰਖਾਂ ਦੇ ਕਹਿਣ ਦਾ ਇਕ ਢੰਗ ਹੈ, ਉਹ ਇਹ ਹੈ ਕਿ ਗੱਲ ਆਪਣੇ ਨਾਲ ਜੋੜ ਕੇ ਕਹਿ ਦੇਣੀ, ਤਾਂਕਿ ਸਾਰੀ ਦੁਨੀਆ ਸੁਣ ਲਵੇ ਅਤੇ ਉਸ ਉੱਤੇ ਅਮਲ ਕਰੇ। ਪਵਿੱਤਰ ਹਿਰਦਾ ਉਜਲ ਜੀਵਨ ਗੁਰਮਤਿ ਦੇ ਧਾਰਨੀ ਗੁਰਸ਼ਬਦ ਵਿਚ ਅਭੇਦ ਹੋਏ ਭਾਈ ਸਾਹਿਬ ਫਰਮਾਉਂਦੇ ਹਨ ਕਿ ਮੈਂ ਅਪਰਾਧੀ ਹਾਂ, ਗੁਨਾਹਗਾਰ ਹਾਂ, ਮੈਂ ਬੇਮੁਖ ਹਾਂ, ਮੰਦਾ ਹਾਂ, ਇਹ ਅਵਗੁਣ ਬੰਦਿਆਂ ਵਿਚ ਹੀ ਹਨ, ਕਿਸੇ ਜਾਨਵਰ ਨੂੰ ਤਾਂ ਅਸੀਂ ਬੇਮੁਖ ਨਹੀਂ ਕਹਿੰਦੇ। ਮਨੁੱਖ ਨੂੰ ਹੀ ਕਹਿੰਦੇ ਹਾਂ। ਚੋਰੀ ਯਾਰੀ ਮਨੁੱਖ ਹੀ ਕਰਦਾ ਹੈ, ਜੂਆ ਤੇ ਪਰਾਏ ਘਰਾਂ ਨੂੰ ਤੱਕਣਾ ਇਹ ਮਨੁੱਖ ਦੇ ਹਿੱਸੇ ਹੀ ਆਇਆ ਹੈ। ਨਿੰਦਾ ਕਰਨਾ, ਦੁਸ਼ਟਪੁਣਾ ਕਰਨਾ, ਹਰਾਮਖੋਰੀ ਕਰਨਾ, ਅਨੇਕਾਂ ਦੇਸ਼ਾਂ ਨੂੰ ਠੱਗਦਾ ਵਿਸ਼ਵਾਸ਼ਘਾਤੀ ਮਨੁੱਖ ਹੀ ਹੈ। ਕੁੱਤੇ ਨਾਲ ਨੇਕੀ ਕਰੋ ਤਾਂ ਨਹੀਂ ਭੁੱਲਦਾ। ਕਈਆਂ ਥਾਵਾਂ ਤੇ ਕੁਤਿਆਂ ਦੀਆਂ ਯਾਦਗਾਰਾਂ ਬਣੀਆਂ ਹਨ, ਜੋ ਆਪਣੇ ਮਾਲਕਾਂ ਨੂੰ ਉਡੀਕਦੇ ਮਰ ਗਏ ਹਨ। ਪਰ ਬੰਦਾ ਅਕ੍ਰਿਤਘਣ ਹੈ, ਕੁੱਤੇ ਨੂੰ ਰੱਖਣ ਵਾਲੇ ਬਹੁਤ ਹਨ। ਅਕ੍ਰਿਤਘਣ ਨੂੰ ਕੌਣ ਰੱਖਦਾ ਹੈ। ਹੇ ਸਿੱਖ ਮੁਰੀਦ, ਤੂੰ ਗੁਰੂ ਦੇ ਗੁਣ ਗਾਉਣ ਵਾਲਾ ਢਾਡੀ ਹੈਂ। ਹੇ ਢਾਡੀ, ਆਪਣੇ ਗੁਰੂ ਨੂੰ ਯਾਦ ਕਰ, ਉਹੀ ਤੈਨੂੰ ਬਾਖ਼ਸ਼ਣ ਵਾਲਾ ਹੈ। ਭਾਈ ਸਾਹਿਬ ਦੀ ਪਉੜੀ ਦਾ ਭਾਵ ਅੱਗੇ ਲਿਖਿਆ ਹੈ :

ਹੇ ਮਨੁੱਖ, ਅਸੀਂ ਉਸਦੇ ਢਾਡੀ ਬਣ ਕੇ ਉਸਦੇ ਗੁਣ ਗਾਉਣੇ ਹਨ। ਉਸਦੀ ਬਖਸ਼ਿਸ਼ ਤੇ ਟੇਕ ਰਖਣੀ ਹੈ। ਸਾਡੀ ਬੰਦਗੀ ਕੀ ਹੈ? ਉਸਦੀ ਸਿਫਤ ਸਲਾਹ, ਭਾਵੇਂ ਕਿੱਡਾ ਵੱਡਾ ਅਵਗੁਣਆਰਾ ਹੋਵੇ, ਸਤਿਗੁਰ ਉਸ ਨੂੰ ਬਖਸ਼ਦੇ ਹਨ। ਜੇ ਉਹ ਪ੍ਰਮਾਤਮਾ ਦੀ ਸਿਫਤ ਸਲਾਹ ਕਰੇ ਤੇ ਬਖਸ਼ਿਸ਼ ਦੀ ਟੇਕ ਰਖੇ।

ਭਾਈ ਗੁਰਦਾਸ ਜੀ ਦੀ ਪਉੜੀ ਇਸ ਤਰ੍ਹਾਂ ਹੈ :

*ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।*
*ਚੋਰ ਜਾਰ ਜੂਆਰ ਹਉ ਪਰ ਘਰ ਜੋਹੰਦਾ।*
*ਨਿੰਦਕ ਦੁਸ਼ਟ ਹਰਾਮ ਖੋਰ ਠਗ ਦੇਸ਼ ਠਗੰਦਾ।*
*ਕਾਮ ਕ੍ਰੋਧ ਮਦ ਲੋਭ ਮੋਹ ਅਹੰਕਾਰ ਕਰੰਦਾ।*
*ਬਿਸਵਾਸ਼ ਘਾਤੀ ਅਕ੍ਰਿਤਘਣ ਮੈ ਕੋ ਨਾ ਰਖੰਦਾ।*
*ਸਿਮਰ ਮੁਰੀਦਾ ਢਾਡੀਆ ਸਤਿਗੁਰ ਬਖਸ਼ੰਦਾ।*

ਭਾਈ ਨੰਦ ਲਾਲ ਜੀ ਦਾ ਵੀ ਇਹੀ ਵਿਚਾਰ ਹੈ। ਭਾਈ ਸਾਹਿਬ ਜੀ ਫਰਮਾਉਂਦੇ ਹਨ ਕਿ ਜੇ ਮੈਂ ਆਪਣੀ ਬੰਦਗੀ ਦੀ ਟੇਕ ਬਣਾਵਾਂ ਤਾਂ ਬੰਦਗੀ ਮੈਂ ਕੀਤੀ ਹੋਈ ਨਹੀਂ। ਉਨ੍ਹਾਂ ਦਾ ਭਾਵ ਹੈ ਕਿ ਜਦੋਂ ਬੰਦਗੀ ਨਾਲ ਮੈਂ ਜੁੜ ਜਾਏਗੀ ਕਿ ਮੈਂ ਕੀਤੀ ਤਾਂ ਫਿਰ ਬੰਦਗੀ ਉਸੇ ਵੇਲੇ ਹੀ ਖਤਮ ਹੋ ਗਈ ਸਮਝੋ। ਜੋ ਮੈਂ ਕੀਤਾ ਹੈ, ਉਸ ਨਾਲ ਹੰਕਾਰ ਜੁੜ ਗਿਆ, ਜਿਸ ਚੀਜ਼ ਨਾਲ ਵੀ ਹੰਕਾਰ ਜੋੜ ਕੇ ਰੱਬ ਦੇ ਅੱਗੇ ਰਖਾਂਗੇ, ਉਸ ਨੂੰ ਰੱਬ ਨੇ ਪ੍ਰਵਾਨ ਨਹੀਂ ਕਰਨਾ। ਉਹ ਕਹਿੰਦੇ ਹਨ, ਮੈਂ ਕਹਾਂ ਮੈਂ ਤੱਪ ਕੀਤਾ ਹੈ, ਜਪ ਕੀਤਾ ਹੈ, ਘਾਲਣਾ ਘਾਲੀ ਹੈ, ਐਸਾ ਮੈਂ ਕੁਝ ਵੀ ਨਹੀਂ ਕੀਤਾ। ਬੱਸ ਇਕ ਟੇਕ ਲੈ ਕੇ ਬੈਠੇ ਹਾਂ ਕਿ ਜੇ ਮੈਂ ਬੜਾ ਗੁਨਾਹਗਾਰ ਹਾਂ, ਤਾਂ ਤੂੰ ਬਹੁਤ ਵੱਡਾ ਬਖਸ਼ੰਦ ਹੈ :

ਜੇ ਅਸੀਂ ਭੁੱਲਣਹਾਰ ਹਾਂ ਉਹ ਬਖਸ਼ਣਹਾਰ ਹੈ, ਭਾਈ ਸਾਹਿਬ ਲਿਖਦੇ ਹਨ :

*ਮਾ ਨਮੇ ਲਾਫੇਮ ਅਜ਼ ਜ਼ੁਹਦੋ ਰਿਆ।*
*ਗਰ ਗੁਨਾਹ ਗਾਰੇਮ, ਹਕ ਬਖਸ਼ੰਦਾ ਅਸਤ।*

ਭਾਈ ਗੁਰਦਾਸ ਜੀ ਸਤਿਗੁਰੂ ਨਾਨਕ ਦੇਵ ਜੀ ਨੂੰ ਵੇਖਦੇ ਹਨ, ਉਨ੍ਹਾਂ ਦੀ ਬਾਣੀ ਰਾਹੀਂ ਉਨ੍ਹਾਂ ਦੇ ਜੀਵਨ ਬ੍ਰਿਤਾਂਤ ਰਾਹੀਂ, ਤੇ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜਗਤ ਦੇ ਗੁਰੂ ਹਨ। ਇਕ ਫਿਰਕੇ ਦੇ ਗੁਰੂ ਨਹੀਂ। ਉਹ ਤਾਂ ਜਗਤ ਦੇ ਗੁਰੂ ਹਨ। ਪ੍ਰੱਤਖ ਹੀ ਮੁਸਲਮਾਨ ਉਨ੍ਹਾਂ ਨੂੰ ਪੀਰ ਮੰਨਦੇ ਹਨ, ਹਿੰਦੂ ਗੁਰੂ ਮੰਨਦੇ ਹਨ, ਜ਼ਾਹਰ ਪੀਰ ਜਗਤ ਗੁਰ ਬਾਬਾ, ਅਤੇ ਕਹਿੰਦੇ ਹਨ :

*ਜਗਤ ਗੁਰੂ ਗੁਰ ਨਾਨਕ ਦੇਉ।*

ਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿਚ ਉਹ ਪਿਆਰ ਸੀ ਜੋ ਸਮੁੱਚੀ ਮਨੁੱਖਤਾ ਵਾਸਤੇ ਸੀ। ਉਨ੍ਹਾਂ ਉਪਦੇਸ਼ ਦੇਣ ਲੱਗਿਆਂ ਇਹ ਵਿਤਕਰਾ ਨਹੀਂ ਰੱਖਿਆ ਕਿ ਕਿਹੜਾ ਆਪਣਾ ਹੈ, ਕਿਹੜਾ ਬੇਗਾਨਾ ਹੈ। ਉਨ੍ਹਾਂ ਦੀ ਨਜ਼ਰ ਵਿਚ ਭੁੱਖਾ ਸਿਰਫ ਭੁੱਖਾ ਸੀ, ਪਿਆਸਾ ਸਿਰਫ ਪਿਆਸਾ ਸੀ, ਬਿਮਾਰ ਸਿਰਫ ਬਿਮਾਰ ਸੀ, ਇਹ ਸਾਰੇ ਸੇਵਾ ਤੇ ਹਮਦਰਦੀ ਦੇ ਪਾਤਰ ਹਨ। ਭੁੱਖਾ ਹਿੰਦੂ ਜਾਂ ਮੁਸਲਮਾਨ, ਪਿਆਸਾ ਹਿੰਦੂ ਜਾਂ ਮੁਸਲਮਾਨ, ਬਿਮਾਰ ਹਿੰਦੂ ਜਾਂ ਮੁਸਲਮਾਨ, ਇਹ ਫਰਕ ਉਨ੍ਹਾਂ ਦੇ ਮਨ ਵਿਚ ਨਹੀਂ ਸੀ। ਬੰਦਾ ਸਿਰਫ ਬੰਦਾ ਸੀ। ਜਿਵੇਂ ਰੌਸ਼ਨੀ ਦਾ ਕਿਸੇ ਨਾਲ ਕੋਈ ਵਿਤਕਰਾ ਨਹੀਂ। ਜਿਵੇਂ ਸੁਗੰਧੀ ਦਾ ਕਿਸੇ ਨਾਲ ਕੋਈ ਵਿਤਕਰਾ ਨਹੀਂ ਜਿਵੇਂ ਹਵਾ ਦਾ ਕਿਸੇ ਨਾਲ ਕੋਈ ਵਿਤਕਰਾ ਨਹੀਂ। ਗੁਰੂ ਨਾਨਕ ਦੇਵ ਦਾ ਵੀ ਕਿਸੇ ਨਾਲ ਵਿਤਕਰਾ ਨਹੀਂ ਸੀ।

ਅਮੀਰ ਗਰੀਬ ਪੁੰਨੀ ਪਾਪੀ ਊਚ ਨੀਚ ਕਿਸੇ ਦੇਸ਼ ਕਿਸੇ ਜਾਤ ਦਾ ਹੋਵੇ, ਭੋਜਨ ਭੁੱਖ ਮੁਕਾਉਂਦਾ ਹੈ। ਪਾਣੀ ਹਰ ਇਕ ਦੀ ਪਿਆਸ ਬੁਝਾਉਂਦਾ ਹੈ ਅਤੇ ਦੁਆਈ ਹਰ ਇਕ ਦਾ ਰੋਗ ਠੀਕ ਕਰਦੀ ਹੈ। ਰੌਸ਼ਨੀ ਹਰ ਇਕ ਨੂੰ ਮਾਰਗ ਦਿਖਾਉਂਦੀ ਹੈ, ਸੁਗੰਧੀ ਹਰ ਇਕ ਨੂੰ ਸੁਗੰਧਤ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਹਰ ਇਕ ਮਨੁੱਖ ਦਾ ਭਲਾ ਕੀਤਾ ਹੈ, ਨਿਰਾ ਮਨੁੱਖ ਦਾ ਹੀ ਨਹੀਂ। ਸਾਰੇ ਜਗਤ ਦਾ ਭਲਾ ਲੋਚਿਆ ਹੈ।

*ਜਗਤ ਗੁਰੂ ਗੁਰ ਨਾਨਕ ਦੇਉ।*

ਭਾਈ ਨੰਦ ਲਾਲ ਜੀ ਵੀ ਐਸਾ ਵਿਚਾਰ ਦਿੰਦੇ ਹਨ ਕਿ ਪ੍ਰਮਾਤਮਾ ਨੇ ਆਪ ਇਹ ਗੱਲ ਆਖੀ ਕਿ ਗੁਰੂ ਨਾਨਕ ਦੇਵ ਕਿਸੇ ਇਕ ਫਿਰਕੇ ਲਈ ਨਹੀਂ। ਮੈਂ ਇਨ੍ਹਾਂ ਨੂੰ ਸਾਰੇ ਜਗਤ ਦੇ ਗੁਰੂ ਬਣਾ ਕੇ ਭੇਜ ਰਿਹਾ ਹਾਂ। ਸੂਰਜ ਦੇ ਹੁੰਦਿਆਂ ਕੋਈ ਬੰਦਾ ਅੱਖਾਂ ਬੰਦ ਕਰ ਲਵੇ, ਰੌਸ਼ਨੀ ਨਾ ਲਵੇ, ਇਹ ਉਸਦੀ ਗਲਤੀ ਹੈ। ਸੂਰਜ ਦਾ ਦੋਸ਼ ਨਹੀਂ। ਕਲਰੀ ਧਰਤੀ ਵਿਚ ਕੁਝ ਨਾ ਹੋਵੇ, ਇਹ ਬਰਸਾਤ ਦਾ ਦੋਸ਼ ਨਹੀਂ। ਗੁਰੂ ਨਾਨਕ ਸਭ ਦਾ ਹੈ, ਪਰ ਕੋਈ ਗੁਰੂ-ਸੂਰਜ ਦੇ ਹੁੰਦਿਆਂ ਹੀ ਅੱਖਾਂ ਬੰਦ ਕਰ ਛੱਡੇ। ਇਹ ਗੁਰੂ ਦਾ ਦੋਸ਼ ਨਹੀਂ। ਫਾਰਸੀ ਦੇ ਇਕ ਮਹਾਨ ਅਦੀਬ ਇਕਬਾਲ ਲਿਖਦੇ ਹਨ :

*ਸ਼ਮ੍ਹਾ-ਏ ਹੱਕ ਸੇ ਜੋ ਮੁੱਨਵਰ ਹੋ ਯੇ ਵੋਹ ਮਹਿਫਲ ਨਾ ਥੀ।*
*ਬਾਰਸ਼ੇ ਰਹਿਮਤ ਹੂਈ ਲੇਕਿਨ ਜ਼ਮੀਂ ਕਾਬਿਲ ਨਾ ਥੀ।*

ਇਕਬਾਲ ਦਾ ਐਸਾ ਖਿਆਲ ਹੈ ਕਿ ਗੁਰੂ ਨਾਨਕ ਇਕ ਸ਼ਮ੍ਹਾ ਦੀ ਤਰ੍ਹਾਂ ਸਨ ਪਰ ਜਿਨ੍ਹਾਂ ਨੇ ਉਹਨਾਂ ਦੀ ਸ਼ਮ੍ਹਾ ਨੂੰ ਵੇਖਕੇ ਅੱਖਾਂ ਬੰਦ ਕੀਤੀਆਂ ਸਨ, ਉਨ੍ਹਾਂ ਅੰਨ੍ਹਿਆਂ ਨੇ ਰੌਸ਼ਨੀ ਤੋਂ ਫਾਇਦਾ ਨਹੀਂ ਉਠਾਇਆ। ਰਹਿਮਤ ਦੀ ਬਰਸਾਤ ਤਾਂ ਹੋਈ ਹੈ ਪਰ ਜ਼ਮੀਨ ਹੀ ਕਲਰੀ ਸੀ, ਜਿਸ ਵਿਚ ਕੁਝ ਪੈਦਾ ਨਹੀਂ ਸੀ ਹੋ ਸਕਦਾ।

ਭਾਈ ਨੰਦ ਲਾਲ ਜੀ ਕਹਿੰਦੇ ਹਨ ਗੁਰੂ ਨਾਨਕ ਦੇਵ ਜੀ ਵਾਸਤੇ ਪ੍ਰਮਾਤਮਾ ਨੇ ਕਿਹਾ ਕਿ ਇਹ ਤਾਂ ਸਾਰੇ ਜਗਤ ਦੇ ਗੁਰੂ ਹਨ। ਮੁਕਤੀ ਦੇਣ ਵਾਲੇ ਹਨ ਅਤੇ ਰਹਿਮਤ ਕਰਨ ਵਾਲੇ ਗੁਰੂ ਹਨ :

*ਹੱਕਸ਼ ਗੁਫ਼ਤ ਖ਼ੁਦ ਮੁਰਸ਼ਦੁਲ ਆਲਮੀਂ।*
*ਨਿਜਾਤੁਲਵਰਾ ਰਹਿਮਤੁਲ ਮੁਜ਼ਨਬੀ।*

ਦੋਹਾਂ ਮਹਾਂਪੁਰਖਾਂ ਦੀ ਕਾਵਿ ਰਚਨਾ ਵਿਚ ਭਾਸ਼ਾ ਦਾ ਫਰਕ ਹੈ। ਕਾਵਿ ਰਚਨਾ ਦੀ ਵੰਨਗੀ ਵੱਖ ਵੱਖ ਹੈ। ਇਹ ਦੋਵੇਂ ਵਿਦਵਾਨ ਇਕ ਗੁਰੂ ਦੇ ਸਿੱਖ ਹਨ, ਦੋਵਾਂ ਦੇ ਸਿਧਾਂਤ ਇਕ ਹਨ ਕਿਉਂਕਿ ਦੋਵੇਂ ਹੀ ਗੁਰਮਤੀਏ ਹਨ। ਦੋਵੇਂ ਹੀ ਸਿੱਖ ਹਨ। ਦੋਵੇਂ ਇਕ ਅਕਾਲ ਪੁਰਖ ਦੇ

ਵਿਸ਼ਵਾਸ਼ੀ ਹਨ। ਦੋਵੇਂ ਹੀ ਸਤਿਗੁਰੂ ਦੀ ਸ਼ਰਣ ਵਿਚ ਹਨ। ਦੋਵੇਂ ਹੀ ਬਾਣੀ ਦੇ ਆਸਰੇ ਹਨ। ਗੁਰਬਾਣੀ ਦੀ ਸੇਧ ਲੈ ਕੇ ਚਲਦੇ ਹਨ। ਦੋਵੇਂ ਹੀ ਨਾਮ ਸਿਮਰਨ ਦੀ ਮਹਾਨਤਾ ਨੂੰ ਮੰਨਦੇ ਹਨ ਤੇ ਪ੍ਰਚਾਰਦੇ ਹਨ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੁਆਰਾ ਸਿੱਧ ਮੰਡਲੀ ਨੂੰ ਜਿੱਤ ਲਿਆ। ਆਪਣਾ ਪੰਥ, ਆਪਣਾ ਮਾਰਗ ਨਿਰਾਲਾ ਦੱਸਿਆ। ਭਾਵ ਇਹ ਸੀ ਕਿ ਅਸੀਂ ਸ਼ਬਦ ਦੇ ਆਸਰੇ ਹਾਂ, ਨਾਮ ਦੇ ਆਸਰੇ ਹਾਂ। ਤੁਸੀਂ ਰਿੱਧੀਆਂ ਸਿੱਧੀਆਂ ਦੇ ਆਸਰੇ ਹੋ। ਤੁਹਾਡੀਆਂ ਰਿੱਧੀਆਂ ਸਿੱਧੀਆਂ ਦੇ ਮਗਰ ਤੁਹਾਡੀ ਯੋਗ ਸਾਧਨਾਂ ਦਾ ਗੁਮਾਨ ਹੈ। ਸਾਡੇ ਨਾਮ ਸ਼ਬਦ ਦੇ ਮਗਰ ਪ੍ਰਮਾਤਮਾ ਦੀ ਬਖਸ਼ਿਸ਼ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ, ਸਿੱਧਾਂ ਨੂੰ ਕਹਿ ਦਿੱਤਾ, ਤੁਸੀਂ ਆਪਣੇ ਆਸਰੇ ਹੋ। ਅਸੀਂ ਪ੍ਰਮਾਤਮਾ ਦੇ ਆਸਰੇ ਹਾਂ :

*ਸ਼ਬਦ ਜਿਤੀ ਸਿੱਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ*
*ਕਲਜੁਗਿ ਨਾਨਕ ਨਾਮ ਸੁਖਾਲਾ।*

ਜਿੱਥੇ ਭਾਈ ਗੁਰਦਾਸ ਜੀ ਨਾਮ ਦੀ ਏਨੀ ਮਹਿਮਾ ਦੱਸਦੇ ਹਨ ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਆਸਮਾਂ ਜ਼ਿਮੀਂ ਉੱਪਰ ਸਿਰ ਰੱਖ ਕੇ ਸਜਦੇ ਕਰਦਾ ਹੈ। ਆਸਮਾਨ ਝੁਕਿਆ ਨਜ਼ਰ ਆਉਂਦਾ ਹੈ। ਇਹ ਸਜਦੇ ਇਸ ਲਈ ਕਰਦਾ ਰਹਿੰਦਾ ਹੈ ਕਿ ਇਸ ਧਰਤੀ ਤੇ ਹਰ ਵੇਲੇ ਨਾਮ ਸਿਮਰਨ ਵਾਲੇ ਬੰਦੇ ਹੁੰਦੇ ਹਨ। ਆਸਮਾਨ ਇਸ ਲਈ ਸੱਜਦੇ ਨਹੀਂ ਕਰਦਾ ਕਿ ਧਰਤੀ ਵਿਚ ਸੋਨਾ, ਚਾਂਦੀ, ਹੀਰੇ ਹਨ ਜਾਂ ਧਰਤੀ ਬਨਾਸਪਤੀ ਤੇ ਅਨਾਜ ਬੜਾ ਪੈਦਾ ਕਰਦੀ ਹੈ। ਧਰਤੀ ਨੂੰ ਆਸਮਾਨ ਇਸ ਲਈ ਝੁਕਦਾ ਹੈ ਕਿ ਸਿਮਰਨ ਕਰਨ ਵਾਲੇ ਧਰਤੀ ਤੇ ਬੈਠ ਕੇ ਸਿਮਰਨ ਕਰਦੇ ਹਨ। ਭਾਈ ਸਾਹਿਬ ਲਿਖਦੇ ਹਨ :

*ਆਸਮਾਂ ਸਜਦਾ ਕੁਨੰਦ, ਪੇਸ਼ੇ ਜ਼ਮੀ ਕਿ ਬਰੂ ਊ।*
*ਯਕ ਦੋ ਨਫਸ ਅਜ਼ ਪੈ ਜ਼ਿਕਰਿ ਖ਼ੁਦਾ ਬਿ ਨਸ਼ੀਂਨਦ।*

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਹੜਾ ਬੰਦਾ ਆਪ ਭਲਾ

ਹੈ, ਉਸ ਨੂੰ ਸਾਰਾ ਜਗਤ ਹੀ ਭਲਾ ਨਜ਼ਰ ਆਉਂਦਾ ਹੈ। ਜਿਹੜਾ ਬੁਰਾ ਹੈ, ਉਸ ਨੂੰ ਸਾਰਾ ਜਗਤ ਹੀ ਬੁਰਾ ਨਜ਼ਰ ਆਉਂਦਾ ਹੈ। ਅਸਲ ਵਿਚ ਬਾਹਰ ਬੰਦਾ ਆਪਣੇ ਹੀ ਮਨ ਦਾ ਪ੍ਰਤਿਬਿੰਬ ਵੇਖਦਾ ਹੈ। ਇਕ ਕਥਾ ਹੈ ਕਿ ਇਕ ਵਾਰ ਇਕ ਪਹਾੜੀ ਤੇ ਚੜ੍ਹਿਆਂ ਕਿਸੇ ਬੰਦੇ ਨੇ ਖੜਾਕ ਸੁਣਿਆ ਤੇ ਡਰ ਗਿਆ ਤੇ ਡਰ ਮੁਕਾਉਣ ਲਈ ਉੱਚੀ ਆਵਾਜ਼ ਵਿਚ ਕਹਿਣ ਲੱਗਾ, ਮੈਂ ਤੈਨੂੰ ਮਾਰ ਦਿਆਂਗਾ। ਅੱਗੋਂ ਕਈ ਗੁਣਾ ਜ਼ਿਆਦਾ ਆਵਾਜ਼ ਆਈ, ਮੈਂ ਤੈਨੂੰ ਮਾਰ ਦਿਆਂਗਾ। ਇਹ ਹੋਰ ਡਰ ਗਿਆ ਫਿਰ ਕਹਿਣ ਲੱਗਾ, ਮੇਰੀ ਤੇਰੀ ਕੋਈ ਦੁਸ਼ਮਣੀ ਨਹੀਂ। ਅੱਗੋਂ ਵੀ ਆਵਾਜ਼ ਆਈ, ਮੇਰੀ ਤੇਰੀ ਕੋਈ ਦੁਸ਼ਮਣੀ ਨਹੀਂ। ਫਿਰ ਇਸ ਨੇ ਕਿਹਾ, ਆ ਅਸੀਂ ਮਿੱਤਰ ਬਣ ਜਾਈਏ। ਅਗੋਂ ਵੀ ਆਵਾਜ਼ ਆਈ, ਆ ਅਸੀਂ ਮਿੱਤਰ ਬਣ ਜਾਈਏ। ਇਸਦਾ ਡਰ ਮੁਕ ਗਿਆ, ਐਸੀ ਹੀ ਸੰਸਾਰ ਦੀ ਹਾਲਤ ਹੈ, ਜੋ ਦੇਂਦੇ ਹਾਂ ਉਹੀ ਵਾਪਸ ਆਉਂਦਾ ਹੈ।

ਭਾਈ ਸਾਹਿਬ ਕਹਿੰਦੇ ਹਨ :

*ਆਪ ਭਲਾ ਸਭ ਜਗ ਭਲਾ।*
*ਭਲਾ ਭਲਾ ਸਭ ਜਗ ਕਰ ਵੇਖੇ।*
*ਆਪ ਬੁਰਾ ਸਭ ਜਗ ਬੁਰਾ।*
*ਸਭ ਕੋ ਬੁਰਾ ਬੁਰੇ ਦੇ ਲੇਖੇ।*

ਭਾਈ ਨੰਦ ਲਾਲ ਜੀ ਵੀ ਐਸਾ ਖਿਆਲ ਦੇਂਦੇ ਹਨ।

ਕਹਿੰਦੇ ਹਨ, ਮੇਰ ਤੇਰ ਦੁਜ਼ਾਇਗੀਆਂ ਤੋਂ ਅੱਗੇ ਨਿਕਲ ਜਾ ਤੇ ਤੂੰ ਆਪਣੇ ਆਪ ਦਾ ਵਾਕਫ ਹੋ, ਜਿਹੜਾ ਬੰਦਾ ਆਪਣੇ ਆਪ ਤੋਂ ਵਾਕਫ ਹੈ, ਉਹ ਖ਼ੁਦਾ ਤੋਂ ਨਾ-ਵਾਕਫ਼ ਨਹੀਂ। ਖ਼ੁਦਾ ਉਸ ਲਈ ਬੇਗਾਨਾ ਨਹੀਂ:

*ਬਿਗੁਜ਼ਰ ਅਜ਼ ਬੇਗਾਨਗੀ ਹਾ, ਊ ਬਾਖ਼ੁਦ ਸ਼ੌ ਆਸ਼ਨਾ।*
*ਹਰ ਕਿ ਬਾਖ਼ੁਦ ਆਸ਼ਨਾ ਸ਼ੁਦ, ਅਜ਼ ਖ਼ੁਦਾ ਬੇਗਾਨਾ ਨੇਸਤ।*

ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੋ ਦੀਵੇ ਹਨ, ਜਿਨ੍ਹਾਂ ਦੀ ਜੋਤ ਇਕ ਹੈ, ਉਹ ਜੋਤ ਹੈ :

*ਗੁਰ ਮਹਿਮਾ ਗੁਰ ਭਗਤੀ।*

# 22

ਇਕ ਦੀਵਾ ਜਦੋਂ ਦੂਸਰੇ ਦੀਵੇ ਤੋਂ ਜਗ ਜਾਂਦਾ ਹੈ ਤਾਂ ਦੋਵੇਂ ਬਰਾਬਰ ਹੋ ਜਾਂਦੇ ਹਨ। ਜਦੋਂ ਤੱਕ ਇਕ ਦੀਵਾ ਜਗਦਾ ਸੀ ਤੇ ਦੂਸਰਾ ਬੁਝਿਆ ਸੀ, ਦੋਹਾਂ ਵਿਚ ਫਰਕ ਇਹ ਸੀ ਕਿ ਇਕ ਦੀਵਾ ਜਗਦਾ ਹੈ, ਦੂਸਰਾ ਬੁਝਿਆ ਹੈ, ਪਰ ਜਦੋਂ ਜਗ ਜਾਏ ਤਾਂ ਇਹ ਫਰਕ ਨਹੀਂ ਰਹਿੰਦਾ। ਜੇਕਰ ਪਹਿਲਾ ਦੀਵਾ ਇਹ ਕਹੇ ਕਿ ਤੂੰ ਮੇਰੇ ਕਾਰਨ ਜਗਿਆ ਹੈਂ ਤਾਂ ਐਸਾ ਉਹ ਕਹਿ ਸਕਦਾ ਹੈ, ਪਰ ਇਹ ਇਨਸਾਫ਼ ਨਹੀਂ ਹੋਵੇਗਾ ਕਿਉਂਕਿ ਪਹਿਲਾ ਦੀਵਾ ਵੀ ਆਖ਼ਰ ਕਿਸੇ ਦੀਵੇ ਤੋਂ ਜਗਿਆ ਹੈ। ਐਸਾ ਹੁੰਦਾ ਰਿਹਾ ਹੈ ਅਤੇ ਅੱਜ ਵੀ ਹੋ ਰਿਹਾ ਹੈ। ਇਕ ਬੰਦਾ ਕਿਸੇ ਹੁਨਰ ਵਿਚ ਉੱਨਤੀ ਕਰ ਜਾਏ, ਕੋਈ ਬੰਦਾ ਵਿੱਦਿਆ ਵਿਚ ਉੱਨਤੀ ਕਰ ਜਾਏ, ਕੋਈ ਮਨੁੱਖ ਧਨ ਕਰਕੇ ਉੱਨਤੀ ਕਰ ਜਾਏ, ਕੁਝ ਬੰਦੇ ਐਸੇ ਹੁੰਦੇ ਹਨ ਜਿਨ੍ਹਾਂ ਉਸ ਦੀ ਕੁਝ ਸਹਾਇਤਾ ਕੀਤੀ ਹੁੰਦੀ ਹੈ, ਉਹ ਉਸ ਦਾ ਪਿੱਛਾ ਨਹੀਂ ਛੱਡਦੇ। ਉਨ੍ਹਾਂ ਦੀ ਜ਼ਬਾਨ ਤੇ ਹਮੇਸ਼ਾ ਹੀ ਇਹ ਗੱਲਾਂ ਰਹਿੰਦੀਆਂ ਹਨ ਕਿ ਇਸ ਨੂੰ ਕੌਣ ਜਾਣਦਾ ਸੀ, ਇਹ ਗੁਣਵਾਨ ਮੇਰੇ ਕਾਰਨ ਹੈ, ਇਹ ਧਨਵਾਨ ਮੇਰੇ ਕਾਰਨ ਹੈ। ਉਨ੍ਹਾਂ ਨੂੰ ਇਹ ਭੁੱਲ ਹੀ ਜਾਂਦਾ ਹੈ ਕਿ ਦ੍ਰੋਣਾਚਾਰੀਆ ਜੰਗਲ ਵਿਚ ਹਨ ਤੇ ਅਚਾਨਕ ਹੀ ਇਕ ਭੀਲਾਂ ਦਾ ਲੜਕਾ ਜਿਸ ਦਾ ਨਾਂ ਸੀ ਏਕਲਵਯ, ਮਿਲਦਾ ਹੈ ਤੇ ਪ੍ਰਾਰਥਨਾ ਕਰਦਾ ਹੈ ਕਿ ਅਚਾਰੀਆ, ਮੈਨੂੰ ਵੀ ਤੀਰ ਚਲਾਉਣਾ ਸਿਖਾ ਦੇਵੋ, ਅਚਾਰੀਆ ਕਹਿੰਦਾ ਹੈ, ਤੂੰ ਤਾਂ ਭੀਲ ਹੈਂ, ਸ਼ੂਦਰ ਹੈਂ, ਮੈਂ ਸਿਰਫ ਰਾਜਪੁੱਤਰਾਂ ਛਤ੍ਰੀਆਂ ਨੂੰ ਹੀ ਸਿਖਾਉਂਦਾ ਹਾਂ, ਤੂੰ ਅਧਿਕਾਰੀ ਨਹੀਂ। ਵਿਚਾਰਾ ਭੀਲਾਂ ਦਾ ਬੱਚਾ ਚੁੱਪ ਕਰਕੇ ਪੈਰੀਂ

ਹੱਥ ਲਾ ਕੇ ਚਲਾ ਜਾਂਦਾ ਹੈ। ਉਹ ਜਾ ਕੇ ਦ੍ਰੋਣਾਚਾਰੀਆ ਦੀ ਮੂਰਤ ਬਣਾਉਂਦਾ ਹੈ ਤੇ ਉਸਦੇ ਸਾਹਮਣੇ ਤੀਰ ਚਲਾਉਣ ਦਾ ਅਭਿਆਸ ਕਰਦ ਹੈ। ਉਹ ਇੰਨਾ ਚੰਗਾ ਤੀਰਅੰਦਾਜ਼ ਹੋ ਗਿਆ ਕਿ ਇਕ ਦਿਨ ਪਾਂਡਵ ਨੇ ਵੇਖਿਆ ਤੇ ਹੈਰਾਨ ਹੋ ਗਏ ਤੇ ਉਨ੍ਹਾਂ ਅੰਦਾਜ਼ਾ ਲਗਾ ਲਿਆ ਕਿ ਜੇ ਕਿਤੇ ਮੁਕਾਬਲਾ ਹੋ ਗਿਆ ਤਾਂ ਅਵੱਸ਼ ਹੀ ਅਰਜਨ ਹਾਰ ਜਾਏਗ ਤੇ ਏਕਲਵਯ ਜਿੱਤੇਗਾ। ਬੱਸ ਫਿਰ ਕੀ ਸੀ ਦ੍ਰੋਣਾਚਾਰੀਆ ਜਾ ਪਹੁੰਚੇ ਤੇ ਕਿਹਾ, ਬੇਟਾ ਤੇਰਾ ਉਸਤਾਦ ਕੌਣ ਹੈ। ਉਸ ਨੇ ਕਿਹਾ, ਸਭ ਆਪ ਜੀ ਦੀ ਕ੍ਰਿਪਾ ਹੈ, ਤੁਹਾਡੀ ਮੂਰਤੀ ਸਾਹਮਣੇ ਰੱਖ ਕੇ ਹੀ ਅਭਿਆਸ ਕਰਦਾ ਰਿਹਾ ਹਾਂ। ਉਸ ਨੇ ਸਿਰ ਝੁਕਾਇਆ ਤੇ ਕਿਹਾ, ਮੈਂ ਤੀਰ ਚਲਾ ਕੇ ਵਿਖਾਉਂਦਾ ਹਾਂ, ਜੇ ਕੋਈ ਕਮੀ ਹੋਵੇ ਤਾਂ ਦੱਸਣਾ, ਆਪ ਦੀ ਬਹੁਤ ਹੀ ਕ੍ਰਿਪਾ ਹੋਵੇਗੀ। ਜਦੋਂ ਉਸ ਨੇ ਤੀਰ ਚਲਾਇਆ ਤਾਂ ਅਚਾਰੀਆ ਹੈਰਾਨ ਹੋ ਗਿਆ, ਉਸ ਨੇ ਸ਼ਾਬਾਸ਼ ਦਿੱਤੀ ਤੇ ਕਿਹਾ, ਬੇਟਾ ਤੂੰ ਜੇ ਮੈਨੂੰ ਗੁਰੂ ਮੰਨਦਾ ਹੈਂ ਤਾਂ ਤੂੰ ਮੈਨੂੰ ਗੁਰਦਛਣਾ ਤਾਂ ਦਿੱਤੀ ਕੋਈ ਨਹੀਂ। ਬੱਚਾ ਬੜਾ ਹੀ ਭਾਵੁਕ ਸੀ, ਉਸਨੇ ਕਿਹਾ ਮੇਰੇ ਧੰਨਭਾਗ ਹਨ, ਪਰ ਮੇਰੇ ਕੋਲ ਕੁਝ ਨਹੀਂ, ਮੈਂ ਜੰਗਲ ਵਿਚ ਰਹਿਣ ਵਾਲਾ ਭੀਲਾਂ ਦਾ ਬੱਚਾ ਹਾਂ, ਕੋਈ ਪੈਸਾ ਕੋਲ ਨਹੀਂ। ਮੈਂ ਆਪਣਾ ਆਪਾ ਹੀ ਭੇਂਟ ਕਰਦਾ ਹਾਂ। ਅਚਾਰੀਆ ਨੇ ਕਿਹਾ, ਨਹੀਂ ਸਾਰਾ ਆਪਣਾ ਆਪਾ ਨਹੀਂ, ਸਿਰਫ ਸੱਜੇ ਹੱਥ ਦਾ ਅੰਗੂਠਾ ਹੀ ਮੈਨੂੰ ਚਾਹੀਦਾ ਹੈ। ਉਸ ਬੱਚੇ ਨੇ ਜ਼ਰਾ ਨਹੀਂ ਸੋਚਿਆ ਕਿ ਮੇਰੇ ਨਾਲ ਛੱਲ ਹੋ ਰਿਹਾ ਹੈ, ਇਹ ਉਹ ਬੰਦਾ ਹੈ ਜਿਸ ਨੇ ਮੈਨੂੰ ਅਣਅਧਿਕਾਰੀ ਕਹਿ ਕੇ ਜਵਾਬ ਦੇ ਦਿੱਤਾ ਸੀ। ਉਸ ਗਰੀਬ ਲਈ ਇੰਨਾ ਹੀ ਬਹੁਤ ਸੀ ਕਿ ਅਚਾਰੀਆ ਮੇਰੇ ਪਾਸ ਆਏ ਹਨ ਜੋ ਰਾਜਪੁੱਤਰਾਂ ਦੇ ਉਸਤਾਦ ਹਨ, ਇਨ੍ਹਾਂ ਮੈਨੂੰ ਆਪਣਾ ਸ਼ਿਸ਼ ਪਰਵਾਨ ਕਰ ਲਿਆ ਹੈ। ਉਸ ਨੇ ਬਿਨਾਂ ਸੋਚੇ ਸਮਝੇ ਆਪਣੇ ਸੱਜੇ ਹੱਥ ਦਾ ਅੰਗੂਠਾ ਕੱਟਿਆ ਤੇ ਅਚਾਰੀਆ ਦੀ ਭੇਂਟ ਕਰ ਦਿਤਾ। ਫਿਰ ਅੱਗੇ ਕਿਤੇ ਐਸਾ ਲਿਖਿਆ ਮੈਂ ਨਹੀਂ ਪੜ੍ਹਿਆ ਕਿ ਅਚਾਰੀਆ ਫਿਰ ਵੀ ਉੱਥੇ ਗਿਆ ਹੋਵੇ। ਅਸਲ ਵਿਚ ਅੰਗੂਠਾ ਲੈ ਕੇ ਹੀ ਅਚਾਰੀਆ ਦਾ ਮਸਲਾ ਹੱਲ ਹੋ ਗਿਆ ਸੀ, ਨਹੀਂ ਤਾਂ ਉਹ ਜ਼ਰੂਰ

ਹੀ ਏਕਲਵਯ ਦੀ ਜਾਨ ਵੀ ਲੈ ਲੈਂਦਾ। ਹੁਣ ਅਚਾਰੀਆ ਨੂੰ ਉਸ ਨਾਲ ਕੋਈ ਵਾਸਤਾ ਨਹੀਂ ਸੀ, ਉਹ ਬੇਕਾਰ ਹੋ ਚੁੱਕਾ ਸੀ, ਅੰਗੂਠੇ ਤੋਂ ਬਿਨਾਂ ਤੀਰ ਕਿਵੇਂ ਚੱਲ ਸਕਦਾ ਸੀ। ਇਹ ਹਾਲਤ ਸੀ ਗੁਰੂਆਂ ਦੀ, ਜੋ ਕੁਝ ਸਿਖਾ ਦਿੱਤਾ ਫਿਰ ਉਸ ਤੇ ਐਸਾ ਕਬਜ਼ਾ ਹੋ ਜਾਂਦਾ ਸੀ, ਜਿਵੇਂ ਪਸ਼ੂ ਪੰਛੀਆਂ ਤੇ ਹੁੰਦਾ ਹੈ। ਅਹਿਸਾਨ ਕਰਨ ਵਾਲਾ ਬੰਦਾ ਸਮਝਦਾ ਸੀ ਕਿ ਜਿਸ ਦੇ ਸਿਰ ਮੈਂ ਅਹਿਸਾਨ ਕਰ ਦਿੱਤਾ ਹੈ, ਇਹ ਹੁਣ ਮੇਰਾ ਗੁਲਾਮ ਹੈ, ਮੈਂ ਇਸ ਦਾ ਭਲਾ ਕੀਤਾ ਹੈ। ਅਚਾਰੀਆ ਦ੍ਰੋਣ ਨੇ ਤਾਂ ਇਸ ਦਾ ਭਲਾ ਵੀ ਕੋਈ ਨਹੀਂ ਸੀ ਕੀਤਾ, ਇੱਥੋਂ ਤੱਕ ਕਿ ਅਸ਼ੀਰਵਾਦ ਵੀ ਕੋਈ ਨਹੀਂ ਦਿੱਤੀ। ਫਿਰ ਵੀ ਉਸ ਦੀ ਇਹ ਹਾਲਤ ਕਰ ਦਿੱਤੀ ਸੀ। ਜਿਹੜੇ ਕੁਝ ਭਲਾ ਕਰਦੇ ਸਨ, ਉਨ੍ਹਾਂ ਦੀ ਕੀ ਹਾਲਤ ਸੀ।

ਮੈਂ ਸੁਣਿਆ ਹੈ ਕਿ ਇਕ ਬੰਦਾ ਖੁਦਕੁਸ਼ੀ ਕਰਨ ਵਾਸਤੇ ਗਲ ਵਿਚ ਫਾਹੀ ਪਾਉਣ ਵਾਸਤੇ ਤਿਆਰ ਸੀ ਪਰ ਅਚਾਨਕ ਇਕ ਹੋਰ ਸੱਜਣ ਆ ਗਏ। ਦੌੜ ਕੇ ਉਸ ਨੇ ਉਸ ਦੇ ਹੱਥ ਵਿਚੋਂ ਰੱਸੀ ਖੋਹ ਲਈ। ਸਮਝਾ ਬੁਝਾ ਕੇ ਵਾਪਸ ਲੈ ਆਇਆ, ਪਰ ਮੁਸ਼ਕਲ ਇਹ ਬਣੀ ਕਿ ਰੋਜ਼ਾਨਾ ਹੀ ਉਸ ਨੂੰ ਕਹੇ ਕਿ ਵੇਖ ਜੇ ਮੈਂ ਤੈਨੂੰ ਨਾ ਬਚਾਉਂਦਾ ਤਾਂ ਅੱਜ ਤੂੰ ਸੰਸਾਰ ਤੇ ਕਿਵੇਂ ਹੁੰਦਾ। ਜਿੱਥੇ ਚਾਰ ਸੱਜਣ ਇਕੱਠੇ ਹੋਣ, ਉੱਥੇ ਹੀ ਇਹੋ ਜ਼ਿਕਰ ਛੇੜ ਦੇਵੇ। ਉਹ ਸੁਣ ਸੁਣ ਕੇ ਤੰਗ ਆ ਗਿਆ। ਇਕ ਦਿਨ ਉਸ ਨੂੰ ਫੜ ਕੇ ਉਸੇ ਥਾਂ ਤੇ ਲੈ ਆਇਆ ਤੇ ਉਸੇ ਰੁਖ ਨਾਲ ਰੱਸੀ ਬੰਨ੍ਹ ਦਿੱਤੀ ਤੇ ਕਹਿਣ ਲੱਗਾ ਕਿ ਮਿੱਤਰਾ, ਜਾਂ ਤਾਂ ਇਹ ਰੱਸੀ ਤੂੰ ਆਪਣੇ ਗਲ ਵਿਚ ਫਾਹ ਲੈ ਤੇ ਮੈਂ ਤੈਨੂੰ ਬਚਾਵਾਂ ਤੇ ਉਹ ਬਦਲਾ ਮੁਕ ਜਾਏ ਜਾਂ ਫਿਰ ਮੈਂ ਇਕ ਵਾਰ ਫਿਰ ਆਪਣੇ ਗਲ ਵਿਚ ਰੱਸੀ ਪਾ ਲੈਂਦਾ ਹਾਂ ਜਾਂ ਤੂੰ ਜਿਵੇਂ ਉਤਾਰੀ ਸੀ, ਆਪ ਹੀ ਆਪਣੇ ਹੱਥੀਂ ਮੇਰੇ ਗਲ ਵਿਚ ਪਾ ਦੇ, ਫਿਰ ਮੈਂ ਭਾਵੇਂ ਮਰਾਂ ਭਾਵੇਂ ਬਚਾਂ ਤੂੰ ਇਥੋਂ ਚਲਾ ਜਾ। ਜਿਸ ਹਾਲਤ ਵਿਚੋਂ ਤੂੰ ਮੈਨੂੰ ਬਚਾਇਆ ਸੀ, ਠੀਕ ਉਸੇ ਹਾਲਤ ਵਿਚ ਮੈਨੂੰ ਛੱਡ ਜਾ। ਉਸ ਨੇ ਪੁੱਛਿਆ ਕਿ ਇਸ ਦਾ ਕਾਰਨ ਕੀ ਹੈ? ਉਸ ਸੱਜਣ ਨੇ ਕਿਹਾ, ਤੇਰੇ ਰੋਜ਼ ਰੋਜ਼ ਮਾਰਨ ਨਾਲੋਂ ਮੈਨੂੰ ਇਕ ਦਿਨ ਹੀ ਮਰ ਜਾਣਾ ਚੰਗਾ

ਹੈ, ਤੂੰ ਤਾਂ ਮੇਰਾ ਜਿਊਣਾ ਹਰਾਮ ਕਰ ਦਿੱਤਾ ਹੈ। ਸੱਚ ਹੈ ਕਿ ਜ਼ਮੀਰ ਵਾਲੇ ਬੰਦੇ ਵਾਸਤੇ ਇਸ ਜਿਊਣ ਨਾਲੋਂ ਮਰ ਜਾਣਾ ਚੰਗਾ ਹੈ। ਇਕ ਵਾਰ ਪਹਿਲਾਂ ਮੈਂ ਮਰਨ ਲੱਗਾਂ ਸਾਂ, ਕਿਉਂਕਿ ਮੈਂ ਦੁਖੀ ਸੀ, ਇਕ ਵਾਰ ਫਿਰ ਤੂੰ ਮੈਨੂੰ ਮਰਨ ਲਈ ਮਜ਼ਬੂਰ ਕਰ ਦਿਤਾ ਹੈ। ਇਹ ਗੱਲ ਸੁਣੀ ਤਾਂ ਉਹ ਬੰਦਾ ਬੜਾ ਸ਼ਰਮਸਾਰ ਹੋਇਆ। ਅੱਗੋਂ ਵਾਸਤੇ ਮੈਂ ਐਸਾ ਕਦੀ ਵੀ ਨਹੀਂ ਕਹਾਂਗਾ। ਸਤਿਗੁਰਾਂ ਨੇ ਜਿਵੇਂ ਜੀਵਨ ਦੀਆਂ ਹੋਰ ਭੁੱਲਾਂ ਸੁਧਾਰੀਆਂ ਹਨ, ਮਨੁੱਖ ਨੂੰ ਮਾਨਸ ਤੋਂ ਦੇਵਤਾ ਕਰ ਦਿੱਤਾ ਅਤੇ ਕਰਦਿਆਂ ਕੋਈ ਦੇਰੀ ਵੀ ਨਹੀਂ ਲਗਾਈ।

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ,*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।*

ਆਸਾ ਦੀ ਵਾਰ

ਸਤਿਗੁਰਾਂ ਨੇ ਇਹ ਮਹਾਨ ਕ੍ਰਿਪਾ ਕੀਤੀ ਹੈ ਜਿਹੜਾ ਮਨੁੱਖਤਾ ਨੂੰ ਇਹ ਸਮਝਾ ਦਿਤਾ ਤੇ ਸਮਝਾ ਹੀ ਨਹੀਂ ਦਿਤਾ, ਕਰਕੇ ਵਿਖਾ ਦਿਤਾ ਹੈ ਕਿ ਜੇ ਤੂੰ ਕਿਸੇ ਦੀ ਇਮਦਾਦ ਕੀਤੀ ਹੈ ਤਾਂ ਆਪਣੇ ਵੱਲ ਵੀ ਵੇਖ, ਤੇਰੀ ਕਿੰਨਿਆਂ ਬੰਦਿਆਂ ਨੇ ਸਹਾਇਤਾ ਕੀਤੀ ਹੈ। ਜੇ ਤੂੰ ਕਿਸੇ ਤੇ ਉਪਕਾਰ ਕੀਤਾ ਹੈ ਤਾਂ ਵੇਖ, ਤੇਰੇ ਤੇ ਕਿੰਨਿਆਂ ਬੰਦਿਆਂ ਨੇ ਉਪਕਾਰ ਕੀਤੇ ਹਨ। ਜੋ ਤੂੰ ਵੰਡ ਰਿਹਾ ਹੈਂ ਇਹ ਤੇਰਾ ਆਪਣਾ ਹੈ ਕਿ ਕਿਸੇ ਦਾ ਬਖਸ਼ਿਆ ਹੋਇਆ ਹੈ।

ਜਦੋਂ ਦਸ਼ਮੇਸ਼ ਪਿਤਾ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤਪਾਨ ਕੀਤਾ, ਜਦੋਂ ਮੂੰਹ ਤੋਂ ਖਾਲਸੇ ਦੀ ਮਹਿਮਾ ਕਹੀ ਤਾਂ ਸਿੰਘ ਹੈਰਾਨ ਹੋ ਗਏ ਤੇ ਕਿਹਾ ਕਿ ਪਾਤਸ਼ਾਹ, ਅਸੀਂ ਉਹ ਦੀਵੇ ਹਾਂ ਜੋ ਤੇਰੇ ਤੋਂ ਜਗੇ ਹਾਂ। ਪਰ ਜਗੇ ਤਾਂ ਹੋ, ਅੱਜ ਜਗ ਰਹੇ ਹੋ, ਅੱਜ ਰੌਸ਼ਨੀ ਵਿਚ ਕੋਈ ਫਰਕ ਨਹੀਂ। ਬਾਕੀ ਜੇ ਤੁਸੀਂ ਮੇਰੇ ਤੋਂ ਜਗੇ ਹੋ ਤਾਂ ਮੈਂ ਪ੍ਰਮਾਤਮਾ ਤੋਂ ਜਗਿਆ ਹਾਂ, ਜੋਤ ਤਾਂ ਉਸ ਦੀ ਹੈ। ਤੁਹਾਡੇ ਵਿਚ ਵੀ ਹੈ, ਮੇਰੇ ਵਿਚ ਵੀ ਹੈ।

ਜੇ ਜਗਦਾ ਦੀਵਾ ਵੀ ਜਗਦੇ ਦੀਵੇ ਦਾ ਸਨਮਾਨ ਨਾ ਕਰੇ ਤਾਂ ਫਿਰ ਤਾਂ ਉਸ ਦੀਵੇ ਤੇ ਬੜਾ ਅਫਸੋਸ ਹੋਵੇਗਾ। ਤੁਹਾਨੂੰ ਮੈਂ ਖਾਲਸਾ

ਨਾਮ ਦਿੱਤਾ ਹੈ ਭਾਵ ਇਹ ਹੈ ਕਿ ਤੁਸੀਂ ਮੁਕਤ ਹੋ, ਸ਼ੁੱਧ ਹੋ। ਜੋ ਸ਼ੁੱਧ ਹੈ ਉਹੀ ਸੁਤੰਤਰ ਹੈ, ਮੁਕਤ ਹੈ। ਮੈਲ ਹੀ ਬੰਧਨ ਹੈ। ਤੁਸੀਂ ਸ਼ੁਧ ਹੋ, ਜੇ ਮੈਂ ਸ਼ੁਧ ਖਾਲਸ ਖਾਲਸੇ ਦਾ ਵੀ ਸਨਮਾਨ ਨਾ ਕਰਾਂ ਤਾਂ ਤੁਹਾਡੇ ਨਾਲ ਬੜੀ ਹੀ ਬੇਇਨਸਾਫੀ ਵਾਲੀ ਗੱਲ ਹੋਵੇਗੀ। ਕੀ ਮੈਂ ਕਹਾਂ ਕਿ ਜੋ ਸ਼ੁੱਧ ਤੇ ਖਾਲਸ ਹੈ ਉਹ ਪੂਰਾ ਨਹੀਂ, ਉਹ ਨੀਵਾਂ ਹੈ? ਨਹੀਂ, ਜੋ ਸ਼ੁੱਧ ਹੋ ਗਿਆ, ਜੋ ਖਾਲਸ ਹੋ ਗਿਆ ਉਹ ਤਾਂ ਪੂਰਾ ਹੋ ਗਿਆ ਹੈ, ਉਸ ਦਾ ਅਧੂਰਾਪਨ ਮੁਕ ਗਿਆ ਹੈ, ਉਹ ਤਾਂ ਪ੍ਰਮਾਤਮਾ ਦਾ ਰੂਪ ਹੋ ਗਿਆ ਹੈ। ਮੈਂ ਤਾਂ ਇਨਸਾਫ ਕਰ ਰਿਹਾ ਹਾਂ, ਜੋ ਮੈਨੂੰ ਸੱਚ ਅਨੁਭਵ ਹੋਇਆ ਹੈ, ਮੈਂ ਕਹਿ ਰਿਹਾ ਹਾਂ। ਇਹ ਠੀਕ ਹੈ ਕਿ ਪਿਛੇ ਚੇਲੇ ਨਾਲ ਗੁਰੂ ਨੇ ਬੇਇਨਸਾਫ਼ੀ ਕੀਤੀ ਹੈ ਪਰ ਮੈਂ ਐਸਾ ਨਹੀਂ ਕਰਾਂਗਾ। ਜੋ ਸੱਚ ਹੈ, ਮੈਂ ਤਾਂ ਉਹ ਸਚ ਹੀ ਕਹਿ ਰਿਹਾ ਹਾਂ। ਮੈਂ ਖਾਲਸਾ ਕਿਸ ਨੂੰ ਕਿਹਾ ਹੈ, ਜੋ ਜਾਗਤ ਜੋਤਿ ਪ੍ਰਮਾਤਮਾ ਨੂੰ ਦਿਨ ਰਾਤ ਜਪਦਾ ਹੈ, ਜਿਸਦਾ ਰੂਹਾਨੀਅਤ ਦਾ ਦੀਵਾ ਜਗਿਆ ਹੈ, ਇਕ ਤੋਂ ਬਿਨਾ ਮਨ ਵਿਚ ਦੂਸਰੇ ਦਾ ਖਿਆਲ ਤੱਕ ਨਹੀਂ ਲਿਆਉਂਦਾ। ਜਿਸਦਾ ਮਨ ਪੂਰਨ ਤੌਰ ਤੇ ਪ੍ਰੇਮ ਤੇ ਸ਼ਰਧਾ ਨਾਲ ਸੰਵਰਿਆ ਸਜਿਆ ਹੋਇਆ ਹੈ, ਨਾ ਬਰਤ ਰਖਦਾ ਹੈ, ਨਾ ਕਿਸੇ ਕਬਰ ਮੜ੍ਹੀ ਤੇ ਮਠ ਨੂੰ ਭਾਵ ਸਮਾਧੀ ਨੂੰ ਮੰਨਦਾ ਹੈ, ਭੁਲ ਕੇ ਵੀ ਨਹੀਂ ਮੰਨਦਾ। ਇਕ ਰੱਬ ਦੇ ਪਿਆਰ ਬਿਨਾਂ ਨਾ ਤੀਰਥ ਨਾ ਦਾਨ ਹੋਰ ਦਇਆ ਦੇ ਕਰਮ, ਤਪ ਸਾਧਣੇ, ਅਨੇਕ ਤਰ੍ਹਾਂ ਦੇ ਸੰਜਮ ਕਿਸੇ ਗੱਲ ਨੂੰ ਮਹਾਨਤਾ ਨਹੀਂ ਦਿੰਦਾ। ਉਸ ਵਿਚ ਸੁਭਾਵਕ ਹੀ ਦਇਆ ਹੁੰਦੀ ਹੈ, ਉਪਕਾਰੀ ਜੀਵਨ ਹੁੰਦਾ ਹੈ ਪਰ ਤੀਰਥਾਂ ਤੇ ਦਈਆ ਦਾਨ ਦੀ ਪ੍ਰਦਰਸ਼ਨੀ ਉਸ ਨੂੰ ਚੰਗੀ ਨਹੀਂ ਲੱਗਦੀ। ਪੂਰੇ ਪ੍ਰਮਾਤਮਾ ਦੀ ਜੋਤ ਗੁਰ ਸ਼ਬਦ ਰੂਪੀ ਦੀਵਾ ਜਦੋਂ ਹਿਰਦੇ ਵਿਚ ਜਗਦਾ ਹੈ ਤਾਂ ਹੀ ਖਾਲਸਾ ਪੂਰਨ ਤੌਰ ਤੇ ਸ਼ੁੱਧ ਤੇ ਖਾਲਸ ਜਾਣਿਆ ਜਾਂਦਾ ਹੈ।

*ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾਂ ਮਨ ਨੈਕ ਨਾ ਆਨੈ।*
*ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਠ ਭੂਲ ਨਾ ਮਾਨੈ।*
*ਤੀਰਥਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ।*
*ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਿਖਾਲਸ ਜਾਨੈ।*

ਖਾਲਸੇ ਦੀ ਵਿਆਖਿਆ ਕਰਦਿਆਂ ਹੋਇਆਂ ਹੋਰ ਕਿਹਾ ਹੈ ਕਿ ਖਾਲਸਾ ਉਹ ਹੈ ਜਿਹੜਾ ਨਿੰਦਾ ਤਿਆਗ ਦੇਵੇ, ਨਾ ਕਿਸੇ ਦੀ ਨਿੰਦਾ ਸੁਣੇ ਅਤੇ ਨਾ ਹੀ ਕਿਸੇ ਦੀ ਨਿੰਦਾ ਕਰੇ। ਨਿੰਦਾ ਇਕ ਐਸਾ ਗੰਦ ਹੈ ਜੋ ਸਾਡੀ ਚੇਤਾ-ਸ਼ਕਤੀ ਨੂੰ ਗੰਦਾ ਕਰ ਦੇਂਦਾ ਹੈ। ਗੰਦ ਭਾਵੇਂ ਮੈਂ ਕਿਸੇ ਨੂੰ ਦੇਵਾਂ ਭਾਵੇਂ ਕਿਸੇ ਪਾਸੋਂ ਲਵਾਂ, ਹੱਥ ਤਾਂ ਗੰਦੇ ਹੋ ਹੀ ਜਾਣਗੇ। ਨਿੰਦਾ ਭਾਵੇਂ ਕਿਸੇ ਦੀ ਸੁਣਾਂ, ਭਾਵੇਂ ਕਰਾਂ, ਮਨ ਤੇ ਅਸਰ ਹੋ ਹੀ ਜਾਵੇਗਾ। ਇਸ ਲਈ ਜਿਹੜਾ ਬੰਦਾ ਸ਼ੁੱਧ ਹੈ ਖਾਲਸ ਹੈ ਉਹ ਨਾ ਨਿੰਦਾ ਕਰੇ ਅਤੇ ਨਾ ਹੀ ਨਿੰਦਾ ਸੁਣੇ ਤੇ ਇਸ ਬਿਮਾਰੀ ਤੋਂ ਬਚ ਤਾਂ ਹੀ ਸਕੇਗਾ ਜੇ ਉਹ ਪ੍ਰਮਾਤਮਾ ਦੇ ਨਾਮ ਨਾਲ ਪਿਆਰ ਬਣਾ ਲਵੇ।

ਫਿਰ ਐਸਾ ਖਾਲਸਾ ਨਿਰਭੈ ਹੋਵੇਗਾ ਪਰਉਪਕਾਰ ਵਾਸਤੇ ਅੱਗੇ ਹੋ ਕੇ ਲੜੇਗਾ। ਐਸਾ ਖਾਲਸਾ ਨਾਮ ਦੇ ਪਿਆਰ ਵਿਚ ਲਗਾ ਹੋਵੇਗਾ। ਉਹ ਸਮਾਜ ਵਿਚ ਬੁਰਾਈ ਨਹੀਂ ਫੈਲਣ ਦੇਵੇਗਾ, ਪਰ-ਧਨ ਪਰ-ਤਨ ਵੱਲ ਉਸ ਦੀ ਬੁਰੀ ਦ੍ਰਿਸ਼ਟੀ ਨਹੀਂ ਹੋਵੇਗੀ ਭਾਵ ਨਾ ਤਾਂ ਉਹ ਚੋਰ ਹੋਵੇਗਾ ਅਤੇ ਨਾ ਹੀ ਵਿਭਚਾਰੀ ਹੋਵੇਗਾ।

*ਖਾਲਸਾ ਸੋਇ ਜੁ ਨਿੰਦਾ ਤਯਾਗੈ।*
*ਖਾਲਸਾ ਸੋਇ ਲੜੇ ਹੁਵੈ ਆਗੈ।*
*ਖਾਲਸਾ ਸੋਇ ਪਰ ਦ੍ਰਿਸ਼ਟ ਤਿਆਗੈ।*
*ਖਾਲਸਾ ਸੋਇ ਨਾਮ ਰਤਿ ਲਾਗੈ।*

ਹਰ ਸਿੱਖ ਦਸਮੇਸ਼ ਪਿਤਾ ਦਾ ਧੰਨਵਾਦ ਕਰਦਾ ਹੈ, ਉਨ੍ਹਾਂ ਦੀਆਂ ਦਿੱਤੀਆਂ ਦਾਤਾਂ ਨੂੰ ਯਾਦ ਕਰਦਾ ਹੈ, ਤੇ ਕਹਿੰਦਾ ਹੈ, ਹੇ ਪਾਤਸ਼ਾਹ, ਤੁਸੀਂ ਸਾਨੂੰ ਭੁੱਲਿਆਂ ਨੂੰ ਪ੍ਰਮਾਤਮਾ ਦੇ ਲੜ ਲਾਇਆ ਹੈ, ਅਸੀਂ ਪੈਰਾਂ ਵਿਚ ਰੁਲ ਰਹੇ ਸਾਂ, ਤੁਸੀਂ ਸਾਡੇ ਸਿਰ ਤੇ ਤਾਜ ਰੱਖ ਦਿੱਤਾ ਹੈ। ਤੁਸੀਂ ਭਿਖਾਰੀਆਂ ਨੂੰ ਦਾਨੀ ਬਣਾ ਦਿੱਤਾ ਹੈ। ਅੱਜ ਦੁਨੀਆ ਦੇ ਹਰ ਕੋਨੇ ਵਿਚ ਗਰੀਬ ਤੋਂ ਗਰੀਬ ਸਿੱਖ ਵੀ ਹੋਵੇ ਉਸ ਨੂੰ ਸਰਦਾਰ ਜੀ ਆਖ ਕੇ ਬੁਲਾਇਆ ਜਾਂਦਾ ਹੈ। ਤੁਸੀਂ ਸਾਨੂੰ ਵਿਦਿਆ ਦੀ ਦਾਤ ਬਖਸ਼ੀ, ਤੁਸੀਂ ਸਾਨੂੰ ਧਾਰਮਕ ਵਿਦਿਆ ਦਿੱਤੀ, ਜਿਸ ਵਿਦਿਆ ਤੋਂ ਸਾਨੂੰ ਦੂਰ ਰਖਿਆ

ਗਿਆ ਸੀ, ਤੁਸੀਂ ਸਾਡੇ ਸਾਰੇ ਹੀ ਪਾਪ ਤੇ ਅਵਗੁਣ ਮੁਕਾ ਦਿੱਤੇ ਹਨ, ਤੁਸੀਂ ਸਾਨੂੰ ਮੌਤ ਦੇ ਮੂੰਹ ਵਿਚ ਪਿਆਂ ਨੂੰ ਅੰਮ੍ਰਿਤ ਦੀ ਦਾਤ ਦੇ ਦਿੱਤੀ ਹੈ, ਇਹ ਸਭ ਤੁਹਾਡੀ ਕ੍ਰਿਪਾ ਹੈ। ਪਰ ਹੈਰਾਨੀ ਦੀ ਗੱਲ ਹੈ, ਇਹੀ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਵਾਸਤੇ ਕਹਿੰਦੇ ਹਨ :

*ਯੁਧ ਜਿਤੇ ਇਨਹੀ ਕੇ ਪ੍ਰਸਾਦਿ,*
*ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।।*
*ਅਘ ਓਘ ਟਰੇ ਇਨਹੀ ਕੇ ਪ੍ਰਸਾਦਿ,*
*ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।।*
*ਇਨਹੀ ਕੇ ਪ੍ਰਸਾਦਿ ਸੁ ਵਿਦਿਯਾ ਲਈ,*
*ਇਨਹੀ ਕੀ ਕ੍ਰਿਪਾ ਸਭ ਸ਼ਤ੍ਰੁ ਮਰੇ।।*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,*
*ਨਹੀਂ ਮੋ ਸੇ ਗਰੀਬ ਕਰੋਰ ਪਰੇ।।*

ਇਹ ਵੀ ਕਹਿ ਦਿਤਾ ਹੈ ਕਿ ਪਾਰਬ੍ਰਹਮ ਤੇ ਗੁਰੂ ਨਾਨਕ ਨੂੰ ਸਾਖੀ ਗਵਾਹ ਕਰਕੇ ਮੈਂ ਕਹਿੰਦਾ ਹਾਂ ਕਿ ਮੈਂ ਖਾਲਸੇ ਦੀ ਮਹਿਮਾ ਵਾਸਤੇ ਜੋ ਕਿਹਾ ਹੈ ਇਹ ਮੈਂ ਦਿਲੋਂ ਕਿਹਾ ਹੈ ਤੇ ਸੱਚ ਕਿਹਾ ਹੈ, ਰੰਚਕ ਮਾਤ੍ਰ ਵੀ ਇਸ ਵਿਚ ਝੂਠ ਨਹੀਂ।

*ਯਾਂ ਮਹਿ ਰੰਚ ਨਾ ਮਿਥਿਆ ਭਾਖੀ।।*
*ਪਾਰਬ੍ਰਹਮ ਗੁਰ ਨਾਨਕ ਸਾਖੀ।।*

ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਗੱਲ ਕਿਉਂ ਕਹਿਣੀ ਪਈ ਕਿ ਮੈਂ ਪਾਰਬ੍ਰਹਮ ਤੇ ਗੁਰੂ ਨਾਨਕ ਦੇਵ ਨੂੰ ਗਵਾਹ ਮੰਨ ਕੇ ਇਹ ਗੱਲ ਕਹਿੰਦਾ ਹਾਂ। ਉਨ੍ਹਾਂ ਦੀ ਗੱਲ ਸੁਭਾਵਕ ਹੀ ਸਿੱਖ ਮੰਨਦੇ ਸਨ। ਅਸਲ ਵਿਚ ਇਹ ਗੱਲ ਐਸੀ ਸੀ ਜਿਸ ਨੂੰ ਕੋਈ ਛੇਤੀ ਮੰਨਣ ਲਈ ਤਿਆਰ ਨਹੀਂ ਸੀ। ਗੁਰਮਤਿ ਤੋਂ ਪਹਿਲਾਂ ਕਿਸੇ ਗੁਰੂ ਨੇ ਸਿੱਖ ਨੂੰ ਏਨਾ ਸਨਮਾਨ ਨਹੀਂ ਦਿੱਤਾ। ਫਿਰ ਸਮੂਹਕ ਤੌਰ ਤੇ ਆਪਣੀ ਉਮਤ ਨੂੰ ਇੰਨਾ ਸਨਮਾਨ ਕਿਸੇ ਨਹੀਂ ਦਿੱਤਾ। ਇਹ ਧਾਰਨਾ ਇੰਨੀ ਪੱਕੀ ਸੀ ਕਿ ਕੋਈ ਮੰਨ ਹੀ ਨਹੀਂ ਸੀ ਸਕਦਾ ਕਿ ਸਿੱਖ ਵੀ ਗੁਰੂ ਦਾ ਰੂਪ ਹੋ ਸਕਦਾ ਹੈ। ਸਬੂਤ ਸਾਡੇ ਸਾਹਮਣੇ ਹੈ

ਕਿ ਜਿਹੜੇ ਪਹਿਲਾਂ ਸਿੱਖ ਸਨ ਫਿਰ ਗੁਰੂ ਬਣ ਗਏ ਭਾਈ ਗੁਰਦਾਸ ਜੀ ਨੇ ਬੜਾ ਹੀ ਸੁੰਦਰ ਲਿਖਿਆ ਹੈ ਕਿ :

*ਗੁਰਸਿਖੁ ਸਿਖੁ ਗੁਰ ਦੋਇ ਅਲਖੁ ਲਖਾਇਆ।*
*ਗੁਰ ਦੀਖਿਆ ਲੈ ਸੋਇ ਸਿੱਖ ਸਦਾਇਆ।*
*ਗੁਰ ਸਿੱਖ ਇਕੋ ਹੋਇ ਜੇ ਗੁਰ ਭਾਇਆ।*

ਵਾਰ ੩ ॥ ਪਉੜੀ ੧੧

ਵਾਰ ਤੀਜੀ ਪਉੜੀ ਬਾਰਵੀਂ ਵਿਚ ਫਰਮਾਉਂਦੇ ਹਨ :

*ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ।*
*ਅੰਗਦ ਅਲਖ ਅਭੇਉ ਸਹਿਜ ਸਮੋਇਆ।*
*ਅਮਰਹੁ ਅਮਰ ਸਮੇਉ ਅਲਖ ਅਲੋਇਆ।*
*ਰਾਮ ਨਾਮ ਅਰਿਖੇਉ ਅੰਮ੍ਰਿਤ ਚੋਖਿਆ।*
*ਗੁਰੂ ਅਰਜਨ ਕਰਿ ਸੇਉ ਢੋਐ ਢੋਇਆ।*
*ਗੁਰ ਹਰਿ ਗੋਬਿੰਦ ਅਮੇਉ ਅਮਿਉ ਵਿਲੋਇਆ।*

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਜਿੰਨੇ ਗੁਰੂ ਨੌਂ ਗੁਰੂ ਹੋਏ ਹਨ ਪਹਿਲਾਂ ਸੇਵਕ ਸਨ, ਸਿੱਖ ਸਨ, ਫਿਰ ਗੁਰੂ ਬਣ ਗਏ ਪਰ ਅੱਜ ਇਹ ਹੋਰ ਵੱਡੀ ਬਖਸ਼ਿਸ਼ ਸੀ ਕਿ ਸਮੂਹਕ ਤੌਰ ਤੇ ਖਾਲਸੇ ਨੂੰ ਸਤਿਗੁਰਾਂ ਕਹਿ ਦਿੱਤਾ :

*ਖਾਲਸਾ ਮੇਰੋ ਰੂਪ ਹੈ ਖਾਸ॥*

ਇਹ ਇਕ ਸੱਚ ਹੈ ਜਿਸ ਸੱਚ ਨੂੰ ਚਿਰਾਂ ਤੋਂ ਦਬਾਇਆ ਗਿਆ ਸੀ, ਉਸ ਨੂੰ ਸਤਿਗੁਰਾਂ ਨੇ ਪ੍ਰਗਟ ਕਰ ਦਿੱਤਾ ਹੈ ਕਿ ਗੁਰੂ ਤੇ ਸਿੱਖ ਦੋ ਦੀਵੇ ਹਨ ਜਿਨ੍ਹਾਂ ਦੀ ਜੋਤ ਇਕ ਹੈ। ਉਹ ਜੋਤ ਹੈ ਸ਼ਬਦ ਦੀ। ਗੁਰੂ ਸਾਧਨਾ ਕਰਵਾਉਂਦਾ ਹੈ, ਸਿੱਖ ਸਾਧਨਾ ਕਰਦਾ ਹੈ। ਗੁਰੂ ਦੀਵਾ ਸਿੱਖ ਦੀਵੇ ਨੂੰ ਆਪਣੇ ਤੋਂ ਜਗਾਉਂਦਾ ਹੈ। ਜੇ ਗੁਰੂ ਨਿਰਾ ਰਾਜਨੀਤਕ ਹੈ ਤਾਂ ਸਿੱਖ ਨੂੰ ਕਹੇਗਾ ਤੂੰ ਮੇਰੇ ਬਰਾਬਰ ਕਦੀ ਨਹੀਂ ਹੋ ਸਕਦਾ ਪਰ ਜੇ ਗੁਰੂ ਸੱਚਾ ਹੈ ਧਾਰਮਕ ਹੈ ਤਾਂ ਜ਼ਰੂਰ ਕਹੇਗਾ ਕਿ ਤੂੰ ਮੇਰਾ ਰੂਪ ਹੈਂ :

*ਗੁਰੂ ਸਿਖੁ ਸਿਖੁ ਗੁਰੂ ਹੈ,*
*ਏਕੋ ਗੁਰ ਉਪਦੇਸੁ ਚਲਾਏ।*
*ਰਾਮ ਨਾਮ ਮੰਤੁ ਹਿਰਦੈ ਦੇਵੈ,*
*ਨਾਨਕ ਮਿਲਣ ਸੁਭਾਏ।*

ਆਸਾ ਛੰਤ ਮ: ੪ ਪੰਨਾ ੪੪੪

ਗੁਰੂ ਰਾਮਦਾਸ ਜੀ ਦੇ ਖਿਆਲ ਅਨੁਸਾਰ ਸਿੱਖ ਤੇ ਗੁਰੂ ਦੋਵੇਂ ਇਕ ਰੂਪ ਹਨ ਉਸ ਦਾ ਵੱਡਾ ਕਾਰਨ ਹੈ ਕਿ ਜਿਹੜਾ ਕੰਮ ਸਿੱਖ ਕਰਦਾ ਹੈ ਉਹੀ ਗੁਰੂ ਕਰਦਾ ਹੈ। ਗੁਰੂ ਤੇ ਸਿੱਖ ਦੇ ਕੰਮ ਵਿਚ ਕੋਈ ਫਰਕ ਨਹੀਂ। ਪ੍ਰਮਾਤਮਾ ਦਾ ਨਾਮ ਗੁਰੂ ਪ੍ਰਚਾਰਦਾ ਹੈ, ਸ਼ਬਦ ਨਾਮ ਦਾ ਪ੍ਰਚਾਰ ਸਿੱਖ ਕਰਦਾ ਹੈ। ਸਤਿਗੁਰਾਂ ਨੇ ਸਿੱਖਾਂ ਨੂੰ ਬੜੀ ਵਡਿਆਈ ਦਿੱਤੀ ਸੀ, ਇਥੋਂ ਤਕ ਕਿ ਮੰਜੀਦਾਰ ਸਿੱਖ ਪ੍ਰਚਾਰ ਕਰਦੇ ਸਨ ਤੇ ਸਿੱਖ ਸਜਾਉਂਦੇ ਸਨ। ਉਨ੍ਹਾਂ ਨੂੰ ਸਤਿਗੁਰਾਂ ਨੇ ਇਹ ਅਧਿਕਾਰ ਦੇ ਦਿੱਤਾ ਸੀ ਕਿ ਉਹ ਸਤਿਗੁਰਾਂ ਦਾ ਉਪਦੇਸ਼ ਦ੍ਰਿੜ੍ਹ ਕਰਾ ਕੇ ਦੂਸਰੇ ਨੂੰ ਸਿੱਖ ਸਜਾ ਦੇਂਦੇ ਸਨ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਪੰਜ ਪੰਜ ਸਿੱਖਾਂ ਦੇ ਜਥੇ ਬਣ ਗਏ ਸਨ ਜੋ ਰਲ ਕੇ ਸਿੱਖੀ ਦਾ ਪ੍ਰਚਾਰ ਕਰਦੇ ਸਨ ਤੇ ਸਿੱਖ ਸਜਾਉਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਚਰਨਾਮਤ ਦੀ ਪ੍ਰਥਾ ਨੂੰ ਬੰਦ ਕਰ ਦਿੱਤਾ ਅਤੇ ਉਨ੍ਹਾਂ ਖੰਡੇ ਦਾ ਅੰਮ੍ਰਿਤ ਛਕਾਉਣਾ ਅਰੰਭ ਕਰ ਦਿੱਤਾ ਸੀ, ਪਰ ਛਕਾ ਫਿਰ ਵੀ ਸਿੱਖ ਹੀ ਰਹੇ ਸਨ। ਸਤਿਗੁਰਾਂ ਨੇ ਪੰਜਾਂ ਪਿਆਰਿਆਂ ਨੂੰ ਇਹ ਅਧਿਕਾਰ ਦੇ ਦਿਤਾ ਸੀ, ਉਨ੍ਹਾਂ ਪੰਜਾਂ ਨੂੰ ਸਤਿਗੁਰਾਂ ਨੇ ਰੱਬੀ ਟਕਸਾਲ ਵਿਚ ਘੜਿਆ ਸੀ ਉਹ :

*ਜਤ-ਧੀਰਜ-ਮਤਿ-ਗਿਆਨ-ਭਉ-ਤਪ ਤਾਉ*

ਭਾਵ ਦੀ ਸੱਚੀ ਟਕਸਾਲ ਵਿਚ ਘੜੇ ਹੋਏ ਸੱਚੇ ਸਿੱਖ ਸਨ, ਜਿਨ੍ਹਾਂ ਦੇ ਮੱਥੇ ਤੇ ਗੁਰੂ ਦੀ ਪ੍ਰਵਾਨਗੀ ਦਾ ਨਿਸ਼ਾਨ ਸੀ। ਇਹ ਸ਼ਬਦ ਰੂਪੀ ਨਿਸ਼ਾਨ ਸੀ ਇਹ ਪ੍ਰਵਾਨ ਹੋਏ ਸਿੰਘ ਸਨ। ਸਤਿਗੁਰਾਂ ਨੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ :

*ਹੁਕਾ ਕੁਠਾ ਚਰਸ ਤਮਾਕੂ*
*ਗਾਂਜਾ ਟੋਪੀ ਤਾੜੀ ਖਾਕੂ*
*ਇਨ ਕੀ ਓਰ ਨਾ ਕਬਹੂ ਦੇਖੈ*
*ਰਹਿਤਵਾਨ ਜੋ ਸਿੰਘ ਵਿਸ਼ੇਖੈ*

ਹੋਰ ਕਿਹਾ ਸੀ :

*ਪਰ ਨਾਰੀ, ਜੂਆ, ਅਸਤ ਚੋਰੀ ਮਦਿਰਾ ਜਾਨ॥*
*ਪਾਂਚ ਐਬ ਯੇ ਜਗਤ ਮੇ ਤਜੇ ਸੁ ਸਿੰਘ ਸੁਜਾਨ॥*

ਪਰ-ਤਨ ਗਾਮੀ ਨਹੀਂ ਹੋਣਾ। ਜਿਥੇ ਇਹ ਐਬ ਹੋਵੇਗਾ ਉਨ੍ਹਾਂ ਵਿਅਕਤੀਆਂ ਦੀ ਸੰਗਤ ਸੱਚੀ ਤੇ ਸੁਚੀ ਸੰਗਤ ਨਹੀਂ ਬਣ ਸਕਦੀ। ਜ਼ਰਾ ਆਪ ਹੀ ਅੰਦਾਜ਼ਾ ਲਗਾਈਏ, ਭਾਵੇਂ ਕਿਸੇ ਧਾਰਮਕ ਅਸਥਾਨ ਤੇ ਹੀ ਬੈਠੇ ਹੋਈਏ ਜਿਥੇ ਸਾਰੇ ਇਕ ਦੂਸਰੇ ਨੂੰ ਜਾਣਦੇ ਹੋਣ ਤੇ ਸਾਰੇ ਹੀ ਇਕ ਦੂਸਰੇ ਦੀਆਂ ਇਸਤਰੀਆਂ ਨੂੰ ਬੁਰੀ ਨਜ਼ਰ ਨਾਲ ਵੇਖਣ ਵਾਲੇ ਹੋਣ, ਜੁਆਰੀਏ ਹੋਣ, ਝੂਠ ਬੋਲਣ ਵਾਲੇ ਹੋਣ, ਚੋਰੀ ਕਰਨ ਵਾਲੇ ਹੋਣ, ਸ਼ਰਾਬੀ ਹੋਣ, ਕੀ ਐਸੇ ਬੰਦਿਆਂ ਨੂੰ ਵੇਖ ਕੇ ਇਹ ਸ਼ਰਧਾ ਬਣੇਗੀ ਕਿ ਇਹ ਸੰਗਤ ਮੇਰਾ ਨਿਸਤਾਰਾ ਕਰੇਗੀ। ਐਸੇ ਬੰਦਿਆਂ ਤੇ ਕੋਈ ਸ਼ਰਧਾ ਬਣ ਸਕੇਗੀ। ਜਿਸ ਸਾਧ ਸੰਗਤ ਨੂੰ ਸਿਰ ਝੁਕਾਉਣ ਲਈ ਸਤਿਗੁਰਾਂ ਕਿਹਾ ਹੈ ਕਿ ਉਸ ਸਾਧ ਸੰਗਤ ਦੇ ਇਹ ਗੁਣ ਹਨ। ਉਹ ਕਿੰਨੇ ਗੁਣਾਂ ਨਾਲ ਭਰਪੂਰ ਸੰਗਤ ਹੋਵੇਗੀ ਕਿ ਕੋਈ ਪਾਪੀ ਵੀ ਆਵੇ ਤੇ ਬਖਸ਼ਿਆ ਜਾਵੇਗਾ। ਐਸਾ ਨਹੀਂ ਕਿ ਸੰਗਤ ਹੀ ਸਾਰੀ ਪਾਪੀਆਂ ਦੀ ਹੋਵੇ, ਫਿਰ ਕੌਣ ਕਿਸ ਨੂੰ ਬਖਸ਼ੇਗਾ। ਇਕ ਵਾਰ ਐਸਾ ਹੋਇਆ ਕਿ ਇਕ ਮਹਾਤਮਾ ਨੂੰ ਇਕ ਮਾਤਾ ਨੇ ਕਿਹਾ, ਮਹਾਤਮਾ ਜੀ ਅੱਜ ਪ੍ਰਸ਼ਾਦਾ ਸਾਡੇ ਘਰ ਛਕਣਾ। ਮਹਾਤਮਾ ਨੇ ਪ੍ਰਵਾਨ ਕਰ ਲਿਆ ਤੇ ਕਿਹਾ ਕਿ ਮਾਤਾ ਜੀ ਇਕ ਕ੍ਰਿਪਾ ਕਰਨੀ ਕਿ ਮੇਰੀ ਸਬਜ਼ੀ ਵਿਚ ਪਿਆਜ਼ ਨਾ ਪਾਉਣਾ। ਮਾਤਾ ਨੇ ਕਿਹਾ ਸਤਿ ਬਚਨ, ਪਰ ਜਦੋਂ ਮਹਾਤਮਾ ਪ੍ਰਸ਼ਾਦਾ ਛਕਣ ਲੱਗਾ ਤਾਂ ਪਿਆਜ਼ ਨਜ਼ਰ ਆਏ। ਮਹਾਤਮਾ ਨੇ ਪੁੱਛਿਆ ਕਿ ਮਾਤਾ ਜੀ ਮੈਂ ਤੁਹਾਨੂੰ ਕਿਹਾ ਸੀ ਕਿ ਸਬਜ਼ੀ ਵਿਚ ਪਿਆਜ਼ ਨਾ ਪਾਉਣੇ, ਤੁਸੀਂ ਫਿਰ ਵੀ ਪਿਆਜ਼ ਪਾ ਦਿਤੇ

ਹਨ। ਮਾਤਾ ਬੜੇ ਪਿਆਰ ਨਾਲ ਬੋਲੀ ਕਿ ਨਹੀਂ ਮਹਾਤਮਾ ਜੀ ਮੈਂ ਸਬਜ਼ੀ ਵਿਚ ਪਿਆਜ਼ ਨਹੀਂ ਪਾਏ, ਮੈਂ ਇਹ ਸਬਜ਼ੀ ਹੀ ਪਿਆਜ਼ਾਂ ਦੀ ਬਣਾਈ ਹੈ। ਤੁਹਾਨੂੰ ਭੁਲੇਖਾ ਲੱਗਦਾ ਹੈ, ਮੈਂ ਸਬਜ਼ੀ ਵਿਚ ਪਿਆਜ਼ ਨਹੀਂ ਪਾਏ ਹਨ। ਸੰਗਤ ਦੀ ਜਦੋਂ ਕੋਈ ਐਸੀ ਗੱਲ ਸਾਹਮਣੇ ਆਵੇ ਤਾਂ ਅਨੇਕਾਂ ਸੱਜਣ ਕਹਿੰਦੇ ਹਨ, ਸਾਧ ਸੰਗਤ ਵਿਚ ਬੜੇ ਬੜੇ ਪਾਪੀ ਬਖਸ਼ੇ ਜਾਣਗੇ, ਜੇਕਰ ਬਖਸ਼ਣ ਵਾਲੀ ਸੰਗਤ ਸੰਤਪੁਰਸ਼ਾਂ ਦੀ ਹੋਵੇਗੀ। ਜੇ ਸੰਗਤ ਹੀ ਸਾਰੀ ਪਾਪੀਆਂ ਦੀ ਹੋਵੇ ਤਾਂ ਕੌਣ ਬਖਸ਼ੇਗਾ। ਫਿਰ ਤਾਂ ਸਬਜ਼ੀ ਹੀ ਸਾਰੀ ਪਿਆਜ਼ਾਂ ਦੀ ਹੋਵੇਗੀ, ਵਿਚਾਰਾ ਮਹਾਤਮਾ ਕੀ ਕਰੇਗਾ। ਸੰਗਤ ਤਾਂ ਰਾਮ ਰਾਏ ਦੀ ਵੀ ਸੀ, ਸਤਿਗੁਰਾਂ ਕਿਹਾ ਸੀ ਇਨ੍ਹਾਂ ਦੇ ਮੱਥੇ ਨਹੀਂ ਲਗਣਾ।

ਸਤਿਗੁਰਾਂ ਇਸੇ ਵਾਸਤੇ ਕਿਹਾ ਸੀ, ਮੈਂ ਖਾਲਸੇ ਨੂੰ ਗੁਰੂ ਰੂਪ ਕਹਿ ਰਿਹਾ ਹਾਂ। ਇਹ ਧਰਮੀਆਂ ਦੀ ਸੰਗਤ ਹੋਵੇਗੀ। ਇਹ ਨਿਰਮਲ ਪਵਿੱਤਰ ਬੰਦਿਆਂ ਦੀ ਸੰਗਤ ਹੋਵੇਗੀ। ਇਕ ਵਾਰ ਕੁਝ ਸਿੰਘ ਇਕ ਬੀਬੀ ਨੂੰ ਨਾਲ ਲੈ ਆਏ ਸਨ ਜੋ ਮੁਸਲਮਾਨ ਔਰਤ ਸੀ। ਜਦੋਂ ਸਤਿਗੁਰਾਂ ਨੂੰ ਸਿੱਖਾਂ ਪੁੱਛਿਆ, ਪਾਤਸ਼ਾਹ ਬਦਲੇ ਦੀ ਭਾਵਨਾ ਨਾਲ ਇਸ ਔਰਤ ਨੂੰ ਫੜ ਲਿਆਏ ਹਾਂ, ਪਰ ਕੋਈ ਬੁਰਾ ਕਰਮ ਤਾਂ ਨਹੀਂ ਕਰ ਸਕੇ ਕਿਉਂਕਿ ਤੁਹਾਡੀ ਮਤਿ ਆਗਿਆ ਨਹੀਂ ਸੀ ਦਿੰਦੀ। ਜਿਨ੍ਹਾਂ ਸਾਡੀਆਂ ਧੀਆਂ ਭੈਣਾਂ ਨਾਲ ਇੰਨੀ ਵਧੀਕੀ ਕੀਤੀ ਹੈ ਉਸ ਦਾ ਬਦਲਾ ਲੈਣ ਦਾ ਹੋਰ ਕੀ ਢੰਗ ਹੋ ਸਕਦਾ ਹੈ। ਸਤਿਗੁਰਾਂ ਨੇ ਉਸ ਵੇਲੇ ਕਿਹਾ, ਪਹਿਲਾਂ ਇਕ ਜ਼ੁਲਮ ਸੀ, ਫਿਰ ਦੋ ਹੋ ਜਾਣਗੇ। ਜਿਸ ਨੂੰ ਮਾਧਿਅਮ ਬਣਾ ਕੇ ਬਦਲਾ ਲੈ ਰਹੇ ਹੋ, ਉਸ ਅਬਲਾ ਨੂੰ ਕੀ ਫਾਇਦਾ ਹੋਇਆ ਇਸ ਢੰਗ ਨਾਲ। ਬਦਲੇ ਦਾ ਬਹਾਨਾ ਬਣਾ ਕੇ ਕੋਈ ਵੀ ਕਿਸੇ ਔਰਤ ਤੇ ਜ਼ੁਲਮ ਕਰੇਗਾ ਜਾਂ ਕੁਕਰਮ ਕਰੇਗਾ ਤਾਂ ਉਹ ਸਿੰਘ ਨਹੀਂ ਰਹਿ ਸਕੇਗਾ :

*ਤਬ ਸਿੰਘਨ ਬੂਝੇ ਗੁਨ ਖਾਨੀ।*
*ਸਗਲ ਤੁਰਕ ਭੁਗਵੈ ਹਿੰਦਵਾਨੀ।*
*ਸਿੱਖ ਬਦਲਾ ਲੈ ਭਲਾ ਜਨਾਏ।*
*ਗੁਰ ਸ਼ਾਸਤ੍ਰ ਕਿਉ ਵਰਜ ਹਟਾਏ।*

*ਪੁਨ ਸਤਿਗੁਰ ਬੋਲੇ ਤਿਸ ਬੇਰੇ।*
*ਹਮ ਲੇ ਜਾਨੋ ਪੰਥ ਉਚੇਰੇ।*
*ਨਹੀ ਅਧੋਗਤਾ ਵਿਖੈ ਪਹੁਚਾਵੈਂ।*
*ਯਾਂਤੇ ਕਲਮਲ ਕਰਨ ਹਟਾਵੈਂ।*

ਸਤਿਗੁਰਾਂ ਕਿਹਾ ਇਹ ਸੰਗਤ ਇੰਨੀ ਉਚੀ ਹੋਵੇਗੀ ਕਿ ਇਹ ਵੱਡੇ ਵੱਡੇ ਪਾਪੀਆਂ ਨੂੰ ਮੁਆਫ਼ ਕਰ ਸਕੇਗੀ। ਸਤਿਗੁਰਾਂ ਕਿਹਾ ਮੈਂ ਆਪਣਾ ਕੰਮ ਤੁਹਾਨੂੰ ਸੌਂਪ ਰਿਹਾ ਹਾਂ। ਤੁਸੀ ਮੇਰਾ ਕੰਮ ਕਰਨਾ ਹੈ। ਤੁਹਾਨੂੰ ਵੇਖਕੇ ਤੁਹਾਡੇ ਵਿਚੋਂ ਹੀ ਸੰਸਾਰ ਨੇ ਮੇਰੇ ਦਰਸ਼ਨ ਕਰਨੇ ਹਨ। ਪਿਉ ਤੇ ਪੁੱਤਰ ਦਾ ਕੋਈ ਫਰਕ ਨਹੀਂ ਰਹਿ ਜਾਂਦਾ। ਜਿਵੇਂ ਪੁੱਤਰ ਨੇ ਸਮਾਂ ਪਾ ਕੇ ਪਿਉ ਬਣ ਜਾਣਾ ਹੈ, ਭਾਣੇ ਵਿਚ ਚਲਦਿਆਂ ਇਕ ਦਿਨ ਸਿੱਖ ਨੇ ਗੁਰੂ ਵਿਚ ਅਭੇਦ ਹੋ ਜਾਣਾ ਹੈ। ਸਤਿਗੁਰਾਂ ਨੇ ਨਦੇੜ ਹਜ਼ੂਰ ਸਾਹਿਬ, ਵਿਚ ਇਹ ਬਚਨ ਕਹੇ ਸਨ :

*ਪੂਜਾ ਅਕਾਲ ਪੁਰਖ਼ ਕੀ,*
*ਪਰਚਾ ਗੁਰ ਸ਼ਬਦ ਦਾ,*
*ਦੀਦਾਰ ਖਾਲਸੇ ਕਾ।*

ਇਹ ਇਕ ਸਤ ਹੈ ਕਿ ਬੀਜ ਬਿਰਖ ਬਣ ਕੇ ਆਪਣੇ ਵਰਗੇ ਅਨੇਕਾਂ ਬੀਜ ਪੈਦਾ ਕਰਦਾ ਹੈ। ਸੱਚਾ ਗੁਰੂ ਸੰਗਤ ਵਿਚ ਸ਼ਬਦ ਰੂਪੀ ਬੀਜ ਬੀਜ ਕੇ ਆਪਣੇ ਵਰਗੇ ਅਨੇਕਾਂ ਸਿੱਖ ਪੈਦਾ ਕਰਦਾ ਹੈ।

ਬਾਣੀ ਵਿਚ ਇਤਿਹਾਸ ਵਿਚ ਇਹ ਖਿਆਲ ਮਿਲਦੇ ਹਨ ਕਿ ਗੁਰੂ ਨੇ ਕਿਹਾ ਹੈ ਕਿ ਸਿੱਖ ਮੇਰਾ ਹੀ ਰੂਪ ਹੈ। ਸਿੱਖ ਨੂੰ ਇਹ ਕਹਿ ਦੇਣਾ ਕਿ ਸ਼ੀਸ਼ੇ ਵਿਚੋਂ ਆਪਣਾ ਮੂੰਹ ਵੇਖਣਾ, ਮੇਰੇ ਦਰਸ਼ਨ ਹੋ ਜਾਣਗੇ, ਦਾ ਭਾਵ ਇਹ ਸੀ ਕਿ ਤੇਰੇ ਤੇ ਮੇਰੇ ਵਿਚ ਕੋਈ ਅੰਤਰ ਨਹੀਂ, ਫਰਕ ਨਹੀਂ, ਤੇਰਾ ਚਿਹਰਾ ਮੇਰਾ ਹੀ ਚਿਹਰਾ ਹੈ।

*ਗੁਰੂ ਤੇ ਸਿੱਖ ਦੋ ਦੀਵੇ ਹਨ ਜਿਨ੍ਹਾਂ ਦੀ ਇਕ ਜੋਤ ਹੈ।*

ਗੁਰੂ ਬੇਸ਼ਕ ਕਹਿੰਦੇ ਹਨ ਕਿ ਸਿੱਖ ਮੇਰਾ ਰੂਪ ਹੈ। ਸਿੱਖ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ, ਸਿੱਖ ਦੇ ਦਰਸ਼ਨ ਮੇਰੇ ਦਰਸ਼ਨ ਹਨ।

ਇਹ ਗੁਰੂ ਸਤਿ ਕਹਿ ਰਹੇ ਹਨ, ਪ੍ਰੇਮ ਕਹਿ ਰਹੇ ਹਨ, ਗੁਰੂ ਸਚਿਆਰ ਵੀ ਹਨ, ਅਤੇ ਗੁਰੂ ਦਾ ਸੱਚਿਆਂ ਨਾਲ ਪਿਆਰ ਵੀ ਹੈ। ਐਸਾ ਨਹੀਂ ਕਿ ਗੁਰੂ ਇਹ ਬਚਨ ਸਿਰਫ ਮਮਤਾ ਵੱਸ ਹੋ ਕੇ ਕਹਿ ਰਹੇ ਹਨ, ਨਹੀਂ ਜਦੋਂ ਉਨ੍ਹਾਂ ਨੇ ਕਿਸੇ ਸਿੱਖ ਦੇ ਜੀਵਨ ਵਿਚ ਕੋਈ ਗਲਤੀ ਵੇਖੀ ਹੈ ਤਾਂ ਫੌਰਨ ਤਾੜਨਾ ਵੀ ਕੀਤੀ ਹੈ। ਜੇ ਫਿਰ ਵੀ ਉਹ ਗਲਤੀ ਤੋਂ ਬਾਜ਼ ਨਹੀਂ ਆਇਆ, ਤਾਂ ਉਸ ਨੂੰ ਦਰਬਾਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ। ਕਈ ਸਿੱਖਾਂ ਵਾਸਤੇ ਐਸੇ ਹੁਕਮ ਸਨ ਕਿ ਇਹ ਸਾਡੇ ਮੱਥੇ ਨਾ ਲੱਗਣ ਅਤੇ ਕੋਈ ਸਿੱਖ ਇਨ੍ਹਾਂ ਨੂੰ ਮਥੇ ਨਾ ਲਾਵੇ। ਮਸੰਦਾਂ ਨੂੰ ਸਤਿਗੁਰਾਂ ਨਹੀਂ ਕਿਹਾ ਕਿ ਇਹ ਮੇਰਾ ਰੂਪ ਹਨ। ਉਨ੍ਹਾਂ ਬਾਰੇ ਹੁਕਮ ਸੀ ਕਿ ਇਕ ਪਾਸਿਉਂ ਖੂਨੀ ਹਾਥੀ ਆਵੇ ਅਤੇ ਇਕ ਪਾਸਿਉਂ ਮਸੰਦ ਆਵੇ ਤਾਂ ਮੇਰਾ ਸਿੱਖ ਖੂਨੀ ਹਾਥੀ ਵੱਲ ਚਲਾ ਜਾਵੇ, ਪਰ ਮਸੰਦ ਦੇ ਮੱਥੇ ਨਾ ਲੱਗੇ। ਗੁਰੂ ਕਲਗੀਧਰ ਨੇ ਸੱਚ ਨੂੰ ਸੱਚ ਕਿਹਾ ਹੈ, ਝੂਠ ਨੂੰ ਝੂਠ ਕਿਹਾ ਹੈ। ਉਨ੍ਹਾਂ ਵਿਚ ਮੋਹ ਮਮਤਾ ਬਿਲਕੁਲ ਨਹੀਂ ਸੀ, ਸੱਚ ਸੀ ਅਤੇ ਸੱਚਾ ਪ੍ਰੇਮ ਸੀ। ਉਨ੍ਹਾਂ ਨੇ ਸਿੱਖਾਂ ਨੂੰ ਸੱਚਾ ਪਿਆਰ ਕੀਤਾ ਹੈ। ਜੋਗੀ ਅੱਲਾ ਯਾਰ ਨੇ ਸੱਚ ਹੀ ਕਿਹਾ ਹੈ :

*ਇਨਸਾਫ ਕਰੇ ਦਿਲ ਰਹੇ ਜ਼ਮਾਨਾ ਤੋ ਯਕੀਂ ਹੈ।*
*ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।*
*ਯੇ ਪਿਆਰ ਮੁਰੀਦੋਂ ਕਾ ਯੇ ਸ਼ੱਫਕਤ ਭੀ ਕਹੀਂ ਹੈ।*
*ਭਗਤੀ ਮੇ ਅਰਸ਼ ਗੁਰੂ ਸੰਸਾਰ ਜ਼ਮੀਂ ਹੈ।*
*ਇਕ ਆਂਖ ਸੇ ਬੁਲਬੁਲਾ ਕਿਆ ਬਹਿਰ ਕੋ ਦੇਖੇ।*
*ਸਾਹਿਲ ਕੋ, ਮੰਝਧਾਰ ਕੋ, ਯਾ ਲਹਿਰ ਕੋ ਦੇਖੇ।*

ਗੁਰੂ ਜੇਕਰ ਸਿੱਖ ਬਾਰੇ ਕਹਿੰਦੇ ਹਨ ਕਿ ਗੁਰਸਿੱਖ ਮੇਰਾ ਰੂਪ ਹੈ, ਮੇਰੇ ਵਿਚ ਤੇ ਸਿੱਖ ਵਿਚ, ਮੇਰੇ ਖਾਲਸੇ ਵਿਚ ਕੋਈ ਫਰਕ ਨਹੀਂ, ਕਿਉਂਕਿ ਜੋ ਆਤਮ ਰਸ ਮੈਂ ਜਾਣਿਆ ਹੈ, ਉਹੀ ਆਤਮ ਰਸ ਖਾਲਸੇ ਨੇ ਜਾਣਿਆ ਹੈ। ਐਸੇ ਸਿੱਖ ਵਿਚ, ਮੇਰੇ ਵਿਚ, ਤੇ ਪ੍ਰਮਾਤਮਾ ਵਿਚ, ਕੋਈ ਫਰਕ ਨਹੀਂ ਹੈ :

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।*
*ਪ੍ਰਭ ਮੇ ਮੋ ਮੇ ਤਾਸ ਮੇ ਰੰਚਕ ਨਾਹਨ ਭੇਵ।*

ਗੁਰੂ ਬੇਸ਼ਕ ਵਾਰ ਵਾਰ ਕਹਿਣ ਕਿ ਸਿੱਖ ਮੇਰਾ ਰੂਪ ਹੈ, ਤੇ ਹੈ ਵੀ ਸੱਚ, ਇਹ ਝੂਠ ਨਹੀਂ।

ਪਰ ਸਿੱਖ ਦੇ ਮੂੰਹੋਂ ਕਦੀ ਨਹੀਂ ਨਿਕਲਦਾ ਕਿ ਮੈਂ ਗੁਰੂ ਦਾ ਰੂਪ ਹਾਂ। ਸਿੱਖ ਹਮੇਸ਼ਾ ਕਹਿੰਦਾ ਹੈ ਕਿ ਮੈਂ ਸਤਿਗੁਰੂ ਦਾ ਦਾਸ ਹਾਂ। ਮੈਂ ਸਤਿਗੁਰੂ ਦੀ ਚਰਨ-ਧੂੜ ਹਾਂ :

ਗੁਰੂ ਤੇ ਸਿੱਖ ਦੋ ਦੀਪਕ ਹਨ ਜਿਨ੍ਹਾਂ ਦੀ ਜੋਤ ਇੱਕ ਹੈ। ਗੁਰੂ ਦੀਪਕ ਤੋਂ ਜਗਣ ਕਰਕੇ ਸਿੱਖ ਹਮੇਸ਼ਾ ਗੁਰੂ ਦੇ ਅਦਬ ਵਿਚ ਰਹਿੰਦਾ ਹੈ ਤੇ ਸਤਿਕਾਰ ਵਿਚ ਰਹਿੰਦਾ ਹੈ ਤੇ ਰਸਨਾ ਤੇ ਇਹ ਸ਼ਬਦ ਰਹਿੰਦੇ ਹਨ :

*ਐਸੇ ਗੁਰ ਕਉ ਬਲਿ ਬਲਿ ਜਾਈਐ,*
*ਆਪਿ ਮੁਕਤੁ ਮੋਹਿ ਤਾਰੈ।*

ਸੇਵਕ ਕਹਿੰਦਾ ਹੈ, ਸਾਹਿਬ ਨੂੰ ਸਾਹਿਬੀ ਸੋਭਦੀ ਹੈ, ਸੇਵਕ ਨੂੰ ਸੇਵਕੀ ਵਿਚ ਰਹਿਣਾ ਹੀ ਸ਼ੋਭਾ ਦਿੰਦਾ ਹੈ।

*ਸਾਹਿਬੀ ਬਰ ਸਾਹਿਬੇ, ਜ਼ੇਬਦ ਮਦਾਮ॥*
*ਬੰਦਹ ਰਾ ਦਰ ਬੰਦਗੀ ਬਾਸ਼ਦ ਕਿਆਮ॥*

ਭਾ: ਨੰਦ ਲਾਲ